Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 39 | Friday, February 25, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਯੂਕਰੇਨ ਉਤੇ ਰੂਸੀ ਫੌਜ ਦਾ ਜ਼ੋਰਦਾਰ ਹਮਲਾ, ਧਮਾਕਿਆਂ ਨਾਲ ਸਾਰਾ ਦੇਸ਼ ਹਿੱਲ ਗਿਆ

* ਚੇਨਰੋਬਿਲ ਐਟਮੀ ਪਲਾਂਟ ਉੱਤੇ ਰੂਸੀ ਫੌਜ ਦਾ ਕਬਜ਼ਾ * ਵਲਾਦੀਮੀਰ ਪੁਤਿਨ ਨੇ ਰੂਸੀ ਹਮਲੇ ਦਾ 'ਕਾਰਨ' ਦੱਸਿਆ



ਮਾਸਕੋ, 24 ਫਰਵਰੀ, (ਪੋਸਟ ਬਿਊਰੋ)- ਅੱਜ ਵੀਰਵਾਰ ਨੂੰ ਆਖਰ ਰੂਸੀ ਫੌਜ ਨੇ ਗਵਾਂਢ ਦੇ ਛੋਟੇ ਜਿਹੇ ਦੇਸ਼ ਯੂਕਰੇਨ ਉੱਤੇ ਸਿੱਧਾ ਹਮਲਾ ਕਰ ਦਿੱਤਾ ਹੈ। ਇਹ ਹਮਲਾ ਹੋਣ ਦੇ ਵਕਤ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਉਨ੍ਹਾਂ ਨੇ ਯੂਕਰੇਨ ਵਿੱਚ 'ਵਿਸ਼ੇਸ਼ ਫ਼ੌਜੀ ਕਾਰਵਾਈ' ਸ਼ੁਰੂ ਕਰਨ ਦਾ ਫੈਸਲਾ ਉਸ ਦੇਸ਼ ਨੂੰ ਫੌਜ ਅਤੇ ਨਾਜ਼ੀਆਂ ਤੋਂ ਮੁਕਤ ਕਰਾਉਣ ਲਈ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਮਲੇ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਨਿਆਂ ਦੇ ਘੇਰੇ ਵਿਚ ਲਿਆਉਣਾ ਹੈ, ਜਿਨ੍ਹਾਂ ਨੇ ਰੂਸੀ ਨਾਗਰਿਕਾਂ ਸਮੇਤ ਸ਼ਾਂਤੀ ਪਸੰਦ ਲੋਕਾਂ ਦੇ ਖਿਲਾਫ ਅਣਗਿਣਤ ਅਪਰਾਧ ਕੀਤੇ ਹਨ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਟੈਲੀਵਿਜ਼ਨ ਉੱਤੇ ਆਪਣੇ ਵਿਸ਼ੇਸ਼ ਭਾਸ਼ਣ ਵਿਚ ਕਿਹਾ, 'ਪੀਪਲਜ਼ ਰੀਪਬਲਿਕ ਆਫ ਡੋਨਬਾਸ ਨੇ ਮਦਦ ਦੀ ਗੁਹਾਰ ਲਾਉਂਦੇ ਹੋਏ ਰੂਸ ਨਾਲ ਸੰਪਰਕ ਕੀਤਾ ਸੀ ਤੇ ਮੈਂ ਇੱਕ ਵਿਸ਼ੇਸ਼ ਫ਼ੌਜੀ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ।'

...ਬਾਕੀ ਪੰਨਾ 6 'ਤੇ

# ਯੂਕਰੇਨ ਉਤੇ ਰੂਸ ਵਲੋਂ ਕੀਤੇ ਹਮਲੇ ਦੀ ਟਰੂਡੋ ਨੇ ਕੀਤੀ ਨਿਖੇਧੀ

ਓਟਵਾ, 24 ਫਰਵਰੀ (ਪੋਸਟ ਬਿਊਰੋ) : ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਕੀਤੇ ਜਾਣ ਦੀ ਦੁਨੀਆ ਭਰ ਦੇ ਆਗੂਆਂ ਵੱਲੋਂ ਨੁਕਤਾਚੀਨੀ ਕੀਤੀ ਜਾ ਰਹੀ ਹੈ। ਵੀਰਵਾਰ ਸਵੇਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਸ ਹਮਲੇ ਦੀ ਨਿਖੇਧੀ ਕੀਤੀ।

ਟਰੂਡੋ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਹ ਸਰਾਸਰ ਯੂਕਰੇਨ ਦੀ ਪ੍ਰਭੂਸੱਤਾ ਤੇ ਟੈਰੇਟੋਰੀਅਲ ਅਖੰਡਤਾ ਦੀ ਉਲੰਘਣਾ ਹੈ। ਕੈਨੇਡਾ ਨੇ ਮੰਗ ਕੀਤੀ ਕਿ ਰੂਸ ਨੂੰ ਫਰੀ ਤੌਰ ਉੱਤੇ ਅਜਿਹੀਆਂ ਹਰਕਤਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਤੇ ਆਪਣੀ ਫੌਜ ਨੂੰ ਯੂਕਰੇਨ ਤੋਂ ਵਾਪਿਸ ਸੱਦ ਲੈਣਾ ਚਾਹੀਦਾ ਹੈ। ਯੂਕਰੇਨ ਦੀ ਖੁਦਮੁਖ਼ਤਿਆਰੀ ਦਾ ਆਦਰ ਕਰਨਾ ਚਾਹੀਦਾ ਹੈ ਤੇ ਯੂਕਰੇਨ ਦੇ ਲੋਕਾਂ ਨੂੰ ਵੀ ਆਪਣਾ ਭਵਿੱਖ ਆਪ ਤੈਅ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਰੂਸ ਦੇ ਇਸ ਕਦਮ ਨੂੰ ਉਕਸਾਉਣ ਵਾਲਾ ਤੇ ਨਾਜਾਇਜ਼ ਕਰਾਰ ਦਿੱਤਾ। ਬਾਇਡਨ ਨੇ ਇਹ ਵੀ ਆਖਿਆ ਕਿ ਪੂਰੀ ਦੁਨੀਆਂ ਦੀਆਂ ਪ੍ਰਾਰਥਨਾਵਾਂ ਯੂਕਰੇਨ ਦੇ ਲੋਕਾਂ ਨਾਲ ਹਨ। ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਹ ਕਾਰਵਾਈ ਮਿਲ ਰਹੀਆਂ ਧਮਕੀਆਂ ਦੇ ਏਵਜ ਵਿੱਚ ਕੀਤੀ ਗਈ ਹੈ ਤੇ ਉਸ ਦੇਸ਼ ਉੱਤੇ ਕਬਜਾ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਟਰੂਡੋ ਤੇ ਬਾਇਡਨ ਨੇ ਆਖਿਆ ਕਿ ਉਨ੍ਹਾਂ ਵੱਲੋਂ ਜੀ-7 ਦੇਸ਼ਾਂ ਨਾਲ ਜਲਦ ਹੀ ਮੀਟਿੰਗ ਕੀਤੀ ਜਾਵੇਗੀ ਤੇ ਹਾਲਾਤ ਦਾ ਜਾਇਜ਼ਾ ਲਿਆ ਜਾਵੇਗਾ ਤੇ ਕਿਸੇ ਵੀ ਤਰ੍ਹਾਂ ਦੀ ਪ੍ਰਤੀਕਿਰਿਆ ਲਈ ਨਾਟੋ ਭਾਈਵਾਲਾਂ ਨਾਲ ਵੀ ਤਾਲਮੇਲ ਕੀਤਾ ਜਾਵੇਗਾ।



## ਜੋਅ ਬਾਇਡੇਨ ਨੇ ਕਿਹਾ: ਰੂਸ-ਯੂਕਰੇਨ ਜੰਗ ਵਿੱਚ ਅਮਰੀਕੀ ਫੌਜ ਸ਼ਾਮਲ ਨਹੀਂ ਹੋਵੇਗੀ, ਰੂਸ ਉੱਤੇ ਪਾਬੰਦੀਆਂ ਲਾਵਾਂਗੇ

* ਵਾਸ਼ਿੰਗਟਨ ਦੇ ਦੂਤਘਰ ਵਿੱਚੋਂ ਰੂਸ ਦਾ ਨੰਬਰ ਦੋ ਡਿਪਲੋਮੈਟ ਕੱਢਿਆ

ਵਾਸ਼ਿੰਗਟਨ, 24 ਫਰਵਰੀ, (ਪੋਸਟ ਬਿਊਰੋ)- ਯੂਕਰੇਨ ਉੱਤੇ ਅੱਜ ਰੂਸੀ ਫੌਜ ਵੱਲੋਂ ਹਮਲਾ ਹੋਣ ਦੇ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਕਿਹਾ ਕਿ ਕਈ ਹਫ਼ਤਿਆਂ ਤੋਂ ਅਸੀਂ ਜੋ ਚਿਤਾਵਨੀ ਦੇ ਰਹੇ ਸੀ, ਉਹੀ ਹੋਇਆ ਹੈ। ਉਨ੍ਹਾਂ ਕਿਹਾ ਕਿ 'ਯੂਕਰੇਨ ਉੱਤੇ ਬਿਨਾਂ ਸਬੂਤ ਬੇਬੁਨਿਆਦ ਦੋਸ਼ ਲਾਏ ਗਏ ਅਤੇ ਰੂਸ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਹੋਵੇਗਾ। ਦੁਨੀਆ ਦੇ ਬਹੁਤੇ ਦੇਸ਼ ਰੂਸ ਦੇ ਵਿਰੁੱਧ ਹਨ।'



ਜੋਅ ਬਾਇਡੇਨ ਨੇ ਕਿਹਾ ਕਿ ਅਸੀਂ ਰੂਸ ਦੀ ਕਾਰੋਬਾਰ ਦੀ ਸਮਰਥਾ ਰੋਕਾਂਗੇ। ਉਨ੍ਹਾਂ ਕਿਹਾ ਕਿ ਰੂਸ ਤੋਂ ਆਉਂਦਾ ਮਾਲ ਅੱਧੇ ਤੋਂ ਵੀ ਘੱਟ ਕਰ ਦੇਣਗੇ ਅਤੇ ਅਮਰੀਕਾ ਤੇ ਯੂਰਪੀਨ ਯੂਨੀਅਨ ਨਾਲ ਰੂਸ ਵਪਾਰ ਨਹੀਂ ਕਰ ਸਕੇਗਾ ਅਤੇ ਅੱਜ ਅਸੀਂ ਰੂਸ ਦੇ ਚਾਰ ਹੋਰ ਬੈਂਕਾਂ ਉੱਤੇ ਪਾਬੰਦੀ ਲਾ ਰਹੇ ਹਾਂ। ਬਾਇਡੇਨ ਨੇ ਕਿਹਾ ਕਿ ਜੀ-7 ਦੇਸ਼ ਮਿਲ ਕੇ ਰੂਸ ਨੂੰ ਇਸ ਹਮਲੇ ਪਿੱਛੋਂ ਸਾਂਝਾ ਡਿਪਲੋਮੈਟਿਕ ਜਵਾਬ ਦੇਣਗੇ।

...ਬਾਕੀ ਪੰਨਾ 6 'ਤੇ

## ਰੂਸ ਖਿਲਾਫ ਕੈਨੇਡਾ ਨੇ ਐਲਾਨੀਆਂ ਨਵੀਆਂ ਪਾਬੰਦੀਆਂ

ਓਟਵਾ, 24 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂਕਰੇਨ ਉੱਤੇ ਕੀਤੇ ਗਏ ਹਮਲੇ ਦੇ ਸਬੰਧ ਵਿੱਚ ਰੂਸ ਖਿਲਾਫ ਨਵੀਂਆਂ ਪਾਬੰਦੀਆਂ ਦਾ ਐਲਾਨ ਕੀਤਾ। ਇਨ੍ਹਾਂ ਤਹਿਤ 58 ਵਿਅਕਤੀਆਂ ਖਿਲਾਫ ਤੇ ਅਦਾਰਿਆਂ ਉੱਤੇ ਵਿੱਤੀ ਪਾਬੰਦੀਆਂ ਲਾਉਣ ਦੇ ਨਾਲ ਨਾਲ ਐਕਸਪਰਟ ਪਰਮਿਟਸ ਉੱਤੇ ਵੀ ਰੋਕ ਲਾਈ ਗਈ ਹੈ।



ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਵੀਰਵਾਰ ਸਵੇਰੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨਾਲ ਗੱਲ ਕੀਤੀ ਗਈ ਸੀ ਤੇ ਜੀ-7 ਮੀਟਿੰਗ ਦੌਰਾਨ ਇਸ ਗੱਲ ਉੱਤੇ ਸਹਿਮਤੀ ਬਣੀ ਕਿ ਰੂਸ ਦੀ ਅਜਿਹੀ ਕਾਰਵਾਈ ਦੀ ਸਜ਼ਾ ਦਿੱਤੀ ਜਾਣੀ ਬਣਦੀ ਹੈ। ...ਬਾਕੀ ਪੰਨਾ 6 'ਤੇ



ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਵਲੋਂ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਬੀਤੇ ਦਿਨੀਂ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਕੈਨੇਡਾ ਦੇ ਟਾਰਾਂਟੋ ਸ਼ਹਿਰ ਦੇ ਪਾਪੂਲਰ ਰੇਡੀਓ 'ਪੰਜਾਬੀ ਲਹਿਰਾਂ' ਦੇ ਬਾਨੀ, ਸ੍ਰੋਮਣੀ ਕਵੀਸ਼ਰ ਸਰਦਾਰ ਰਣਜੀਤ ਸਿੰਘ ਸਿੱਧਵਾਂ ਦੇ ਸਪੁੱਤਰ ਸਰਦਾਰ ਸਤਿੰਦਰਪਾਲ ਸਿੰਘ ਸਿੱਧਵਾਂ ਦਾ ਖ਼ੂਬਸੂਰਤ ਫੁਲਕਾਰੀ ਇਕਵੰਜਾ ਹਜ਼ਾਰ ਰੁਪਏ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਾਸਾਰ ਵਿਚ ਪਾਏ ਯੋਗਦਾਨ ਲਈ ਦਿੱਤਾ ਗਿਆ ਹੈ। ....ਪੂਰੀ ਜਾਣਕਾਰੀ ਪੰਨਾ 4 'ਤੇ ਪੜ੍ਹੋ

## ਅੰਦਰ ਇਹ ਵੀ ਪੜ੍ਹੋ

ਇੱਕੋ ਵੇਲੇ ਸਕੂਲਾਂ ਤੇ ਪਬਲਿਕ ਥਾਂਵਾਂ ਤੋਂ ਹਟਾਏ ਜਾਣਗੇ ਮਾਸਕ ਸਬੰਧੀ ਨਿਯਮ : ਮੂਰ

ਪੰਨਾ 03
ਯੂਕਰੇਨ ਸੰਕਟ ਉੱਤੇ ਨਰਿੰਦਰ ਮੋਦੀ ਦੀ ਪੁਤਿਨ ਨਾਲ ਗੱਲਬਾਤ

ਪੰਨਾ 05

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5N 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਇੱਕੋ ਵੇਲੇ ਸਕੂਲਾਂ ਤੇ ਪਬਲਿਕ ਥਾਂਵਾਂ ਤੋਂ ਹਟਾਏ ਜਾਣਗੇ ਮਾਸਕ ਸਬੰਧੀ ਨਿਯਮ : ਮੂਰ



ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਹਾਲ ਦੀ ਘੜੀ ਓਨਟਾਰੀਓ ਵਿੱਚ ਮਾਸਕ ਪਾਉਣ ਦਾ ਨਿਯਮ ਜਾਰੀ ਰੱਖਿਆ ਜਾਵੇਗਾ ਪਰ ਜਦੋਂ ਇਸ ਨੂੰ ਪਬਲਿਕ ਸੈਟਿੰਗਜ਼ ਵਿੱਚੋਂ ਹਟਾਇਆ ਜਾਵੇਗਾ ਤਾਂ ਉਸੇ ਵੇਲੇ ਇਸ ਨੂੰ ਸਕੂਲਾਂ ਤੋਂ ਵੀ ਖ਼ਤਮ ਕਰ ਦਿੱਤਾ ਜਾਵੇਗਾ। ਇਹ ਜਾਣਕਾਰੀ ਵੀਰਵਾਰ ਨੂੰ ਪ੍ਰੋਵਿੰਸ ਦੇ ਉੱਘੇ ਡਾਕਟਰ ਨੇ ਦਿੱਤੀ।

ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਆਖਿਆ ਕਿ ਹਾਈ ਰਿਸਕ ਸੈਟਿੰਗਜ਼ ਜਿਵੇਂ ਕਿ ਪਬਲਿਕ ਟਰਾਂਜ਼ਿਟ, ਲਾਂਗ ਟਰਮ ਕੇਅਰ ਤੇ ਹਸਪਤਾਲਾਂ ਵਿੱਚ ਮਾਸਕ ਸਬੰਧੀ ਨੀਤੀਆਂ ਉਸ ਸਮੇਂ ਵੀ ਜਾਰੀ ਰਹਿਣਗੀਆਂ ਜਦੋਂ ਹੋਰਨਾਂ ਪਬਲਿਕ ਥਾਂਵਾਂ ਤੋਂ ਇਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਪਰ ਮੂਰ ਨੇ ਆਖਿਆ ਕਿ ਸਕੂਲ ਬੋਰਡਜ਼, ਮਾਪਿਆਂ ਤੇ ਮੰਤਰਾਲਿਆਂ ਨਾਲ ਰਲ ਕੇ ਉਹ ਇਸ ਮਾਮਲੇ ਵਿੱਚ ਫੈਸਲਾ ਕਰਨਗੇ।

ਮੂਰ ਨੇ ਇਹ ਵੀ ਆਖਿਆ ਕਿ ਜਿਨ੍ਹਾਂ ਲੋਕਾਂ ਨੂੰ ਕੋਵਿਡ-19 ਸਬੰਧੀ ਲੱਛਣ ਹਨ ਉਨ੍ਹਾਂ ਬਾਰੇ ਤੇ ਉਨ੍ਹਾਂ ਦੇ ਘਰ ਦੇ ਮੈਂਬਰਾਂ ਨੂੰ ਕਿੰਨੀ ਦੇਰ ਲਈ ਆਈਸੋਲੇਟ ਕੀਤਾ ਜਾਣਾ ਹੈ ਇਸ ਬਾਰੇ ਵੀ ਉਹ ਸਥਿਤੀ ਦਾ ਮੁਲਾਂਕਣ ਕਰ ਰਹੇ ਹਨ। ਇਸ ਤੋਂ ਪਹਿਲਾਂ ਪਹਿਲੀ ਮਾਰਚ ਤੋਂ ਮੂਰ ਨੇ ਕੰਮ ਵਾਲੀਆਂ ਥਾਂਵਾਂ ਉੱਤੇ ਕੋਵਿਡ-19 ਵੈਕਸੀਨੇਸ਼ਨ ਨੀਤੀਆਂ ਖ਼ਤਮ ਕਰਨ ਦੀ ਗੱਲ ਆਖੀ ਸੀ। ਪਰ ਵੀਰਵਾਰ ਨੂੰ ਉਨ੍ਹਾਂ ਆਖਿਆ ਕਿ ਉਹ ਕਈ ਸੈਕਟਰਜ਼ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ ਤੇ ਇਨ੍ਹਾਂ ਨੀਤੀਆਂ ਨੂੰ ਖ਼ਤਮ ਕਰਨ ਵਿੱਚ ਦੇਰ ਹੋ ਸਕਦੀ ਹੈ। ਹਾਲਾਂਕਿ ਹੈਲਥ ਕੇਅਰ ਵਰਕਰਜ਼ ਲਈ ਪ੍ਰੋਵਿੰਸ ਵੱਲੋਂ ਜਾਰੀ ਦਿਸ਼ਾ ਨਿਰਦੇਸ਼ ਹਟਾ ਲਏ ਜਾਣਗੇ ਪਰ ਮੂਰ ਨੇ ਆਖਿਆ ਕਿ ਉਹ ਇਹ ਸਿਫਾਰਿਸ਼ ਕਰਦੇ ਹਨ ਕਿ ਕਮਜ਼ੋਰ ਲੋਕਾਂ ਨੂੰ ਕੇਅਰ ਮੁਹੱਈਆ ਕਰਵਾਉਣ ਵਾਲੇ ਦਾ ਪੂਰਾ ਟੀਕਾਕਰਣ ਹੋਇਆ ਹੋਵੇ ਤੇ ਨਵੇਂ ਹਾਇਰ ਕੀਤੇ ਜਾਣ ਵਾਲੇ ਵਿਅਕਤੀਆਂ ਲਈ ਹੈਲਥਕੇਅਰ ਫੈਸਿਲਿਟੀਜ਼ ਇਨ੍ਹਾਂ ਨੀਤੀਆਂ ਦੀ ਪਾਲਣਾ ਕਰਨ। ਇਸ ਦੌਰਾਨ ਵੀਰਵਾਰ ਨੂੰ ਹੈਲਥ ਕੈਨੇਡਾ ਵੱਲੋਂ ਕੈਨੇਡਾ ਵਿੱਚ ਹੀ ਤਿਆਰ ਕੀਤੀ ਗਈ ਵੈਕਸੀਨ ਨੂੰ ਮਨਜ਼ੂਰੀ ਦਿੱਤੀ ਗਈ। ਇਹ ਵੈਕਸੀਨ ਪੌਦਿਆਂ ਉੱਤੇ ਅਧਾਰਿਤ ਤਕਨਾਲੋਜੀ ਨਾਲ ਮੈਡੀਕਾਗੋ ਵੱਲੋਂ ਤਿਆਰ ਕੀਤੀ ਗਈ ਹੈ ਪਰ ਮੂਰ ਨੇ ਆਖਿਆ ਕਿ ਮਈ ਤੇ ਜੂਨ ਤੱਕ ਓਨਟਾਰੀਓ ਨੂੰ ਇਸ ਦੀਆਂ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਮੂਰ ਨੇ ਆਖਿਆ ਕਿ ਇੱਕ ਹੋਰ ਵੈਕਸੀਨ ਨੋਵਾਵੈਕਸ, ਜਿਹੜੀ ਗੈਰ ਐਮਆਰਐਨਏ ਵੈਕਸੀਨ ਹੈ, ਜਿਸ ਦੀ ਮਨਜ਼ੂਰੀ ਪਿਛਲੇ ਹਫਤੇ ਦਿੱਤੀ ਗਈ, ਮਾਰਚ ਦੇ ਮੱਧ ਤੱਕ ਓਨਟਾਰੀਓ ਵਿੱਚ ਹਾਸਲ ਹੋ ਜਾਵੇਗੀ।

# ਟਰੂਡੋ ਨੇ ਐਮਰਜੰਸੀ ਐਕਟ ਰੱਦ ਕਰਨ ਦਾ ਕੀਤਾ ਐਲਾਨ



ਓਟਵਾ, 24 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਟਰੱਕਰ ਕੌਨਵੌਏ ਤੇ ਮੁਜ਼ਾਹਰਿਆਂ ਦਰਮਿਆਨ ਇੱਕ ਹਫਤੇ ਪਹਿਲਾਂ ਹੀ ਜਿਸ ਐਮਰਜੰਸੀ ਐਕਟ ਨੂੰ ਫੈਡਰਲ ਸਰਕਾਰ ਵੱਲੋਂ ਲਾਗੂ ਕੀਤਾ ਗਿਆ ਸੀ, ਉਸ ਦੀ ਵਰਤੋਂ ਬੰਦ ਕੀਤੀ ਜਾਵੇਗੀ।

ਟਰੂਡੋ ਨੇ ਇਹ ਐਲਾਨ ਬੁੱਧਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਫਾਇਨਾਂਸ ਮੰਤਰੀ ਕ੍ਰਿਸਟੀਆ ਫਰੀਲੈਂਡ, ਜਸਟਿਸ ਮੰਤਰੀ ਡੇਵਿਡ ਲਾਮੇਟੀ, ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਦੀ ਮੌਜੂਦਗੀ ਵਿੱਚ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਨੇ ਆਖਿਆ ਕਿ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਅਸੀਂ ਇਸ ਨਤੀਜੇ ਉੱਤੇ ਪਹੁੰਚੇ ਹਾਂ ਕਿ ਹਾਲਾਤ ਐਮਰਜੰਸੀ ਵਾਲੇ ਨਹੀਂ ਰਹੇ। ਇਸ ਲਈ ਫੈਡਰਲ ਸਰਕਾਰ ਐਮਰਜੰਸੀ ਐਕਟ ਦੀ ਵਰਤੋਂ ਖ਼ਤਮ ਕਰਨ ਜਾ ਰਹੀ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਸਾਨੂੰ ਘਰ ਵਿੱਚ ਤੇ ਦੁਨੀਆ ਭਰ ਵਿੱਚ ਜਮਹੂਰੀਅਤ ਦੀ ਰਾਖੀ ਕਰਨੀ ਚਾਹੀਦੀ ਹੈ ਤੇ ਇਸ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਹਾਊਸ ਆਫ ਕਾਮਨਜ਼ ਵੱਲੋਂ ਸੋਮਵਾਰ ਨੂੰ ਸੀਮਤ ਐਮਰਜੰਸੀ ਸ਼ਕਤੀਆਂ ਦੀ ਪੁਸ਼ਟੀ ਲਈ ਮਤਾ ਪਾਸ ਕੀਤਾ ਗਿਆ ਸੀ। ਇਨ੍ਹਾਂ ਵਿੱਚ ਕੌਨਵੌਏ ਦੀ ਫੰਡਿੰਗ ਵਿੱਚ ਕਟੌਤੀ ਲਈ ਵਿੱਤੀ ਟੂਲਜ਼ ਵੀ ਸ਼ਾਮਲ ਸਨ। ਜੇ ਇਸ ਨੂੰ ਖ਼ਤਮ ਨਾ ਕੀਤਾ ਜਾਂਦਾ ਤਾਂ 30 ਦਿਨਾਂ ਬਾਅਦ ਇਸ ਨੇ ਆਪਣੇ ਆਪ ਹੀ ਖ਼ਤਮ ਹੋ ਜਾਣਾ ਸੀ।

# ਓਨਟਾਰੀਓ ਨੇ ਹਟਾਈ ਸਟੇਟ ਆਫ ਐਮਰਜੰਸੀ

ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਟਰੱਕਰ ਕੌਨਵੌਏ ਦੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਲਈ ਲਿਆਂਦੀ ਗਈ ਸਟੇਟ ਆਫ ਐਮਰਜੰਸੀ ਓਨਟਾਰੀਓ ਵੱਲੋਂ ਹਟਾਈ ਜਾ ਰਹੀ ਹੈ। ਬੁੱਧਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਦੀ ਤਰਜ਼ਮਾਨ ਇਵਾਨਾ ਯੈਲਿਚ ਨੇ ਆਖਿਆ ਕਿ ਫੈਡਰਲ ਸਰਕਾਰ ਦੀ ਤਰਜ਼ ਉੱਤੇ ਓਨਟਾਰੀਓ ਵੀ ਅੱਜ ਸ਼ਾਮ 5:00 ਵਜੇ ਤੱਕ ਆਪਣੀ ਸਟੇਟ ਆਫ ਐਮਰਜੰਸੀ ਖ਼ਤਮ ਕਰ ਦੇਵੇਗਾ। ਇਹ ਵੀ ਆਖਿਆ ਗਿਆ ਕਿ ਪੁਲਿਸ ਨੂੰ ਮੁਹੱਈਆ ਕਰਵਾਏ ਗਏ ਐਮਰਜੰਸੀ ਟੂਲਜ਼ ਨੂੰ ਹਾਲ ਦੀ ਘੜੀ ਬਰਕਰਾਰ ਰੱਖਿਆ ਜਾਵੇਗਾ ਤਾਂ ਕਿ ਕਿਸੇ ਵੀ ਅਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਪੁਲਿਸ ਕਾਇਮ ਰਹੇ। ਅਜੇ ਦੋ ਹਫਤੇ ਪਹਿਲਾਂ ਹੀ ਫੋਰਡ ਵੱਲੋਂ ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਐਲਾਨੀ ਗਈ ਸੀ। ਅਜਿਹਾ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਕੀਤਾ ਗਿਆ ਸੀ। ਟਰੱਕਰਜ਼ ਕੌਨਵੌਏ ਵੱਲੋਂ ਵਸਤਾਂ, ਲੋਕਾਂ ਤੇ ਸੇਵਾਵਾਂ ਵਿੱਚ ਵਿਘਣ ਪਾਉਣ ਵਾਲਿਆਂ ਖਿਲਾਫ ਸਖ਼ਤੀ ਕਰਨ ਵਾਸਤੇ ਅਜਿਹਾ ਕੀਤਾ ਗਿਆ ਸੀ। ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਲਈ 100,000 ਡਾਲਰ ਤੱਕ ਦਾ ਜੁਰਮਾਨਾ ਤੇ ਇੱਕ ਸਾਲ ਦੀ ਸਜ਼ਾ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

ਯੈਲਿਚ ਨੇ ਆਖਿਆ ਕਿ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਵਿੱਚ ਮਦਦ ਕਰਨ ਵਾਲੇ ਫਰੰਟਲਾਈਨ ਅਧਿਕਾਰੀਆਂ ਤੇ ਫਰਸਟ ਰਿਸਪਾਂਡਰਜ਼ ਦੇ ਉਹ ਧੰਨਵਾਦੀ ਹਨ ਜਿਨ੍ਹਾਂ ਨੇ ਓਟਵਾ, ਵਿੰਡਸਰ ਤੇ ਪ੍ਰੋਵਿੰਸ ਦੇ ਹੋਰਨਾਂ ਹਿੱਸਿਆਂ ਵਿੱਚ ਹਾਲਾਤ ਉੱਤੇ ਕਾਬੂ ਪਾਉਣ ਵਿੱਚ ਮਦਦ ਕੀਤੀ।

# ਫੋਰਡ ਸਰਕਾਰ ਨੇ ਬਜਟ ਦੀ ਡੈੱਡਲਾਈਨ ਅੱਗੇ ਪਾਈ



ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਇੱਕ ਵਾਰੀ ਕੀਤੀ ਜਾਣ ਵਾਲੀ ਸੋਧ ਲਿਆਂਦੀ ਗਈ ਹੈ ਜਿਸ ਨਾਲ ਓਨਟਾਰੀਓ ਦਾ ਬਜਟ ਪੇਸ਼ ਕਰਨ ਲਈ ਮਿਥੀ ਗਈ ਡੈੱਡਲਾਈਨ ਅੱਗੇ ਪਾਉਣ ਵਿੱਚ ਮਦਦ ਮਿਲੇਗੀ।

ਖਰਚਿਆਂ ਸਬੰਧੀ ਯੋਜਨਾ ਮਾਰਚ ਦੇ ਅੰਤ ਤੱਕ ਲਿਆਉਣ ਦੀ ਸੰਭਾਵਨਾ ਸੀ ਪਰ ਮੰਗਲਵਾਰ ਨੂੰ ਕੀਤੀ ਗਈ ਸੋਧ ਰਾਹੀਂ ਇਹ ਡੈੱਡਲਾਈਨ 30 ਅਪਰੈਲ ਤੱਕ ਵਧਾ ਦਿੱਤੀ ਗਈ ਹੈ। ਸਰਕਾਰ ਦੇ ਹਾਊਸ ਲੀਡਰ ਪਾਲ ਕਲੈਂਡਰਾਂ ਨੇ ਆਖਿਆ ਕਿ ਇਹ ਦੇਰ ਇਸ ਲਈ ਜ਼ਰੂਰੀ ਸੀ ਕਿ ਸਰਕਾਰ ਕੋਲ ਬਿਲਕੁਲ ਤਾਜ਼ਾ ਆਰਥਿਕ ਫੋਰਕਾਸਟ ਹੋਵੇ।

ਜ਼ਿਕਰਯੋਗ ਹੈ ਕਿ 2019 ਵਿੱਚ ਫੋਰਡ ਸਰਕਾਰ ਨੇ ਇਹ ਕਾਨੂੰਨ ਲਿਆਂਦਾ ਸੀ ਕਿ ਭਵਿੱਖ ਦੀਆਂ ਸਾਰੀਆਂ ਸਰਕਾਰਾਂ ਨੂੰ ਮਾਰਚ ਦੇ ਅੰਤ ਤੋਂ ਪਹਿਲਾਂ ਬਜਟ ਪੇਸ਼ ਕਰਨਾ ਹੋਵੇਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਉੱਤੇ ਪ੍ਰੀਮੀਅਰ ਤੇ ਵਿੱਤ ਮੰਤਰੀ ਨੂੰ ਜੁਰਮਾਨਾ ਹੋ ਸਕੇਗਾ।

ਬੁੱਧਵਾਰ ਨੂੰ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਫੋਰਡ ਨੂੰ ਸਗੋਂ ਪਹਿਲਾਂ ਬਜਟ ਲਿਆਉਣਾ ਚਾਹੀਦਾ ਸੀ ਜਦਕਿ ਉਹ ਆਪਣੇ ਸਿਆਸੀ ਲਾਹਿਆਂ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ।

# ਗੈਸ ਦੀਆਂ ਕੀਮਤਾਂ ਵਿੱਚ ਕਟੌਤੀ ਬਾਰੇ ਫੋਰਡ ਚੁੱਪ

ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ 2018 ਵਿੱਚ ਕੀਤੇ ਗਏ ਚੋਣ ਵਾਅਦਿਆਂ ਵਿੱਚ ਗੈਸ ਦੀਆਂ ਕੀਮਤਾਂ 10 ਸੈਂਟ ਪ੍ਰਤੀ ਲੀਟਰ ਘਟਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਪ੍ਰੀਮੀਅਰ ਵੱਲੋਂ ਇਹ ਵਾਅਦਾ ਵਫਾ ਨਹੀਂ ਕੀਤਾ ਗਿਆ। ਲੱਗਭਗ ਚਾਰ ਸਾਲ ਬਾਅਦ ਵੀ ਫੋਰਡ ਨੇ ਮੰਗਲਵਾਰ ਨੂੰ ਇਸ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਆਖਿਆ ਕਿ ਇਸ ਬਾਰੇ ਉਹ ਵਿਚਾਰ ਕਰਨਗੇ। ਕੀਮਤਾਂ ਵਿੱਚ ਕਮੀ ਲਿਆਉਣ ਲਈ 4.3 ਫੀ ਸਦੀ ਦੀ ਕਟੌਤੀ ਫੋਰਡ ਵੱਲੋਂ ਕੈਪ ਐਂਡ ਟਰੇਡ ਸਿਸਟਮ ਨੂੰ ਖ਼ਤਮ ਕਰਕੇ ਕਰ ਦਿੱਤੀ ਗਈ ਸੀ ਪਰ ਇਸ ਕਾਰਨ ਫੈਡਰਲ ਕਾਰਬਨ ਟੈਕਸ ਦਾ ਜੱਬ੍ਹ ਪੈ ਗਿਆ ਤੇ 4.3 ਫੀ ਸਦੀ ਦੀ ਇਹ ਕਟੌਤੀ ਵੀ ਕਿਸੇ ਕੰਮ ਨਹੀਂ ਆਈ।

ਫੋਰਡ ਨੇ ਪਿਛਲੇ ਸਾਲ ਨਵੰਬਰ ਵਿੱਚ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੇ ਚੋਣ ਕਰਾਰ ਨੂੰ ਪੂਰਾ ਕਰਨ ਲਈ ਅਗਲੇ ਬਜਟ ਤੋਂ ਪਹਿਲਾਂ ਪੈਟਰੋਲ ਦੀਆਂ ਕੀਮਤਾਂ ਵਿੱਚ 5.7 ਸੈਂਟ ਦੀ ਹੋਰ ਕਟੌਤੀ ਕਰਨਗੇ। ਇਹ ਬਜਟ ਆਉਣ ਵਾਲੇ ਹਫਤਿਆਂ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਲਿਹਾਜ ਨਾਲ ਹੀ ਜਦੋਂ ਫੋਰਡ ਤੋਂ ਇਹ ਪੁੱਛਿਆ ਗਿਆ ਕਿ ਪ੍ਰੋਵਿੰਸ਼ੀਅਲ ਗੈਸ ਟੈਕਸ ਵਿੱਚ ਸਥਾਨਕ ਵਾਸੀ ਕਦੋਂ ਤੱਕ ਕਟੌਤੀ ਦੀ ਉਮੀਦ ਕਰ ਸਕਦੇ ਹਨ ਤਾਂ ਉਨ੍ਹਾਂ ਆਖਿਆ ਕਿ ਸਾਨੂੰ ਇਸ ਬਾਰੇ ਫੈਡਰਲ ਸਰਕਾਰ ਨਾਲ ਰਲ ਕੇ ਵਿਚਾਰ ਕਰਨਾ ਹੋਵੇਗਾ। ਫੋਰਡ ਨੇ ਆਖਿਆ ਕਿ ਇਸ ਬਾਰੇ ਪ੍ਰਧਾਨ ਮੰਤਰੀ ਨੂੰ ਟੈਕਸ ਘਟਾਉਣੇ ਚਾਹੀਦੇ ਹਨ। ਇਸ ਦੌਰਾਨ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਤੇ ਐਮਪੀਪੀ ਪ੍ਰਭਮੀਤ ਸਰਕਾਰੀਆ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਅਸੀਂ ਓਨਟਾਰੀਓ ਵਾਸੀਆਂ ਲਈ ਜ਼ਿੰਦਗੀ ਹੋਰ ਕਿਫਾਇਤੀ ਬਣਾਉਣ ਲਈ ਸਾਰੇ ਬਦਲ ਤਲਾਸ਼ ਰਹੇ ਹਾਂ। ਇਸ ਸਮੇਂ ਜੀਟੀਏ ਵਾਸੀਆਂ ਨੂੰ ਗੈਸ ਲਈ ਇੱਕ ਡਾਲਰ ਇਕਾਹਠ ਸੈਂਟ (1.61) ਪ੍ਰਤੀ ਲੀਟਰ ਦੇਣੇ ਪੈਂਦੇ ਹਨ।

# ਟਰੂਡੋ ਵਲੋਂ ਰੂਸ ਖਿਲਾਫ ਪਾਬੰਦੀਆਂ ਦਾ ਐਲਾਨ

ਓਟਵਾ, 23 ਫਰਵਰੀ (ਪੋਸਟ ਬਿਊਰੋ) : ਪੂਰਬੀ ਯੂਕਰੇਨ ਦੇ ਦੋ ਰੀਜਨਜ਼ ਨੂੰ ਆਜ਼ਾਦ ਕਰਾਰ ਦੇਣ ਤੇ ਫੌਜ ਨੂੰ ਉੱਥੇ ਤਾਇਨਾਤ ਕਰਨ ਦੀ ਮਾਨਤਾ ਦੇਣ ਦੇ ਫੈਸਲੇ ਦੇ ਸਬੰਧ ਵਿੱਚ ਰੂਸ ਖਿਲਾਫ ਫੈਡਰਲ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖੁਲਾਸਾ ਕੀਤਾ ਗਿਆ।

ਟਰੂਡੋ ਨੇ ਆਖਿਆ ਕਿ ਸਰਕਾਰ ਵੱਲੋਂ ਕੈਨੇਡੀਅਨਜ਼ ਨੂੰ ਅਜਿਹੇ ਤਥਾ ਕਥਿਤ ਆਜ਼ਾਦ ਸਟੇਟਸ ਦੋਨੇਤਸਕ ਤੇ ਲੁਹਾਂਸਕ ਨਾਲ ਕਿਸੇ ਵੀ ਤਰ੍ਹਾਂ ਦੇ ਵਿੱਤੀ ਲੈਣ ਦੇਣ ਤੋਂ ਵਰਜਿਆ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਰੀਜਨਜ਼ ਨੂੰ ਆਜ਼ਾਦ ਕਰਾਰ ਦੇਣ ਦੇ ਪੱਖ ਵਿੱਚ ਵੋਟ ਪਾਉਣ ਵਾਲੇ ਰੂਸੀ ਪਾਰਲੀਆਮੈਂਟ ਦੇ ਮੈਂਬਰਾਂ ਖਿਲਾਫ ਵੀ ਪਾਬੰਦੀਆਂ ਲਾਈਆਂ ਗਈਆਂ ਹਨ। ਇਸ ਦੇ ਨਾਲ ਹੀ ਕੈਨੇਡਾ ਦੀ ਨਾਟੋ ਪ੍ਰਤੀ ਵਚਨਬੱਧਤਾ ਦੇ ਮੱਦੇਨਜ਼ਰ ਆਪਰੇਸ਼ਨ ਰੀਐਸ਼ਿਓਰੈਂਸ ਤਹਿਤ 460 ਕੈਨੇਡੀਅਨ ਫੌਜੀ ਟੁਕੜੀਆਂ ਨੂੰ ਸਰਕਾਰ ਵੱਲੋਂ ਲੈਟਵੀਆ ਵਿੱਚ ਤਾਇਨਾਤ ਕੀਤੇ ਜਾਣ ਦੀ ਮਨਜ਼ੂਰੀ ਵੀ ਦਿੱਤੀ ਗਈ ਹੈ। ਟਰੂਡੋ ਨੇ ਆਖਿਆ ਕਿ ਇਹ ਰੂਸ ਦੀ ਧੱਕੇਸ਼ਾਹੀ ਹੈ ਤੇ ਕਿਸੇ ਪ੍ਰਭੂਸੱਤਾ ਸੰਪੰਨ ਦੇਸ਼ ਉੱਤੇ ਇਸ ਤਰ੍ਹਾਂ ਦੀ ਚੜ੍ਹਾਈ ਨੂੰ ਕਿਸੇ ਵੀ ਹਾਲ ਸਵੀਕਾਰਿਆ ਨਹੀਂ ਜਾ ਸਕਦਾ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਨ੍ਹਾਂ ਇਲਾਕਿਆਂ ਵਿੱਚ ਫੌਜ ਤਾਇਨਾਤ ਕਰਨ ਦੇ ਫੈਸਲੇ ਉੱਤੇ ਸਹੀ ਪਾਈ। ਇਸ ਦੌਰਾਨ ਮੰਗਲਵਾਰ ਨੂੰ ਸਰਬਸੰਮਤੀ ਨਾਲ ਵੋਟ ਪਾ ਕੇ ਰੂਸ ਦੇ ਨੀਤੀਘਾੜਿਆਂ ਤੇ ਫੈਡਰੇਸ਼ਨ ਕਾਊਂਸਲ ਦੇ ਮੈਂਬਰਾਂ ਵੱਲੋਂ ਦੇਸ਼ ਤੋਂ ਬਾਹਰ ਫੌਜ ਦੀ ਵਰਤੋਂ ਕਰਨ ਦੀ ਪੁਤਿਨ ਨੂੰ ਇਜਾਜ਼ਤ ਦਿੱਤੀ ਗਈ। ਇਸ ਮਗਰੋਂ ਦੁਨੀਆ ਭਰ ਦੇ ਆਗੂਆਂ ਵੱਲੋਂ ਰੂਸ ਖਿਲਾਫ ਪਾਬੰਦੀਆਂ ਦਾ ਐਲਾਨ ਕੀਤਾ ਗਿਆ।

# ਛੁਰੇਬਾਜ਼ੀ ਤੋਂ ਬਾਅਦ ਇੱਕ ਵਿਅਕਤੀ ਹਸਪਤਾਲ 'ਚ ਦਾਖਲ



ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਟ੍ਰਿਨਿਟੀ ਬੈੱਲਵੁੱਡਜ਼ ਪਾਰਕ ਵਿੱਚ ਇੱਕ ਵਿਅਕਤੀ ਉੱਤੇ ਚਾਕੂ ਨਾਲ ਕਈ ਹਮਲੇ ਕਰਨ ਤੋਂ ਬਾਅਦ ਉਹ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਅਧਿਕਾਰੀਆਂ ਨੂੰ ਸਵੇਰੇ 9:00 ਵਜੇ ਤੋਂ ਪਹਿਲਾਂ ਘਟਨਾ ਵਾਲੀ ਥਾਂ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਪਾਰਕ ਦੇ ਪਿਕਨਿਕ ਵਾਲੇ ਇਲਾਕੇ ਨੇੜੇ ਵਾਪਰੀ।

ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਅਜੇ ਤੱਕ ਇਹ ਪਤਾ ਨਹੀਂ ਲੱਗਿਆ ਹੈ ਕਿ ਕਿਸੇ ਹੋਰ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ ਜਾਂ ਨਹੀਂ। ਪਰ ਅਜੇ ਜਾਂਚ ਚੱਲ ਰਹੀ ਹੈ।

# ਫੌਨਸੈਕਾ ਦੇ ਆਫਿਸ ਨੂੰ ਲੱਗੀ ਅੱਗ ਨੂੰ ਪੁਲਿਸ ਨੇ ਦੱਸਿਆ ਸ਼ੱਕੀ

ਮਿਸੀਸਾਗਾ, 24 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਲਿਬਰਲ ਐਮਪੀ ਪੀਟਰ ਫੌਨਸੈਕਾ ਦੇ ਹਲਕਾ ਆਫਿਸ ਵਿੱਚ ਲੱਗੀ ਅੱਗ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਇਹ ਮਾਮਲਾ ਸ਼ੱਕੀ ਹੈ। ਪੀਲ ਰੀਜਨਲ ਪੁਲਿਸ ਕਾਂਸਟੇਬਲ ਹੈਦਰ ਕੈਨਨ ਨੇ ਆਖਿਆ ਕਿ ਅੱਗ ਲੱਗਣ ਦੀ ਖਬਰ ਦੇ ਕੇ ਸਵੇਰੇ 4:19 ਵਜੇ ਐਮਰਜੰਸੀ ਅਮਲੇ ਨੂੰ ਬਰਨਥੌਰਪ ਤੇ ਟੌਮਕਨ ਰੋਡਜ਼ ਨੇੜੇ ਸਥਿਤ ਕਮਰਸ਼ੀਅਲ ਪਲਾਜ਼ਾ ਉੱਤੇ ਸੱਦਿਆ ਗਿਆ। ਫਾਇਰ ਡਿਪਾਰਟਮੈਂਟ ਵੱਲੋਂ ਅੱਗ ਉੱਤੇ ਜਲਦ ਹੀ ਕਾਬੂ ਪਾ ਲਿਆ ਗਿਆ। ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਕੈਨਨ ਨੇ ਆਖਿਆ ਕਿ ਪੀਲ ਪੁਲਿਸ ਦੇ ਡਿਟੈਕਟਿਵਜ਼ ਤੇ ਓਨਟਾਰੀਓ ਫਾਇਰ ਮਾਰਸ਼ਲ ਆਫਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਲਾਜ਼ਾ ਸਥਿਤ ਫੌਨਸੈਕਾ ਦੇ ਆਫਿਸ ਦਾ ਦਰਵਾਜ਼ਾ ਨਾਲ ਹੀ ਸਥਿਤ ਬਰਗਰ ਰੈਸਟੋਰੈਂਟ ਦੇ ਦਰਵਾਜ਼ੇ ਸਮੇਤ ਬੁੱਧਵਾਰ ਨੂੰ ਲੱਕੜ ਦੇ ਬੋਰਡ ਨਾਲ ਢਕਿਆ ਹੋਇਆ ਸੀ। ਫੌਨਸੈਕਾ ਦੇ ਆਫਿਸ ਉੱਪਰ ਲੱਗਿਆ ਸਕਿਊਰਿਟੀ ਕੈਮਰਾ ਵੀ ਗ੍ਰੇਅ ਤੇ ਚਿੱਟੇ ਰੰਗ ਦੇ ਸਪ੍ਰੇਅ ਪੇਂਟ ਨਾਲ ਪੇਂਟ ਕੀਤਾ ਹੋਇਆ ਸੀ।

# ਫੋਰਡ ਸਰਕਾਰ ਨੇ ਲਾਇਸੈਂਸ ਪਲੇਟ ਰਨਿਊ ਕਰਵਾਉਣ ਸਬੰਧੀ ਫੀਸ ਖ਼ਤਮ ਕਰਨ ਦਾ ਕੀਤਾ ਐਲਾਨ




ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਲਾਇਸੈਂਸ ਪਲੇਟ ਤੇ ਸਟਿੱਕਰ ਰਨਿਊ ਕਰਵਾਉਣ ਸਬੰਧੀ ਫੀਸ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਸਰਕਾਰ ਵੱਲੋਂ ਓਨਟਾਰੀਓ ਦੇ ਯੋਗ ਡਰਾਈਵਰਾਂ ਨੂੰ ਰੀਫੰਡ ਵੀ ਮੁਹੱਈਆ ਕਰਵਾਏ ਜਾਣਗੇ।

ਫੀਸ ਖ਼ਤਮ ਕਰਨ ਸਬੰਧੀ ਇਹ ਫੈਸਲਾ 13 ਮਾਰਚ ਤੋਂ ਪ੍ਰਭਾਵੀ ਹੋਵੇਗਾ। ਫੋਰਡ ਸਰਕਾਰ ਵੱਲੋਂ ਇਹ ਫੈਸਲਾ ਜੂਨ ਵਿੱਚ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਲਿਆ ਗਿਆ ਹੈ। ਇਸ ਨਾਲ ਓਨਟਾਰੀਓ ਦੇ ਕਈ ਡਰਾਈਵਰਾਂ ਨੂੰ ਸਾਲ ਦੇ 120 ਡਾਲਰ ਦੀ ਬਚਤ ਹੋਵੇਗੀ।

ਫੋਰਡ ਵੱਲੋਂ ਇਹ ਐਲਾਨ ਰਿਚਮੰਡ ਹਿੱਲ ਉੱਤੇ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ, ਗਵਰਮੈਂਟ ਐਂਡ ਕੰਜ਼ਿਊਮਰ ਸਰਵਿਸਿਜ਼ ਮੰਤਰੀ ਰੌਸ ਰੌਮਾਨੋ ਤੇ ਐਸੋਸਿਏਟ ਮਨਿਸਟਰ ਆਫ ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਨੀਨਾ ਟਾਂਗਰੀ ਦੀ ਮੌਜੂਦਗੀ ਵਿੱਚ ਕੀਤਾ ਗਿਆ। ਮੰਗਲਵਾਰ ਨੂੰ ਨਿਊਜ਼ ਕਾਨਫਰੰਸ ਵਿੱਚ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਸਰਕਾਰ ਮਾਰਚ 2020 ਤੋਂ ਅਦਾ ਕੀਤੀ ਗਈ ਲਾਇਸੈਂਸ ਪਲੇਟ ਰਿਨਿਊਅਲ ਫੀਸ ਲਈ ਓਨਟਾਰੀਓ ਦੇ ਡਰਾਈਵਰਾਂ ਨੂੰ ਰੀਫੰਡ ਮੁਹੱਈਆ ਕਰਾਵੇਗੀ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਰੀਫੰਡ 7.5 ਮਿਲੀਅਨ ਰੈਜ਼ੀਡੈਂਟਸ ਤੋਂ ਵੀ ਵੱਧ ਨੂੰ ਹਾਸਲ ਹੋਣਗੇ। ਇਹ ਰੀਫੰਡ ਹਾਸਲ ਕਰਨ ਲਈ ਡਰਾਈਵਰਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਪ੍ਰੋਵਿੰਸ਼ੀਅਲ ਵੈੱਬਸਾਈਟ ਉੱਤੇ ਉਨ੍ਹਾਂ ਦੇ ਪਤੇ ਅਪਡੇਟ ਹੋਣ ਤੇ ਉਨ੍ਹਾਂ ਵੱਲੋਂ 7 ਮਾਰਚ ਤੱਕ ਕਿਸੇ ਵੀ ਤਰ੍ਹਾਂ ਦੀਆਂ ਟਰੈਫਿਕ ਟਿਕਟਾਂ ਦਾ ਭੁਗਤਾਨ ਕਰ ਦਿੱਤਾ ਗਿਆ ਹੋਵੇ। ਸਰਕਾਰ ਵੱਲੋਂ ਲਾਇਸੈਂਸ ਪਲੇਟਾਂ ਦੀ ਵੈਲੀਡੇਸ਼ਨ ਦਾ ਸਮਾਂ 31 ਮਾਰਚ ਤੱਕ ਵਧਾ ਦਿੱਤਾ ਗਿਆ ਹੈ।

# ਸਕੂਲਾਂ ਲਈ ਓਨਟਾਰੀਓ ਸਰਕਾਰ ਨੇ 49,000 ਹੈਪਾ ਫਿਲਟਰ ਮੁਹੱਈਆ ਕਰਵਾਉਣ ਦਾ ਕੀਤਾ ਵਾਅਦਾ



ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦਾ ਕਹਿਣਾ ਹੈ ਕਿ ਕੋਵਿਡ-19 ਖਿਲਾਫ ਬੱਚਿਆਂ ਨੂੰ ਹੋਰ ਜ਼ਿਆਦਾ ਪ੍ਰੋਟੈਕਸ਼ਨ ਲਈ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਾਂ ਨੂੰ ਹੈਪਾ ਫਿਲਟਰ ਮੁਹੱਈਆ ਕਰਵਾਏ ਜਾਣਗੇ।

ਸੋਮਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ 40,000 ਤੋਂ ਵੱਧ ਏਅਰ ਪਿਓਰੀਫਾਇਰਜ਼ ਸਕੂਲ ਬੋਰਡਜ਼ ਤੇ 9000 ਦੇ ਨੇੜੇ ਤੇੜੇ ਏਅਰ ਪਿਓਰੀਫਾਇਰਜ਼ ਚਾਈਲਡ ਕੇਅਰ ਸੈਟਿੰਗਜ਼ ਨੂੰ ਮੁਹੱਈਆ ਕਰਵਾਏ ਜਾਣਗੇ। ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਵੈਂਟੀਲੇਸ਼ਨ ਵਿੱਚ ਸੁਧਾਰ ਬੇਹੱਦ ਜ਼ਰੂਰੀ ਹੈ ਤੇ ਇਹ ਸਾਡੀ ਮੁੱਖ ਤਰਜੀਹ ਵੀ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਵੱਲੋਂ 73000 ਫਿਲਟਰਜ਼ ਤੇ ਹੋਰ ਵੈਂਟੀਲੇਸ਼ਨ ਡਿਵਾਈਸਿਜ਼ ਮੁਹੱਈਆ ਕਰਵਾਈਆਂ ਜਾਣਗੀਆਂ।

ਪ੍ਰੋਵਿੰਸ ਦਾ ਕਹਿਣਾ ਹੈ ਕਿ ਸਿੱਖਿਆ ਮੰਤਰਾਲਾ ਸਕੂਲ ਬੋਰਡਜ਼ ਤੇ ਚਾਈਲਡ ਕੇਅਰ ਸੈਂਟਰਜ਼ ਤੋਂ ਇਨ੍ਹਾਂ ਫਿਲਟਰਜ਼ ਦੀ ਡਲਿਵਰੀ ਤੇ ਫਿਲਟਰਜ਼ ਦੀ ਵਰਤੋਂ ਲਈ ਉਨ੍ਹਾਂ ਤੱਕ ਪਹੁੰਚ ਕਰੇਗੀ। ਇੱਕ ਅੰਦਾਜ਼ੇ ਮੁਤਾਬਕ ਇਸ ਨਵੀਂ ਵਚਨਬੱਧਤਾ ਨਾਲ ਪ੍ਰੋਵਿੰਸ ਵਿੱਚ ਇੱਕ ਮਿਲੀਅਨ ਬੱਚੇ ਪ੍ਰਭਾਵਿਤ ਹੋਣਗੇ।

# ਸੁੱਚਾ ਸਿੰਘ ਲੰਗਾਹ ਦੀ ਪੰਥ ਵਿੱਚ ਵਾਪਸੀ ਹੋਣ ਦੀਆਂ ਤਿਆਰੀਆਂ!

ਅੰਮ੍ਰਿਤਸਰ, 24 ਫਰਵਰੀ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਅਗਲੀ ਬੈਠਕ ਵਿੱਚ ਪੰਥ ਵਿੱਚੋਂ ਕੱਢੇ ਗਏ ਸਾਬਕਾ ਮੰਤਰੀ ਤੇ ਅਕਾਲੀ ਨੇਤਾ ਸੁੱਚਾ ਸਿੰਘ ਲੰਗਾਹ ਦੀ ਸਿੱਖ ਪੰਥ ਵਿੱਚ ਵਾਪਸੀ ਉੱਤੇ ਵਿਚਾਰ ਹੋਣ ਦੀ ਸੰਭਾਵਨਾ ਹੈ। ਸਾਲ 2018 ਵਿੱਚ ਗੁਰਦਾ-ਸਪੁਰ ਪਾਰਲੀਮੈਂਟਰੀ ਹਲਕੇ ਦੀ ਉਪ ਚੋਣ ਦੌਰਾਨ ਸੁੱਚਾ ਸਿੰਘ ਲੰਗਾਹ ਦੀ ਵੀਡੀਓ ਵਾਇਰਲ ਹੋਣ ਦੇ ਬਾਅਦ ਉਨ੍ਹਾਂ ਨੂੰ ਸਿੱਖ ਪੰਥ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਬੀਤੇ ਚਾਰ ਸਾਲਾਂ ਤੋਂ ਸਿੱਖ ਪੰਥ ਵਿੱਚੋਂ ਬਾਹਰ ਰਹਿਣ ਦੇ ਬਾਅਦ ਲੰਗਾਹ ਨੇ ਕਈ ਵਾਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ। ਲੰਗਾਹ ਦੇ ਮਾਤਾ-ਪਿਤਾ ਨੇ ਵੀ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਆਪਣੇ ਬਜ਼ੁਰਗ ਹੋਣ ਦਾ ਹਵਾਲਾ ਦੇ ਕੇ ਬੇਟੇ ਨੂੰ ਸਿੱਖ ਪੰਥ ਵਿੱਚ ਵਾਪਸ ਲੈਣ ਦੀ ਅਪੀਲ ਕੀਤੀ ਸੀ। ਮਿਲੀ ਜਾਣਕਾਰੀ ਅਨੁਸਾਰ ਪੰਜ ਸਿੰਘ ਸਾਹਿਬਾਨ ਦੀ ਬੈਠਕ ਖਾਲਸਾ ਸਥਾਪਨਾ ਦਿਵਸ ਵਿਸਾਖੀ ਉੱਤੇ ਹੋ ਰਹੀ ਹੈ ਅਤੇਇਸਮੌਕੇ ਸੁੱਚਾ ਸਿੰਘ ਲੰਗਾਹ ਨੂੰ ਧਾਰਮਿਕ ਸਜ਼ਾ ਲਾ ਕੇ ਪੰਥ ਵਿੱਚ ਵਾਪਸੀ ਦਾ ਰਾਹ ਨਿਕਲ ਸਕਦਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕੈਨੇਡਾ ਵਿੱਚ ਟੈਕਸ ਫਾਈਲ ਕਰਨ ਦੇ ਸੀਜ਼ਨ ਦੀ ਹੋਈ ਸ਼ੁਰੂਆਤ



ਓਟਵਾ, 24 ਫਰਵਰੀ (ਪੋਸਟ ਬਿਊਰੋ) : ਕੈਨੇਡਾ ਰੈਵਨਿਊ ਏਜੰਸੀ ਵੱਲੋਂ ਸੋਮਵਾਰ ਤੋਂ ਇਨਕਮ ਟੈਕਸ ਰਿਟਰਨਜ਼ ਸਵੀਕਾਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਨਾਲ ਟੈਕਸ ਜਮ੍ਹਾਂ ਕਰਵਾਊਣ ਦੇ ਸੀਜ਼ਨ ਦੀ ਸ਼ੁਰੂਆਤ ਹੋ ਗਈ।

ਏਜੰਸੀ ਨੇ ਆਖਿਆ ਕਿ ਇਹ ਇੱਕ ਹੋਰ ਵਿਲੱਖਣ ਟੈਕਸ ਪੀਰੀਅਡ ਹੋਵੇਗਾ ਕਿਉਂਕਿ ਕੋਵਿਡ-19 ਮਹਾਂਮਾਰੀ ਦਰਮਿਆਨ ਅਜੇ ਉਨ੍ਹਾਂ ਨੂੰ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪਰ ਸੀਆਰਏ ਨੇ ਆਖਿਆ ਕਿ ਟੈਕਸ ਫਾਈਲ ਕਰਨ ਦੀ ਡੈੱਡਲਾਈਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ ਤੇ ਬਹੁਤੇ ਕੈਨੇਡੀਅਨਜ਼ ਲਈ ਇਹ 30 ਅਪਰੈਲ ਹੀ ਹੋਵੇਗੀ। ਟੈਕਸ ਇੱਕਠਾ ਕਰਨ ਵਾਲੀ ਫੈਡਰਲ ਏਜੰਸੀ ਨੇ ਆਖਿਆ ਕਿ ਕੈਨੇਡੀਅਨਜ਼ ਨੂੰ ਆਪਣੀ ਇਨਕਮ ਟੈਕਸ ਰਿਟਰਨ ਭਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਉਹ ਬੈਨੇਫਿਟਸ ਤੇ ਕ੍ਰੈਡਿਟਸ ਹਾਸਲ ਹੋ ਸਕਣ ਜਿਨ੍ਹਾਂ ਦੇ ਉਹ ਹੱਕਦਾਰ ਹਨ।

ਜਿਨ੍ਹਾਂ ਕੈਨੇਡੀਅਨਾਂ ਨੇ ਘਰ ਤੋਂ ਹੀ ਕੰਮ ਕੀਤਾ ਹੈ ਉਹ ਘਰ ਤੋਂ ਆਫਿਸ ਦੇ ਖਰਚਿਆਂ ਦੇ ਸਬੰਧ ਵਿੱਚ 500 ਡਾਲਰ ਦੀ ਕਟੌਤੀ ਹਾਸਲ ਕਰ ਸਕਦੇ ਹਨ। ਨੈਸ਼ਨਲ ਰੈਵਨਿਊ ਮੰਤਰੀ ਡਾਇਐਨ ਲੇਬੋਥਿਲੀਅਰ ਦਾ ਕਹਿਣਾ ਹੈ ਕਿ ਮਹਾਂਮਾਰੀ ਦੌਰਾਨ ਜਿਸ ਤਰ੍ਹਾਂ ਚੁਣੌਤੀਆਂ ਦਾ ਸਾਹਮਣਾ ਸੀਆਰਏ ਵੱਲੋਂ ਕੀਤਾ ਗਿਆ ਉਨ੍ਹਾਂ ਉੱਤੇ ਉਨ੍ਹਾਂ ਨੂੰ ਮਾਣ ਹੈ। ਉਨ੍ਹਾਂ ਆਖਿਆ ਕਿ ਏਜੰਸੀ ਦੇ ਮੁਲਾਜ਼ਮਾਂ ਵੱਲੋਂ ਕੋਵਿਡ-19 ਬੈਨੇਫਿਟਸ ਮੁਹੱਈਆ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਗਈ।

# ਵੈਕਸੀਨ ਅਤੇ ਮਾਸਕ ਸਬੰਧੀ ਨੀਤੀਆਂ ਜਾਰੀ ਰੱਖਣਗੀਆਂ ਓਨਟਾਰੀਓ ਦੀਆਂ ਯੂਨੀਵਰਸਿਟੀਜ਼




ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਸਰਕਾਰ ਦੇ ਮਹਾਂਮਾਰੀ ਸਬੰਧੀ ਪਾਬੰਦੀਆਂ ਹਟਾਏ ਜਾਣ ਦੇ ਬਾਵਜੂਦ ਕਈ ਕੈਨੇਡੀਅਨ ਯੂਨੀਵਰਸਿਟੀਜ਼ ਵੱਲੋਂ ਲਾਜ਼ਮੀ ਵੈਕਸੀਨੇਸ਼ਨ ਤੇ ਮਾਸਕ ਲਗਾਉਣ ਵਰਗੀਆਂ ਪਾਬੰਦੀਆਂ ਨੂੰ ਜਾਰੀ ਰੱਖਿਆ ਜਾ ਰਿਹਾ ਹੈ।

ਪਹਿਲੀ ਮਾਰਚ ਤੋਂ ਓਨਟਾਰੀਓ ਵੱਲੋਂ ਵੈਕਸੀਨ ਸਰਟੀਫਿਕੇਟ ਸਿਸਟਮ ਖ਼ਤਮ ਕੀਤਾ ਜਾ ਰਿਹਾ ਹੈ। ਉਸ ਦਿਨ ਤੋਂ ਪਬਲਿਕ ਸੈਟਿੰਗਜ਼ ਵਿੱਚ ਕਪੈਸਿਟੀ ਲਿਮਿਟ ਵੀ ਖ਼ਤਮ ਕੀਤੀ ਜਾ ਰਹੀ ਹੈ ਤੇ ਉਦੋਂ ਹੀ ਸਮਾਜਕ ਇੱਕਠਾਂ ਦੇ ਆਕਾਰ ਉੱਤੇ ਲੱਗੀਆਂ ਪਾਬੰਦੀਆਂ ਵੀ ਪੂਰੀ ਤਰ੍ਹਾਂ ਹਟਾਅ ਲਈਆਂ ਜਾਣਗੀਆਂ। ਪਰ ਹਾਲ ਦੀ ਘੜੀ ਮਾਸਕ ਲਾਉਣ ਸਬੰਧੀ ਨਿਯਮਾਂ ਨੂੰ ਬਰਕਰਾਰ ਰੱਖਿਆ ਜਾਵੇਗਾ।

ਪਿਛਲੇ ਹਫਤੇ ਓਨਟਾਰੀਓ ਦੇ ਉੱਘੇ ਡਾਕਟਰ ਨੇ ਆਖਿਆ ਸੀ ਕਿ ਪੋਸਟ ਸੈਕੰਡਰੀ ਸੰਸਥਾਵਾਂ ਵਿਖੇ ਵੈਕਸੀਨ ਨੀਤੀਆਂ ਦਾ ਮਕਸਦ ਹੱਲ ਹੋ ਚੁੱਕਿਆ ਹੈ ਤੇ ਇਨ੍ਹਾਂ ਨੂੰ ਹੁਣ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਇਹ ਨੀਤੀਆਂ ਵੀ ਪ੍ਰੋਵਿੰਸ ਦੇ ਵੈਕਸੀਨ ਸਰਟੀਫਿਕੇਟ ਸਿਸਟਮ ਦੇ ਨਾਲ ਹੀ ਅਗਲੇ ਹਫਤੇ ਖ਼ਤਮ ਹੋਣ ਜਾ ਰਹੀਆਂ ਹਨ।

ਪਰ ਓਨਟਾਰੀਓ ਦੀਆਂ ਕਈ ਯੂਨੀਵਰਸਿਟੀਜ਼ ਨੇ ਆਖਿਆ ਸੀ ਕਿ ਉਹ ਆਪਣੀਆਂ ਵੈਕਸੀਨੇਸ਼ਨ ਸਬੰਧੀ ਨੀਤੀਆਂ ਨੂੰ ਹਾਲ ਦੀ ਘੜੀ ਬਰਕਰਾਰ ਰੱਖਣਗੇ। ਲੰਡਨ, ਓਨਟਾਰੀਓ ਸਥਿਤ ਵੈਸਟਰਨ ਯੂਨੀਵਰਸਿਟੀ ਨੇ ਆਖਿਆ ਕਿ ਉਹ ਮੌਜੂਦਾ ਸਰਦ ਰੁੱਤ ਸਮੈਸਟਰ ਮੁੱਕਣ ਤੱਕ ਲਾਜ਼ਮੀ ਵੈਕਸੀਨੇਸ਼ਨ ਨਿਯਮ ਜਾਰੀ ਰੱਖਣਗੇ। ਇਸ ਦੌਰਾਨ ਟੋਰਾਂਟੋ ਦੀ ਯੌਰਕ ਯੂਨੀਵਰਸਿਟੀ ਨੇ ਵੀ ਇਹ ਆਖਿਆ ਹੈ ਕਿ ਉਹ ਆਪਣੇ ਵੈਕਸੀਨੇਸ਼ਨ ਤੇ ਮਾਸਕ ਸਬੰਧੀ ਨਿਯਮਾਂ ਵਿੱਚ ਕੋਈ ਤਬਦੀਲੀ ਨਹੀਂ ਕਰੇਗੀ।

ਯੂਨੀਵਰਸਿਟੀ ਆਫ ਗੁਐਲਫ ਨੇ ਵੀ ਸਾਫ ਕਰ ਦਿੱਤਾ ਹੈ ਕਿ ਉਹ ਵੀ ਇਸ ਵਿੰਟਰ ਸਮੈਸਟਰ ਦੇ ਅੰਤ ਤੱਕ ਵੈਕਸੀਨ ਸਬੰਧੀ ਨਿਯਮ ਨੂੰ ਬਰਕਰਾਰ ਰੱਖੇਗੀ। ਪਰ ਯੂਨੀਵਰਸਿਟੀ ਵੱਲੋਂ ਇਹ ਵੀ ਆਖਿਆ ਗਿਆ ਕਿ ਉਹ ਜਲਦ ਹੀ ਆਪਣੀ ਨੀਤੀ ਦਾ ਮੁਲਾਂਕਣ ਕਰੇਗੀ ਤੇ ਇਸ ਸਬੰਧੀ ਅਪਡੇਟ ਅਗਲੇ ਮਹੀਨੇ ਮੁਹੱਈਆ ਕਰਾਵੇਗੀ। ਇਸ ਤੋਂ ਇਲਾਵਾ ਯੂਨੀਵਰਸਿਟੀ ਆਫ ਟੋਰਾਂਟੋ ਸਮੇਤ ਓਨਟਾਰੀਓ ਦੇ ਕਈ ਹੋਰਨਾਂ ਸਕੂਲਾਂ ਵੱਲੋਂ ਵੀ ਇਹ ਆਖਿਆ ਗਿਆ ਹੈ ਕਿ ਉਹ ਕੋਵਿਡ-19 ਵੈਕਸੀਨ ਸਬੰਧੀ ਨੀਤੀਆਂ ਵਿੱਚ ਕੋਈ ਤਬਦੀਲੀ ਨਹੀਂ ਕਰਨਗੇ ਤੇ ਇਸ ਮੁੱਦੇ ਉੱਤੇ ਸਰਕਾਰ ਤੇ ਪਬਲਿਕ ਹੈਲਥ ਅਧਿਕਾਰੀਆਂ ਨਾਲ ਸਲਾਹ ਮਸ਼ਵਰਾ ਜਾਰੀ ਰੱਖਣਗੇ।

# ਰਾਵਤ ਵੱਲੋਂ ਬੈਲੇਟ ਵੋਟਿੰਗ ਨਾਲ ਛੇੜਛਾੜ ਹੋਣ ਦਾ ਦਾਅਵਾ

ਦੇਹਰਾਦੂਨ, 24 ਫਰਵਰੀ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਜਨਰਲ ਸੈਕਟਰੀ ਹਰੀਸ਼ ਰਾਵਤ ਨੇ ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਪੋਸਟ ਕੀਤੀ ਹੈ, ਜਿਸ ਵਿੱਚ ਇੱਕ ਆਰਮੀ ਸੈਂਟਰ ਵਿੱਚ ਇੱਕ ਵਿਅਕਤੀ ਬਹੁਤ ਸਾਰੇ ਪੋਸਟਲ ਬੈਲੇਟ ਪੇਪਰਾਂ ਉੱਤੇ ਮੋਹਰ ਲਾਉਂਦਾ ਤੇ ਦਸਤਖਤ ਕਰਦਾ ਦਿਖਾਈ ਦੇ ਰਿਹਾ ਹੈ।

ਹਰੀਸ਼ ਰਾਵਤ ਨੇ ਆਪਣੇ ਟਵਿੱਟਰ ਹੈਂਡਲ ਅਤੇ ਫੇਸਬੁੱਕ ਉੱਤੇ ਵੀਡੀਓ ਸਾਂਝੀ ਕਰਦਿਆਂ ਲਿਖਿਆ, "ਸਾਰਿਆਂ ਨੂੰ ਜਾਣਕਾਰੀ ਦੇਣ ਲਈ ਇੱਕ ਵੀਡੀਓ ਸਾਂਝੀ ਕਰ ਰਿਹਾ ਹਾਂ। ਇਸ ਵਿੱਚ ਦਿੱਸਦਾ ਹੈ ਕਿ ਇੱਕ ਫੌਜੀ ਸੈਂਟਰ ਵਿੱਚ ਕਿਵੇਂ ਇੱਕ ਵਿਅਕਤੀ ਕਈ ਬੈਲੇਟ ਪੇਪਰਾਂ ਉੱਤੇ ਮੋਹਰਾਂ ਲਾਉਂਦਾ ਅਤੇ ਦਸਤਖਤ ਕਰਦਾ ਰਿਹਾ। ਕੀ ਚੋਣ ਕਮਿਸ਼ਨ ਇਸ ਦਾ ਕੋਈ ਨੋਟਿਸ ਲਵੇਗਾ।" ਇਸ ਟਵੀਟ ਬਾਰੇ ਸਵਾਲ ਕਰਨ ਉੱਤੇਹਰੀਸ਼ ਰਾਵਤ ਦੇ ਬੁਲਾਰੇ ਸੁਰਿੰਦਰ ਕੁਮਾਰ ਨੇ ਵੀਡੀਓ ਪੇਸ਼ ਕਰਨ ਵਾਲੇ ਸੂਤਰ ਦੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ, ਪਰ ਇਹ ਦਾਅਵਾ ਕੀਤਾ ਕਿ ਇਹ ਵੀਡੀਓ ਉਤਰਾਖੰਡ ਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਚੋਣ ਕਮਿਸ਼ਨ ਨੂੰ ਇਸ ਦੀ ਰਸਮੀ ਸ਼ਿਕਾਇਤ ਕਰ ਕੇ ਇਸ ਵੀਡੀਓ ਦਾ ਨੋਟਿਸ ਲੈਣ ਅਤੇ ਦੋਸ਼ੀ ਦੇ ਖਿਲਾਫ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉੱਤਰਾ ਖੰਡ ਦੀ ਕਾਂਗਰਸ ਨੇ ਵੀ ਹਰੀਸ਼ ਰਾਵਤ ਦੇ ਟਵੀਟ ਨੂੰ ਮੁੜ ਟਵੀਟ ਕੀਤਾ ਅਤੇ ਉਤਰਾਖੰਡ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰੀਤਮ ਸਿੰਘ ਨੇ ਆਖਿਆ ਹੈ ਕਿ "ਇਸ ਵੀਡੀਓ, ਜਿਸ ਵਿੱਚ ਜਮਹੂਰੀਅਤ ਦਾ ਮਜ਼ਾਕ ਉਡਾਇਆ ਗਿਆ ਹੈ, ਵਿੱਚ ਇੱਕ ਵਿਅਕਤੀ ਇੱਕ ਆਰਮੀ ਸੈਂਟਰ ਵਿੱਚ ਆਪਣੀ ਪਸੰਦਦੀ ਪਾਰਟੀ ਦੇ ਹੱਕ ਵਿੱਚ ਕਈ ਬੈਲੇਟ ਪੇਪਰਾਂ ਉੱਤੇ ਮੋਹਰਾਂ ਲਾ ਰਿਹਾ ਹੈ।" ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਦੋਸ਼ੀ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

ਦੂਸਰੇ ਪਾਸੇ ਇਸ ਉੱਤੇ ਟਿੱਪਣੀ ਕਰਦਿਆਂ ਭਾਜਪਾ ਦੇ ਸੂਬਾ ਮੀਡੀਆ ਇੰਚਾਰਜ ਮਨਵੀਰ ਸਿੰਘ ਚੌਹਾਨ ਨੇ ਕਿਹਾ ਕਿ ਫੌਜ ਨੂੰ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ ਅਤੇ ਕਾਂਗਰਸ ਨੂੰ ਤੱਥਾਂ ਦੀ ਪੁਸ਼ਟੀ ਕੀਤੇ ਬਗੈਰ ਅਜਿਹੇ ਦੋਸ਼ ਲਾਉਣ ਤੋਂ ਬਚਣਾ ਚਾਹੀਦਾ ਹੈ। ਇਸ ਦੇ ਨਾਲ ਵਿਵਾਦ ਛਿੜ ਸਕਦਾ ਹੈ।

# ਮਈ ਵਿੱਚ ਬੰਦ ਹੋ ਜਾਵੇਗਾ ਹਡਸਨ ਬੇਅ ਡਿਪਾਰਟਮੈਂਟ ਸਟੋਰ



ਟੋਰਾਂਟੋ, 24 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਦੀ ਸੱਭ ਤੋਂ ਅਹਿਮ ਥਾਂਵਾਂ ਵਿੱਚੋਂ ਇੱਕ ਹਡਸਨ ਬੇਅ ਰਿਟੇਲ ਲੋਕੇਸ਼ਨ ਨੂੰ ਲੱਗਭਗ ਪੰਜ ਦਹਾਕਿਆਂ ਬਾਅਦ ਬੰਦ ਕੀਤਾ ਜਾ ਰਿਹਾ ਹੈ। ਹਡਸਨਜ਼ ਬੇਅ ਕੰਪਨੀ (ਐਚਬੀਸੀ) ਦੇ ਤਰਜ਼ਮਾਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ 44 ਬਲੂਅਰ ਸਟਰੀਟ ਈਸਟ ਉੱਤੇ ਸਥਿਤ ਡਿਪਾਰਟਮੈਂਟ ਸਟੋਰ ਨੂੰ ਇਸ ਬਸੰਤ ਬੰਦ ਕਰ ਦਿੱਤਾ ਜਾਵੇਗਾ। 1974 ਵਿੱਚ ਖੁੱਲ੍ਹੇ ਇਸ ਹਡਸਨ ਬੇਅ ਸਟੋਰ ਦੀ 1991 ਤੱਕ ਬਹੁਤ ਚੜ੍ਹਾਈ ਰਹੀ। ਉਸ ਸਮੇਂ ਟੋਰਾਂਟੋ ਸਥਿਤ ਸਾਬਕਾ ਸਿੰਪਸਨਜ਼ ਸਟੋਰ ਨੂੰ ਹਡਸਨ ਬੇਅ ਨਾਂ ਤਹਿਤ ਰੀਬ੍ਰੈਂਡ ਕੀਤਾ ਗਿਆ। ਐਚਬੀਸੀ ਦੀ ਤਰਜ਼ਮਾਨ ਟਿਫਨੀ ਬੁਅਰ ਨੇ ਆਖਿਆ ਕਿ ਇਸ ਸਟੋਰ ਨੂੰ 31 ਮਈ, 2022 ਨੂੰ ਬੰਦ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ TheBay.com ਰਾਹੀਂ ਅਸੀਂ ਕਮਿਊਨਿਟੀ ਦੀ ਸੇਵਾ ਕਰਦੇ ਰਹਾਂਗੇ।

# ਪੀਅਰਸਨ ਏਅਰਪੋਰਟ ਲਾਗੇ ਡੀਜ਼ਲ ਨਾਲ ਭਰਿਆ ਟਰੱਕ ਪਲਟਿਆ, ਆਵਾਜਾਈ ਉੱਤੇ ਪਿਆ ਅਸਰ



ਟੋਰਾਂਟੋ, 24 ਫਰਵਰੀ (ਪੋਸਟ ਬਿਊਰੋ) : ਹਜ਼ਾਰਾਂ ਲੀਟਰ ਡੀਜ਼ਲ ਨਾਲ ਭਰੇ ਟਰੱਕ ਦੇ ਮੰਗਲਵਾਰ ਦੁਪਹਿਰ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਨੇੜੇ ਹਾਈਵੇਅ 427 ਉੱਤੇ ਪਲਟ ਜਾਣ ਕਾਰਨ ਕਈ ਘੰਟਿਆਂ ਤੱਕ ਆਵਾਜਾਈ ਉੱਤੇ ਅਸਰ ਪਿਆ।

ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਦੁਪਹਿਰੇ 12:45 ਉੱਤੇ ਇਸ ਹਾਦਸੇ ਕਾਰਨ ਹਾਈਵੇਅ 427 ਤੇ ਹਾਈਵੇਅ 401 ਦੀਆਂ ਉੱਤਰ ਵਾਲੀਆਂ ਲੇਨਜ਼ ਬੰਦ ਕਰ ਦਿੱਤੀਆਂ ਗਈਆਂ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਟਰੱਕ ਪਲਟਣ ਤੋਂ ਬਾਅਦ ਉਸ ਵਿੱਚੋਂ ਲੀਕੇਜ ਸ਼ੁਰੂ ਹੋ ਗਈ। ਡਰਾਈਵਰ ਸਮੇਂ ਸਿਰ ਬਾਹਰ ਨਿਕਲ ਗਿਆ ਤੇ ਉਸ ਨੂੰ ਕੋਈ ਬਹੁਤੀ ਸੱਟ-ਫੇਟ ਵੀ ਨਹੀਂ ਲੱਗੀ।

ਸ਼ਮਿਡਟ ਨੇ ਦੱਸਿਆ ਕਿ ਤੇਲ ਦੀ ਲੀਕੇਜ ਰੋਕਣ ਲਈ ਫਾਇਰ ਡਿਪਾਰਟਮੈਂਟ ਵੱਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਪਰ ਤੇਲ ਦਾ ਰਿਸਾਅ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਉਨ੍ਹਾਂ ਆਖਿਆ ਕਿ ਟਰੱਕ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਉਸ ਤੋਂ ਬਾਅਦ ਹੀ ਉਸ ਵਿੱਚ ਮੌਜੂਦ ਰਿਸਾਅ ਦੇ ਸਰੋਤ ਨੂੰ ਬੰਦ ਕਰਨ ਜਾਂ ਉਸ ਵਿੱਚੋਂ ਬਚਿਆ ਤੇਲ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਮੰਗਲਵਾਰ ਦੇਰ ਰਾਤ ਟਵੀਟ ਕਰਕੇ ਓਪੀਪੀ ਨੇ ਆਖਿਆ ਕਿ ਟਰੱਕ ਦੇ 52 ਸਾਲਾ ਡਰਾਈਵਰ ਨੂੰ ਲਾਪਰਵਾਹੀ ਨਾਲ ਡਰਾਈਵਿੰਗ ਕਰਨ ਲਈ ਚਾਰਜ ਕੀਤਾ ਗਿਆ ਹੈ।

## ਪਟੜੀ ਟੁੱਟਣ ਉੱਤੇ ਚਰਵਾਹੇ ਨੇ ਲਾਲ ਕੱਪੜਾ ਲਹਿਰਾ ਕੇ ਰੇਲ ਹਾਦਸਾ ਟਾਲਿਆ

ਇੰਦੌਰ, 24 ਫਰਵਰੀ (ਪੋਸਟ ਬਿਊਰੋ)- ਦਿਲੀ ਅਤੇ ਮੁੰਬਈ ਵਿਚਾਲੇ ਮੁੱਖ ਰੇਲ ਮਾਰਗ ਉੱਤੇ ਦੋ ਦਿਨ ਪਹਿਲਾਂ ਇੱਕ ਚਰਵਾਹੇ ਨੇ ਆਪਣੀ ਸਿਆਣਪ ਨਾਲ ਵੱਡਾ ਰੇਲ ਹਾਦਸਾ ਟਾਲ ਦਿੱਤਾ ਹੈ। ਪੱਛਮੀ ਰੇਲਵੇ ਦੇ ਰਤਲਾਮ ਰੇਲ ਡਵੀਜ਼ਨ ਨੇ ਇਸ ਕੰਮ ਲਈ ਚਰਵਾਹੇ ਨੂੰ 5,000 ਰੁਪਏ ਨਕਦ ਇਨਾਮ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਹੈ। ਰੇਲਵੇ ਸੂਤਰਾਂ ਨੇ ਦੱਸਿਆ ਕਿ ਰਾਕੇਸ਼ ਨਾਮੀ ਚਰਵਾਹੇ ਨੇ ਦੋ ਦਿਨ ਪਹਿਲਾਂ ਗੁਜਰਾਤ ਦੇ ਦਾਹੋਦ ਜ਼ਿਲ੍ਹੇ ਵਿੱਚ ਇੱਕ ਥਾਂਟੁੱਟੀ ਹੋਈ ਰੇਲ ਪੱਟੜੀ ਵੇਖੀ। ਉਸ ਨੇ ਲਾਲ ਰੰਗ ਦੇ ਕੱਪੜੇ ਨੂੰ ਝੰਡੇ ਵਾਂਗ ਲਹਿਰਾ ਕੇ ਮਾਲ ਗੱਡੀ ਰੁਕਵਾ ਦਿੱਤੀ, ਜਿਸ ਕਾਰਨ ਵੱਡਾ ਹਾਦਸਾ ਟਲ ਗਿਆ। ਰਾਕੇਸ਼ ਨੇ ਦੱਸਿਆ ਕਿ ਮੈਂ ਅਚਾਨਕ ਰੇਲ ਪੱਟੜੀ ਟੁੱਟੀ ਹੋਈ ਵੇਖੀ ਤਾਂ ਮੈਂ ਇੱਕ ਕਿਲੋਮੀਟਰ ਤਕ ਅੱਗੇ ਪਿੱਛੇ ਜਾ ਕੇ ਵੇਖਿਆ, ਪਰ ਕੋਈ ਰੇਲ ਮੁਲਾਜ਼ਮ ਨਹੀਂ ਮਿਲਿਆ। ਮੈਂ ਆਪਣੇ ਮੋਬਾਈਲ ਫੋਨ ਤੋਂ ਆਪਣੇ ਪਿਤਾ ਨੂੰ ਇਸ ਸਬੰਧੀ ਦੱਸਿਆ। ਉਹ ਘਰੋਂ ਲਾਲ ਕੱਪੜਾ ਲੈ ਕੇ ਆਏ। ਇਸ ਦੌਰਾਨ ਇਕ ਮਾਲ ਗੱਡੀ ਆਉਂਦੀ ਨਜ਼ਰ ਆਈ। ਉਸ ਨੇ ਲਾਲ ਕੱਪੜਾ ਲਹਿਰਾਇਆ ਅਤੇ ਟ੍ਰੇਨ ਦੇ ਡਰਾਈਵਰ ਨੇ ਐਮਰਜੈਂਸੀ ਬ੍ਰੇਕ ਲਾ ਕੇ ਗੱਡੀ ਰੋਕ ਦਿੱਤੀ।

# ਕਾਂਗਰਸ ਵੱਲੋਂ ਗੁਜਰਾਤ ਦੀ ਭਾਜਪਾ ਸਰਕਾਰ ਉੱਤੇ 'ਕੋਲੇ ਘਪਲੇ' ਦਾ ਦੋਸ਼

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਕਾਂਗਰਸ ਨੇ ਕੱਲ੍ਹ ਗੁਜਰਾਤ ਦੀ ਭਾਜਪਾ ਸਰਕਾਰ ਉੱਤੇਛੇ ਹਜ਼ਾਰ ਕਰੋੜ ਰੁਪਏ ਦੇ ਕੋਲਾ ਘਪਲੇ ਦਾ ਦੋਸ਼ ਲਾਇਆ ਅਤੇ ਕਿਹਾ ਕਿ ਇਸ ਦੀ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਨਿਗਰਾਨੀ ਵਿੱਚ ਸਮਾਂਬੱਧ ਜਾਂਚ ਹੋਣੀ ਚਾਹੀਦੀ ਹੈ। ਵਿਰੋਧੀ ਪਾਰਟੀ ਨੇ ਇਹ ਵੀ ਕਿਹਾ ਕਿ ਈ ਡੀ, ਸੀ ਬੀ ਆਈ ਅਤੇ ਹੋਰ ਕੇਂਦਰੀ ਏਜੰਸੀਆਂ ਨੂੰ ਇਸ ਬਾਰੇ ਕੇਸ ਦਰਜ ਕਰਨਾ ਚਾਹੀਦਾ ਹੈ।

ਇਸ ਸੰਬੰਧ ਵਿੱਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਇੱਕ ਖ਼ਬਰ ਦਾ ਹਵਾਲਾ ਦਿੰਦੇ ਹੋਏ ਟਵੀਟ ਵੀ ਕੀਤਾ ਹੈ। ਕਾਂਗਰਸ ਦੇ ਬੁਲਾਰੇ ਗੌਰਵ ਵੱਲਭ ਨੇ ਕਿਹਾ, "ਯੂ ਪੀ ਏ ਸਰਕਾਰ ਨੇ ਛੋਟੇ ਉਦਯੋਗਾਂ ਨੂੰ ਸਸਤੇ ਦਰਾਂ ਉੱਤੇ ਚੰਗੀ ਗੁਣਵੱਤਾ ਵਾਲਾ ਕੋਲਾ ਦੇਣ ਦੀ ਨੀਤੀ 2007 ਵਿੱਚ ਸ਼ੁਰੂ ਕੀਤੀ ਸੀ। ਇਸ ਹੇਠ ਰਾਜਾਂ ਨੂੰ ਕਿਹਾ ਗਿਆ ਸੀ ਕਿ ਕੋਲ ਇੰਡੀਆ ਦੀਆਂ ਖਾਣਾਂ ਤੋਂ ਉਨ੍ਹਾਂ ਕੋਲ ਕੋਲਾ ਸਿੱਧਾ ਪਹੁੰਚ ਜਾਵੇਗਾ ਅਤੇ ਉਹ ਛੋਟੇ ਉਦਯੋਗਾਂ ਨੂੰ ਕੋਲਾ ਦੇ ਦੇਣ, ਪਰ ਗੁਜਰਾਤ ਸਰਕਾਰ ਨੇ ਖ਼ੁਦ ਇਹ ਕੰਮ ਕਰਨ ਦੀ ਬਜਾਏ ਕੁਝ ਏਜੰਸੀਆਂ ਨੂੰ ਦੇ ਦਿੱਤਾ।" ਉਨ੍ਹਾਂ ਦੋਸ਼ ਲਾਇਆ, "60 ਲੱਖ ਟਨ ਕੋਲਾ ਜੋ ਛੋਟੇ ਉਦਯੋਗਾਂ ਨੂੰ ਮਿਲਣਾ ਸੀ, ਉਸ ਨੂੰ ਰਾਜ ਤੋਂ ਬਾਹਰ ਦੂਜੇ ਉਦਯੋਗਾਂ ਨੂੰ ਕਈ ਗੁਣਾਂ ਵੱਧ ਕੀਮਤਾਂ ਉੱਤੇਵੇਚ ਦਿੱਤਾ ਗਿਆ। ਇਸਦੀ ਕੀਮਤ 6000 ਕਰੋੜ ਰੁਪਏ ਹੈ। ਵੱਲਭ ਨੇ ਦਾਅਵਾ ਕੀਤਾ ਕਿ "ਪਿਛਲੇ 14 ਸਾਲਾਂ ਵਿੱਚ ਗੁਜਰਾਤ ਦੇ ਉਦਯੋਗ ਵਿਭਾਗ ਨੇ ਇਹ ਏਜੰਸੀਆਂ ਨਹੀਂ ਬਦਲੀਆਂ, ਜਦਕਿ ਦੂਜੇ ਰਾਜਾਂ ਵਿੱਚ ਉਦਯੋਗ ਵਿਭਾਗ ਆਪ ਇਹ ਕੰਮ ਕਰਦਾ ਹੈ। ਪਹਿਲਾਂ ਨਰਿੰਦਰ ਮੋਦੀ ਮੁੱਖ ਮੰਤਰੀ ਹੋਣ ਦੇ ਨਾਲਰਾਜ ਦੇ ਉਦਯੋਗ ਮੰਤਰੀ ਸਨ। ਇਸ ਦੇ ਬਾਅਦ ਵਿਜੇ ਰੁਪਾਣੀ ਅਤੇ ਭੂਪੇਂਦਰ ਪਟੇਲ ਵੀ ਮੁੱਖ ਮੰਤਰੀ ਹੋਣ ਦੇ ਨਾਲ ਉਦਯੋਗ ਮੰਤਰੀ ਰਹੇ।" ਉਨ੍ਹਾਂ ਕਿਹਾ, "ਇਸ ਕੇਸ ਵਿੱਚ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਵਿੱਚ ਸਮਾਂਬੱਧ ਜਾਂਚ ਹੋਵੇ ਤੇ 2007 ਤੋਂ ਅੱਜ ਤਕ ਦੇ ਸਾਰੇ ਮੁੱਖ ਮੰਤਰੀਆਂ ਦੀ ਭੂਮਿਕਾ ਦੀ ਵੀ ਜਾਂਚ ਹੋਵੇ।"

# ਕੰਜ਼ਿਊਮਰ ਕਮਿਸ਼ਨ ਵਿੱਚ ਨੋਡਲ ਅਫਸਰਾਂ ਦੀ ਨਿਯੁਕਤੀ ਵਿੱਚ ਦੇਰੀ ਉੱਤੇ ਸੁਪਰੀਮ ਕੋਰਟ ਵੱਲੋਂ ਝਾੜ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੰਜ਼ਿਊਮਰ ਕਮਿਸ਼ਨਾਂ ਦੇ ਮੁਢਲੇ ਢਾਂਚੇ ਲਈ ਵੰਡੀ ਰਕਮ ਦੀਵਰਤੋਂ ਲਈ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਵਿੱਚ ਦੇਰੀ ਉੱਤੇ ਕੱਲ੍ਹ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਝਾੜ ਪਾਈ। ਜਸਟਿਸ ਐਸ ਕੇ ਕੌਲ ਤੇ ਜਸਟਿਸ ਐਮ ਐਮ ਸੁੰਦਰੇਸ਼ ਦੇ ਬੈਂਚ ਨੇ ਕਿਹਾ ਕਿ ਉਸ ਦੇ ਆਦੇਸ਼ ਦਾ ਪਾਲਣ ਨਾ ਕਰਨ ਵਾਲੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਸ ਦਾ ਨਤੀਜਾ ਭੁਗਤਣਾ ਪਵੇਗਾ। ਬੈਂਚ ਨੇ ਆਦੇਸ਼ ਦੀ ਪਾਲਣਾ ਦਾ ਐਫੀਡੇਵਿਟ ਨਾ ਦੇਣ ਵਾਲੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂਨੂੰ ਇੱਕ ਲੱਖ ਰੁਪਏ ਜੁਰਮਾਨਾ ਵੀ ਲਾਇਆ ਹੈ।

ਅਦਾਲਤ ਨੇ ਕਿਹਾ ਕਿ ਕੰਜ਼ਿਊਮਰ ਕਮਿਸ਼ਨਾਂ ਲਈ ਦਿੱਤੀ ਰਕਮ ਦੀ ਵਰਤੋਂ ਲਈ ਨੋਡਲ ਅਧਿਕਾਰੀ ਨਿਯੁਕਤ ਕਰਨ ਵਿੱਚ ਦੇਰੀ ਕਰਨ ਵਾਲੇ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼ ਹਾਲਾਤ ਦੀ ਗੰਭੀਰਤਾ ਨਹੀਂ ਸਮਝਦੇ। ਅਦਾਲਤ ਨੇ ਕਿਹਾ ਕਿ ਇੱਕ ਵਾਰ ਫਿਰ ਰਾਜਾਂ ਨੇ ਇਹੋ ਕੀਤਾ ਹੈ। 1 ਦਸੰਬਰ 2021 ਨੂੰ ਜਾਰੀ ਆਪਣੇ ਆਦੇਸ਼ ਵਿੱਚ ਅਸੀਂ ਸਮਾਂ ਹੱਦ ਦਾ ਸਪੱਸ਼ਟ ਜ਼ਿਕਰ ਕੀਤਾ ਸੀ, ਪਰ ਉਨ੍ਹਾਂ ਇਸ ਦਾ ਧਿਆਨ ਨਹੀਂ ਰੱਖਿਆ।

ਵਕੀਲ ਅਦਿੱਤਿਆ ਨਾਰਾਇਣ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਜੇ ਤਕ ਕੁੱਲ 22 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਪਾਲਣਾ ਰਿਪੋਰਟ ਪੇਸ਼ ਕੀਤੀ ਹੈ ਅਤੇ 12 ਰਾਜਾਂ ਦੇ ਸਿਵਾਏ ਸਾਰਿਆਂ ਨੇ ਨੋਡਲ ਅਧਿਕਾਰੀ ਨਿਯੁਕਤ ਕਰ ਦਿੱਤੇ ਹਨ। ਬੈਂਚ ਨੇ ਸਬੰਧਤ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਆਦੇਸ਼ ਦੀ ਪਾਲਣਾ ਲਈ ਚਾਰ ਹਫਤਿਆਂ ਦਾ ਸਮਾਂ ਦਿੰਦੇ ਹੋਏ ਕਿਹਾ ਕਿ ਅਜਿਹਾ ਕਰਨ ਵਿੱਚ ਨਾਕਾਮ ਰਹਿਣ ਉੱਤੇ ਸਬੰਧਤ ਸੈਕਟਰੀਆਂ ਨੂੰ ਮੌਜੂਦ ਹੋਣਾ ਹੋਵੇਗਾ। ਕੇਸ ਦੀ ਅਗਲੀ ਸੁਣਵਾਈ ਲਈ 12 ਅਪ੍ਰੈਲ ਉੱਤੇ ਨਿਸ਼ਚਿਤ ਕੀਤੀ ਗਈ ਹੈ।

## ਪ੍ਰਾਈਵੇਟ ਬੈਂਕ ਦੇ ਸੀ ਈ ਓ ਨੇ ਘਰ ਦੇ ਨੌਕਰਾਂ ਨੂੰ ਕਰੋੜਾਂ ਦੇ ਸ਼ੇਅਰ ਵੰਡ ਦਿੱਤੇ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਕਈ ਧਨ ਕੁਬੇਰਾਂ ਵੱਲੋਂ ਦਿੱਤੇ ਗਏ ਦਾਨ ਦੀ ਚਰਚਾ ਹੁੰਦੀ ਰਹਿੰਦੀ ਹੈ। ਇਸੇ ਸੰਬੰਧ ਵਿੱਚ ਦੇਸ਼ ਦੇ ਇੱਕ ਨਿੱਜੀ ਬੈਂਕ ਆਈ ਡੀ ਐਫ ਸੀ ਫਸਟ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਵੀ ਵੈਦਯਨਾਥਨ ਨੇ ਨਵੀਂ ਮਿਸਾਲ ਕਾਇਮ ਕਰਦੇ ਹੋਏ ਆਪਣੇ ਡਰਾਈਵਰ, ਟਰੇਨਰ ਅਤੇ ਘਰ ਵਿੱਚ ਕੰਮ ਕਰਦੇ ਹੈਲਪਰ ਨੂੰ ਆਈ ਡੀ ਐਫ ਸੀ ਫਸਟ ਬੈਂਕ ਦੇ 3.95 ਕਰੋੜ ਰੁਪਏ ਦੇ ਸ਼ੇਅਰ ਤੋਹਫੇ ਵਜੋਂ ਦਿੱਤੇ ਹਨ। ਉਨ੍ਹਾ ਨੇ ਪੰਜ ਜਣਿਆਂ ਨੂੰ ਲੱਗਭਗ 9 ਲੱਖ ਦੇ ਸ਼ੇਅਰ ਗਿਫਟ ਕੀਤੇ ਹਨ।

## ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਰੇਡੀਓ 'ਪੰਜਾਬੀ ਲਹਿਰਾਂ' ਦੇ ਸਤਿੰਦਰਪਾਲ ਸਿੰਘ ਸਿੱਧਵਾਂ ਦਾ ਸਨਮਾਨ

ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਵਲੋਂ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਬੀਤੇ ਦਿਨੀਂ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਪੰਜਾਬੀ ਬੋਲੀ ਨੂੰ ਸਮਰਪਤ ਖੂਬਸੂਰਤ ਸਮਾਰੋਹ ਦਾ ਆਯੋਜਿਨ ਕੀਤਾ ਗਿਆ। ਇਸ ਸਮੇਂ ਕੈਨੇਡਾ ਦੇ ਟਾਰਾਂਟੋ ਸ਼ਹਿਰ ਦੇ ਪਾਪੂਲਰ ਰੇਡੀਓ ਪੰਜਾਬੀ ਲਹਿਰਾਂ ਦੇ ਬਾਨੀ, ਸ਼੍ਰੋਮਣੀ ਕਵੀਸ਼ਰ ਸਰਦਾਰ ਰਣਜੀਤ ਸਿੰਘ ਸਿੱਧਵਾਂ ਦੇ ਸਪੁੱਤਰ ਸਰਦਾਰ ਸਤਿੰਦਰਪਾਲ ਸਿੰਘ ਸਿੱਧਵਾਂ ਦਾ ਖੂਬਸੂਰਤ ਫੁਲਕਾਰੀ ਇਕਵੰਜਾ ਹਜ਼ਾਰ ਰੁਪਏ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਸਨਮਾਨ ਦੇਣ ਦੀ ਰਸ਼ਮ ਪਦਮ ਸ੍ਰੀ ਸੁਰਜੀਤ ਪਾਤਰ ਚੇਅਰਮੈਨ ਪੰਜਾਬ ਕਲਾ ਪਰਿਸ਼ਦ, ਡਾ ਲਖਵਿੰਦਰ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਡਾ ਯੋਗਰਾਜ ਅਤੇ ਡਾ ਸਰਬਜੀਤ ਕੌਰ ਸੋਹਲ ਨਿਭਾਈ ਗਈ ! ਸ੍ਰ ਸਤਿੰਦਰਪਾਲ ਸਿੰਘ ਸਿੱਧਵਾਂ ਨੂੰ ਇਸ ਵੱਡਮੁਲੇ ਸਨਮਾਨ ਮਿਲਣ ਤੇ ਸੱਭਿਆਚਾਰਕ ਸੱਥ ਪੰਜਾਬ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਸਰਪ੍ਰਸਤ ਗੁਰਭਜਨ ਗਿੱਲ, ਸਕੱਤਰ ਜਨਰਲ ਪ੍ਰੋ ਨਿਰਮਲ ਜੌੜਾ, ਜਗਜੀਤ ਸਿੰਘ ਲੋਹਟਬੱਦੀ, ਵਤਨੋ ਦੂਰ ਟੀ ਵੀ ਦੇ ਕਰਤਾ ਧਰਤਾ ਸੁੱਖੀ ਨਿੱਜਰ, ਗੁਰਦੇਵ ਸਿੰਘ, ਪ੍ਰੀਤਮ ਸਿੰਘ ਰੁਪਾਲ, ਰਬਿੰਦਰ ਰੰਗੂਵਾਲ ਨੇ ਮੁਬਾਰਕਬਾਦ ਦਿੰਦਿਆਂ ਆਸ ਪ੍ਰਗਟ ਕੀਤੀ ਹੈ ਕੇ ਸਰਦਾਰ ਸਤਿੰਦਰ ਪਾਲ ਸਿੱਧਵਾਂ ਕੈਨੇਡਾ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਾਸਾਰ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ ! ਇਸ ਸੰਬੰਧੀ ਸੱਥ ਦੀ ਹੋਈ ਮੀਟਿੰਗ ਵਿਚ ਪੰਜਾਬ ਕਲਾ ਪਰਿਸ਼ਦ ਦੇ ਉਪਰਾਲਿਆਂ ਦੀ ਸਲਾਘਾ ਕਰਦਿਆਂ ਸਮੁੱਚੇ ਪੰਜਾਬੀ ਜਗਤ ਨੂੰ ਕੌਮਾਂਤਰੀ ਮਾਤ ਭਾਸ਼ਾ ਦਿਵਸ ਤੇ ਵਧਾਈ ਦਿੰਦਿਆਂ ਪੰਜਾਬੀ ਬੋਲੀ ਅਪਨਾਉਣ ਦੀ ਅਪੀਲ ਵੀ ਕੀਤੀ ਗਈ। ਕੈਨੇਡਾ ਵਿਚ ਵੀ ਏਕਮ ਟੀਵੀ ਅਮਰਜੀਤ ਸਿੰਘ ਰਾਏ, ਅਮਰ ਸਿੰਘ ਭੁੱਲਰ, ਗਾਉਂਦਾ ਪੰਜਾਬ ਦੇ ਜੁਗਿੰਦਰ ਬਾਸੀ, ਪੰਜਾਬੀ ਵਿਰਸਾ ਦੇ ਸਿੰਘ ਹਰਜੀਤ, ਪੰਜਾਬੀ ਪੋਸਟ ਦੇ ਜਗਦੀਸ਼ ਗਰੇਵਾਲ, ਪੰਜਾਬ ਸਟਾਰ ਦੇ ਸਿਮਰਤ ਗਰੇਵਾਲ, ਆਰਟਿਸਟ ਬਲਜਿੰਦਰ ਸੇਖਾ ,ਮਾਸਟਰ ਹਰਚਰਨ ਸਿੰਘ ਰਾਮੂਵਾਲਾ ਨੇ ਸ਼ਤਿੱਦਰਪਾਲ ਸਿੱਧਵਾਂ ਨੂੰ ਵਧਾਈ ਭੇਜੀ ਹੈ।






## ਅੱਜ ਨਾਮਾ

ਫਤਵਾ ਪਿਆ ਮਸ਼ੀਨਾਂ ਵਿੱਚ ਬੰਦ ਮਿੱਤਰ,
ਚੈਨ ਆਗੂਆਂ ਦਾ ਗਿਆ ਈਖੁੱਸ ਮਿੱਤਰ।
ਸੁਫਨਾ ਰਾਤ ਨੂੰ ਜਿੱਤ ਦਾ ਕਦੀ ਆਉਂਦਾ,
ਕੁਰਸੀ ਦਿੱਸਦੀ ਕਦੀ ਗਈ ਰੁੱਸ ਮਿੱਤਰ।
ਆਤਿਸ਼ਬਾਜ਼ੀ ਹੈ ਚੱਲ ਰਹੀ ਕਦੇ ਲੱਗਦੀ,
ਲੱਗਦਾ ਕਦੀ ਸਭ ਮਾਲ ਹੀਠੁੱਸ ਮਿੱਤਰ।
ਹਰ ਕੋਈ ਬਦਲ ਕੇ ਸੀਟ ਦੀ ਗੱਲ ਆਖੇ,
ਚੰਦਰਾ ਬਾਹਲਾ ਈ ਰਾਜਸੀ ਭੁੱਸ ਮਿੱਤਰ।
ਵੋਟਾਂ ਗਿਣਨ ਦੀ ਘੜੀ ਆ ਦੂਰ ਬਾਹਲੀ,
ਹੁੰਦਾ ਵਕਤ ਨਾ ਓਦੋਂ ਤੱਕ ਕੱਟ ਮਿੱਤਰ।
ਗਏ ਜਦ ਹਾਰ ਤਾਂ ਚੁਭੇਗਾ ਖਰਚ ਕੀਤਾ,
ਹੋ ਗਈ ਜਿੱਤ ਤੇ ਜਾਣਾ ਹੈ ਖੱਟ ਮਿੱਤਰ।

**ਤੀਸ ਮਾਰ ਖਾਂ**

# ਯੂਕਰੇਨ ਸੰਕਟ ਉੱਤੇ ਨਰਿੰਦਰ ਮੋਦੀ ਦੀ ਪੁਤਿਨ ਨਾਲ ਗੱਲਬਾਤ

### * ਭਾਰਤ ਨੇ ਜੰਗ ਦੇ ਬਜਾਏ ਗੱਲਬਾਤ ਕਰਨ ਲਈ ਕਿਹਾ * ਭਾਰਤ ਸਰਕਾਰ ਦੇ ਸਟੈਂਡ ਤੋਂ ਯੂਕਰੇਨ ਦੀ ਤਸੱਲੀ ਨਹੀਂ

ਨਵੀਂ ਦਿੱਲੀ, 24 ਫਰਵਰੀ, (ਪੋਸਟ ਬਿਊਰੋ)- ਯੂਕਰੇਨ ਉੱਤੇ ਰੂਸੀ ਫੌਜ ਦੇ ਹਮਲੇ ਦੇ ਬਾਅਦ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫੋਨ ਉੱਤੇ ਗੱਲ ਕੀਤੀ ਹੈ।

ਪਤਾ ਲੱਗਾ ਹੈ ਕਿ ਮੋਦੀ-ਪੁਤਿਨ ਵਿਚਾਲੇ ਯੂਕਰੇਨ ਸੰਕਟ ਬਾਰੇ ਗੱਲਬਾਤ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਅਪੀਲ ਕੀਤੀ ਕਿ ਨਾਟੋ ਦੇ ਦੇਸ਼ ਅਤੇ ਰੂਸ ਆਪਸੀ ਗੱਲਬਾਤ ਰਾਹੀਂ ਇਸ ਮਸਲੇ ਦਾ ਕੋਈ ਹੱਲ ਲੱਭਣ। ਨਰਿੰਦਰ ਮੋਦੀ ਨੇ ਵਲਾਦੀਮੀਰ ਪੁਤਿਨ ਨੂੰ ਜੰਗ ਰੋਕਣ ਦੀ ਅਪੀਲ ਕਰਦਿਆਂ ਕਿਹਾ ਕਿ ਨਾਟੋ ਤੇ ਰੂਸ ਦੋਵਾਂ ਧਿਰਾਂ ਨੂੰ ਇਹ ਮਸਲਾ ਗੱਲਬਾਤ ਰਾਹੀਂ ਸੁਲਝਾਉਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਯੂਕਰੇਨ ਉੱਤੇ ਰੂਸੀ ਹਮਲੇ ਦੇ ਬਾਅਦ ਤੇਜ਼ੀ ਨਾਲ ਬਦਲਦੀ ਸੰਸਾਰ ਸਿਆਸਤ ਅਤੇ ਯੂਕਰੇਨ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਨੂੰ ਕੱਢਣਦੇ ਬਾਰੇ ਵਿਚਾਰ ਲਈ ਅੱਜਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰ ਸਰਕਾਰ ਦੀ ਰੱਖਿਆ ਮਾਮਲਿਆਂ ਦੀ ਕਮੇਟੀ ਦੀਬੈਠਕਹੋਈ, ਜਿਸ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ, ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਪੈਟਰੋਲੀਅਮ, ਕੁਦਰਤੀ ਗੈਸ ਬਾਰੇ ਮੰਤਰੀ ਹਰਦੀਪ ਸਿੰਘ ਪੁਰੀ ਦੇ ਨਾਲ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਵਿਦੇਸ਼ ਮੰਤਰਾਲੇ, ਵਿੱਤ ਮੰਤਰਾਲੇ ਅਤੇ ਖੁਫ਼ੀਆ ਏਜੰਸੀਆਂ ਦੇ ਅਧਿਕਾਰੀ ਸ਼ਾਮਲ ਸਨ।

ਦੂਸਰੇ ਪਾਸੇ ਯੂਕਰੇਨ ਦੀ



ਰਾਜਧਾਨੀ ਕੀਵ ਵਿਚ ਕਰੀਬ 18 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਕੱਢਣ ਦੇ ਮੁੱਦੇ ਉੱਤੇਵਿਦੇਸ਼ ਮੰਤਰਾਲਾ ਤੇਜ਼ੀ ਨਾਲ ਕੰਮ ਕਰ ਰਿਹਾ ਹੈ।ਯੂਕਰੇਨ ਵਿੱਚ ਭਾਰਤੀ ਰਾਜਦੂਤ ਨੇ ਭਾਰਤੀ ਵਿਦਿਆਰਥੀਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਯੂਕਰੇਨਨੇੜਲੇ ਦੇਸ਼ਾਂ ਹੰਗਰੀ, ਰੋਮਾਨੀਆ, ਸਲੋਵਾਕ ਗਣਰਾਜ ਅਤੇ ਪੋਲੈਂਡ ਵਿੱਚ ਯੂਕਰੇਨ ਨਾਲ ਲੱਗਦੀ ਜ਼ਮੀਨੀ ਸਰਹੱਦਚਾਰ ਵਿਸ਼ੇਸ਼ ਟੀਮਾਂ ਭੇਜਣ ਦਾ ਐਲਾਨ ਕੀਤਾ ਹੈ। ਯੂਕਰੇਨ ਦੀ ਰਾਜਧਾਨੀ ਵਿਚਲੇ ਭਾਰਤੀ ਦੂਤਘਰਨੇ ਐਡਵਾਈਜ਼ਰੀ ਜਾਰੀ ਕੀਤੀ ਹੈ ਕਿ ਯੂਕਰੇਨ ਵਿੱਚਬੇਯਕੀਨੀ ਦੀ ਸਥਿਤੀ ਹੈ, ਸ਼ਾਂਤੀ ਰੱਖੋ, ਆਪਣੇ ਘਰਾਂ, ਰੈਸਟੋਰੈਂਟਾਂ ਤੇ ਹੋਸਟਲਾਂ ਵਿੱਚ ਜਿਥੇ ਵੀ ਹੋ, ਉਥੇ ਸੁਰੱਖਿਅਤ ਰਹੋ। ਇਸ ਐਡਵਾਈਜ਼ਰੀ ਵਿੱਚਇਹ ਕਿਹਾ ਗਿਆ ਹੈ ਕਿ ਰਾਜਧਾਨੀ ਕੀਵ ਵੱਲ ਯਾਤਰਾ ਕਰ ਰਹੇ ਭਾਰਤੀ ਅਸਥਾਈ ਤੌਰ ਉੱਤੇ ਆਪਣੇ ਸ਼ਹਿਰਾਂ ਵਿੱਚਸੁਰੱਖਿਅਤ ਥਾਂਵਾਂ ਉੱਤੇਮੁੜ ਜਾਣ ਅਤੇ ਖ਼ਾਸ ਕਰਕੇ ਯੂਕਰੇਨ ਦੀ ਪੱਛਮੀ ਸਰਹੱਦ ਨਾਲ ਲੱਗਦੇ ਸੁਰੱਖਿਅਤ ਥਾਈਂ ਜਾਣ ਨੂੰ ਕਿਹਾ ਗਿਆ ਹੈ।ਰੂਸ ਵੱਲੋਂ ਜੰਗ ਛੇੜਨ ਪਿੱਛੋਂਅੱਜ ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਕੀਵ ਵਿੱਚ ਭਾਰਤੀ ਦੂਤਘਰ ਦੇ ਬਾਹਰ ਇਕੱਠੇ ਹੋਏ ਤੇ ਮਦਦ ਦੀ ਅਪੀਲ ਕੀਤੀ।

ਇਸ ਦੌਰਾਨ ਪਤਾ ਲੱਗਾ ਹੈ ਕਿ ਰੂਸ ਦੇ ਹਮਲੇ ਤੋਂ ਬਣੇ ਸੰਕਟ ਉੱਤੇ ਭਾਰਤ ਦੇ ਸਟੈਂਡ ਤੋਂ ਯੂਕਰੇਨ ਦੀ ਤਸੱਲੀ ਨਹੀਂ। ਨਵੀਂ ਦਿੱਲੀ ਵਿੱਚ ਯੂਕਰੇਨ ਦੇ ਰਾਜਦੂਤ ਇਗੋਰ ਪੋਲਿਖਾ ਨੇ ਹਾਲਾਤ ਸੁਲਝਾਉਣਲਈ ਭਾਰਤ ਤੋਂ ਸਮੱਰਥਨ ਦੀ ਮੰਗ ਕੀਤੀਅਤੇ ਕਿਹਾ ਕਿ ਭਾਰਤ ਦੇ ਰੂਸ ਨਾਲ ਖ਼ਾਸ ਸਬੰਧ ਹਨ ਤੇ ਸਾਡਾਸੰਕਟ ਘੱਟ ਕਰਨ ਲਈ ਭਾਰਤ ਸਰਗਰਮ ਰੋਲ ਨਿਭਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗਿਣੇ-ਚੁਣੇ ਨੇਤਾਵਾਂ ਵਿੱਚੋਂ ਹਨ, ਜਿਨ੍ਹਾਂ ਦੀ ਗੱਲਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਸੁਣਦੇ ਹਨ ਅਤੇ ਸਥਿਤੀ ਕੰਟਰੋਲ ਕਰਨ ਲਈ ਭਾਰਤ ਮਾਸਕੋ ਨਾਲ ਆਪਣੇ ਨੇੜਲੇ ਸਬੰਧਾਂ ਦੀ ਵਰਤੋਂ ਕਰ ਸਕਦਾ ਹੈ।ਰਾਜਦੂਤ ਨੇ ਕਿਹਾ ਕਿ ਯੂਕਰੇਨ ਸੰਕਟ ਉੱਤੇ ਭਾਰਤ ਦੇ ਰੁਖ ਤੋਂਉਹ ਬੇਹੱਦ ਅਸੰਤੁਸ਼ਟ ਹਨ। ਉਨ੍ਹਾਂ ਦੀ ਇਸ ਟਿੱਪਣੀ ਦੇ ਇਕ ਦਿਨ ਬਾਅਦ ਰੂਸ ਦੇ ਮਿਸ਼ਨ ਦੇ ਡਿਪਟੀ ਚੀਫ ਰੋਮਨ ਬਾਬੁਸ਼ਿਕਨ ਨੇ ਕਿਹਾ ਕਿ ਭਾਰਤ ਜ਼ਿੰਮੇਵਾਰ ਗਲੋਬਲ ਸ਼ਕਤੀ ਵਜੋਂ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ ਤੇ ਇਹ ਗਲੋਬਲ ਮਾਮਲਿਆਂ ਲਈ 'ਆਜ਼ਾਦ ਅਤੇ ਸੰਤੁਲਿਤ' ਦ੍ਰਿਸ਼ਟੀਕੋਣ ਰੱਖਦਾ ਹੈ।ਓਧਰ ਯੂ ਐੱਨ ਸਕਿਓਰਿਟੀ ਕੌਂਸਲ ਦੀ ਐਮਰਜੈਂਸੀ ਬੈਠਕ ਵਿੱਚ ਭਾਰਤ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ।

# ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਦਾਲਤ ਵਿੱਚ ਪੇਸ਼

### * ਅਦਾਲਤ ਨੇ 8 ਮਾਰਚ ਤੱਕ ਜੇਲ੍ਹ ਵਿੱਚ ਭੇਜਿਆ

ਮੋਹਾਲੀ, 24 ਫਰਵਰੀ, (ਪੋਸਟ ਬਿਊਰੋ)- ਬਹੁ-ਚਰਚਿਤ ਡਰੱਗਜ਼ ਕੇਸ ਵਿੱਚ ਅੱਜ ਵੀਰਵਾਰ ਮੋਹਾਲੀ ਅਦਾਲਤ ਵਿੱਚ ਆਤਮ-ਸਮੱਰਪਣ ਕਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਅਦਾਲਤ ਨੇ 8 ਮਾਰਚ ਤੱਕ ਜੁਡੀਸ਼ਲ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਇਸ ਕੇਸ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਮਿਲੀ ਰਾਹਤ ਅੱਜ ਖ਼ਤਮ ਹੋ ਜਾਣਪਿੱਛੋਂ ਮਜੀਠੀਆ ਨੇ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਸੀ।ਉਨ੍ਹਾ ਨੇ ਆਪਣੇਖਿਲਾਫ ਕੇਸ ਦਰਜ ਹੋਣ ਪਿੱਛੋਂ ਮੋਹਾਲੀ ਅਦਾਲਤ ਵਿੱਚ ਅੰਤਰਿਮ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ, ਜੋ ਰੱਦ ਹੋ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਹਰਿਆਣਾ ਹਾਈਕੋਰਟ ਤੱਕ ਪਹੁੰਚ ਕੀਤੀ ਤਾਂ ਏਥੇ ਕੁਝ ਦਿਨਾਂ ਦੀ ਅੰਤਰਿਮ ਰਾਹਤ ਦੇ ਪਿੱਛੋਂ ਉਨ੍ਹਾਂ ਦੀ ਅਰਜ਼ੀ ਰੱਦ ਹੋ ਗਈ ਸੀ। ਫਿਰ ਉਨ੍ਹਾਂ ਨੇ ਸੁਪਰੀਮ ਕੋਰਟ ਨੂੰ ਅਰਜ਼ੀ ਦਿੱਤੀ ਤਾਂ ਕੋਰਟ ਨੇ ਵਿਧਾਨ ਸਭਾ ਚੋਣਾਂ ਦੇਖ ਕੇ 24 ਫਰਵਰੀ ਤੱਕ ਉਨ੍ਹਾਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਾ ਦਿੱਤੀ ਸੀ, ਜੋ ਅੱਜ ਖ਼ਤਮ ਹੋ ਗਈ ਸੀ। ਇਸ ਕਾਰਨ ਬਿਕਰਮ ਸਿੰਘ ਮਜੀਠੀਆ ਨੇ ਅੱਜ ਮੋਹਾਲੀ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ 31 ਜਨਵਰੀ ਤੱਕ ਮਜੀਠੀਆ ਵਿਰੁੱਧ ਕੋਈ ਕਾਰਵਾਈ ਕਰਨੋਂ ਰੋਕਿਆ ਅਤੇ ਇਸਦੇ ਨਾਲ ਮਜੀਠੀਆ ਨੂੰ 23 ਫਰਵਰੀ ਨੂੰ ਹੇਠਲੀ ਅਦਾਲਤ ਅੱਗੇ ਆਤਮ ਸਮਰਪਣ ਕਰਨ ਨੂੰ ਕਿਹਾ ਸੀ।ਅੱਜ ਮਜੀਠੀਆ ਦੇ ਆਤਮ ਸਮੱਰਪਣ ਦੇ ਬਾਅਦ ਉਸ ਦੀ ਜ਼ਮਾਨਤ ਪਟੀਸ਼ਨ ਉੱਤੇ ਸੁਣਵਾਈ ਹੋ ਰਹੀ ਹੈ। ਬਿਕਰਮ ਸਿੰਘ ਮਜੀਠੀਆ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਦੇ ਭਰਾ ਹਨ ਤੇ ਉਹ ਅੰਮ੍ਰਿਤਸਰ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਦੇ ਮੁਕਾਬਲੇ ਵਿਧਾਨ ਸਭਾ ਚੋਣ ਦੇ ਉਮੀਦਵਾਰ ਵੀ ਹਨ, ਜਿਸ ਦੇ ਨਤੀਜੇ 10 ਮਾਰਚ ਨੂੰ ਆਉਣਗੇ।

ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਕਾਗਜ਼ੀ ਕਾਰਵਾਈ ਪੂਰੀ ਹੋਣਪਿੱਛੋਂਸੰਗਰੂਰ ਜੇਲ੍ਹ ਤੋਂ ਪਟਿਆਲਾ ਦੀ ਕੇਂਦਰੀ ਜੇਲ੍ਹ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂਬਿਕਰਮਜੀਤ ਸਿੰਘ ਮਜੀਠੀਆ ਨੂੰ ਸੰਗਰੂਰ ਲਿਆਂਦਾ ਗਿਆ ਅਤੇ ਕਾਗਜ਼ੀ ਕਾਰਵਾਈ ਪੂਰੀ ਕਰਨ ਦੌਰਾਨ ਉਸ ਨੂੰ ਕਰੀਬ 20 ਮਿੰਟ ਸੰਗਰੂਰ ਜੇਲ੍ਹ ਵਿੱਚ ਰੱਖਿਆ ਗਿਆ ਸੀ। ਮਜੀਠੀਆ ਦੇਸੰਗਰੂਰ ਜੇਲ੍ਹ ਪੁੱਜਣ ਉੱਤੇਸੰਗਰੂਰ ਤੋਂ ਅਕਾਲੀ ਦਲ ਬਸਪਾਉਮੀਦਵਾਰ ਵਿਨਰਜੀਤ ਸਿੰਘ ਗੋਲਡੀ ਉਨ੍ਹਾਂ ਨੂੰ ਮਿਲਣ ਜੇਲ੍ਹ ਪੁੱਜੇ।ਉਨ੍ਹਾਂ ਕਿਹਾ ਕਿ ਮਜੀਠੀਆ ਖਿਲਾਫ ਹੋ ਰਹੀ ਕਾਰਵਾਈ ਪੂਰੀ ਤਰ੍ਹਾਂ ਝੂਠ ਹੈ।

# ਹਿਜਾਬ ਵਿਵਾਦ ਦਾ ਪ੍ਰਛਾਵਾਂ: ਬੈਂਗਲੂਰੂ ਕਾਲਜ ਵਿਚ ਅੰਮ੍ਰਿਤਧਾਰੀ ਸਿੱਖ ਕੁੜੀ ਨੂੰ ਦਸਤਾਰ ਉਤਾਰਨ ਲਈ ਕਿਹਾ ਗਿਆ

ਬੈਂਗਲੁਰੂ, 24 ਫਰਵਰੀ, (ਪੋਸਟ ਬਿਊਰੋ)- ਕਰਨਾਟਕ ਵਿੱਚ ਹਿਜਾਬ ਬਾਰੇ ਚੱਲ ਰਹੇ ਵਿਵਾਦ ਦੌਰਾਨ ਬੈਂਗਲੁਰੂ ਵਿੱਚਸਿੱਖ ਭਾਈਚਾਰੇ ਦੀ ਇੱਕ ਵਿਦਿਆਰਥਣ ਨੂੰ ਮਾਊਂਟ ਕਾਰਮੇਲ ਪੀਊ ਕਾਲਜ ਵਿੱਚ ਦਸਤਾਰ ਉਤਾਰਨ ਨੂੰ ਕਿਹਾ ਗਿਆ ਹੈ। ਇਸਮਾਮਲੇ ਵਿੱਚ ਕਾਲਜ ਨੇ ਬੀਤੀ 10 ਫਰਵਰੀ ਨੂੰ ਕਰਨਾਟਕ ਹਾਈ ਕੋਰਟ ਵੱਲੋਂ ਜਾਰੀ ਹੋਏ ਅੰਤਰਿਮ ਆਦੇਸ਼ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚਇੱਕੋ ਜਿਹੇ ਡਰੈੱਸ ਕੋਡ ਦੀ ਗੱਲ ਕਹੀ ਗਈ ਹੈ।

ਵਰਨਣ ਯੋਗ ਹੈ ਕਿ ਕਰਨਾਟਕ ਹਾਈ ਕੋਰਟ ਨੇ ਇੱਕਹੁਕਮ ਵਿੱਚ ਵਿਦਿਆਰਥਣਾਂ ਨੂੰ ਭਗਵਾ ਸ਼ਾਲ, ਹਿਜਾਬ ਤੇ ਧਾਰਮਿਕ ਝੰਡੇ ਜਾਂ ਏਦਾਂ ਦੇ ਹੋਰ ਧਾਰਮਿਕ ਕੱਪੜੇ ਕਾਲਜਾਂ ਦੀ ਜਮਾਤ ਵਿੱਚ ਪਹਿਨ ਕੇ ਆਉਣ ਤੋਂ ਰੋਕਿਆ ਹੈ। ਸਿੱਖ ਕੁੜੀ ਦੇ ਪਰਿਵਾਰ ਨੇ ਕਿਹਾ ਕਿ ਕਾਲਜ ਨੇ ਕਦੇ ਏਦਾਂ ਦਾ ਵਿਤਕਰਾ ਨਹੀਂ ਕੀਤਾ, ਹਮੇਸ਼ਾ ਵਿਚਾਰਸ਼ੀਲ ਅਤੇ ਸ਼ਾਂਤ ਰਿਹਾ ਹੈ, ਕਰਨਾਟਕ ਸਰਕਾਰ ਅਤੇ ਹਾਈ ਕੋਰਟ ਨੂੰ ਇਸ ਬਾਰੇ ਸਪੱਸ਼ਟ ਨਿਰਦੇਸ਼ ਜਾਰੀ ਕਰਨੇ ਹੋਣਗੇ।

ਮਾਊਂਟ ਕਾਰਮੇਲ ਪੀਊ ਕਾਲਜ, ਬੈਂਗਲੁਰੂ ਦੀ ਇਸ ਵਿਦਿਆਰਥਣ ਨੂੰ 16 ਫਰਵਰੀ ਨੂੰ ਪਹਿਲੀ ਵਾਰ ਆਪਣੀ ਦਸਤਾਰ ਉਤਾਰਨ ਨੂੰ ਕਿਹਾ ਗਿਆਤਾਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਕਾਲਜ



ਪ੍ਰਸ਼ਾਸਨ ਨਾਲ ਉਨ੍ਹਾਂ ਦੇ ਪਿਤਾ ਨੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹਸਿੱਖਾਂ ਲਈ ਦਸਤਾਰ ਦਾ ਮਹੱਤਵ ਸਮਝਦੇ ਹਨ, ਪਰ ਹਾਈ ਕੋਰਟ ਦੇ ਆਦੇਸ਼ ਕਾਰਨਬੱਝੇ ਹਨ। ਕਾਲਜ ਦੇ ਬੁਲਾਰੇ ਨੇ ਕਿਹਾ, 'ਸਾਨੂੰ ਦਸਤਾਰ ਪਹਿਨਣ ਤੋਂ ਕੁੜੀ ਨਾਲ ਕੋਈ ਸਮੱਸਿਆ ਨਹੀਂ, 16 ਫਰਵਰੀ ਨੂੰ ਕਾਲਜ ਮੁੜ ਕੇ ਖੁੱਲ੍ਹਿਆ ਤਾਂ ਅਸੀਂ ਵਿਦਿਆਰਥੀਆਂ ਨੂੰ ਹਾਈ ਕੋਰਟ ਦੇ ਆਦੇਸ਼ ਬਾਰੇਦੱਸਿਆ ਸੀ। ਮੰਗਲਵਾਰਜਦੋਂ ਸਿੱਖਿਆ ਅਧਿਕਾਰੀ ਨੇ ਕਾਲਜ ਦਾ ਦੌਰਾ ਕੀਤਾ ਤਾਂ ਉਨ੍ਹਾਂ ਨੂੰ ਹਿਜਾਬ ਵਿੱਚ ਕੁੜੀਆਂ ਦਾ ਗਰੁੱਪ ਮਿਲਿਆ ਤਾਂ ਦਫ਼ਤਰਸੱਦ ਕੇ ਹਾਈ ਕੋਰਟ ਦੇ ਆਦੇਸ਼ ਬਾਰੇ ਦੱਸਿਆ। ਇਹ ਕੁੜੀਆਂ ਕਹਿੰਦੀਆਂ ਹਨ ਕਿ ਫਿਰ ਕਿਸੇ ਵੀ ਕੁੜੀ ਨੂੰ ਧਾਰਮਿਕ ਪ੍ਰਤੀਕ ਪਹਿਨਣ ਦੀ ਮਨਜ਼ੂਰੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਸਿੱਖ ਕੁੜੀ ਦੇ ਦਸਤਾਰ ਪਹਿਨਣਦਾ ਇਤਰਾਜ਼ ਕੀਤਾ ਹੈ। ਅਸੀਂ ਕੁੜੀ ਦੇ ਪਿਤਾ ਨਾਲ ਗੱਲ ਕੀਤੀ ਤੇ ਫਿਰ ਉਨ੍ਹਾਂ ਨੂੰ ਮੇਲ ਕਰ ਕੇ ਆਦੇਸ਼ ਬਾਰੇ ਦੱਸਿਆ ਤੇ ਇਸ ਦਾ ਪਾਲਣ ਕਰਨ ਨੂੰ ਕਿਹਾ। ਪਿਤਾ ਨੇ ਜਵਾਬ ਦਿੱਤਾ ਕਿ ਇਹ (ਦਸਤਾਰ) ਉਨ੍ਹਾਂ ਦੇ ਜੀਵਨ ਦਾ ਅਭਿੰਨ ਅੰਗ ਹੈ। ਅਸੀਂ ਦਖ਼ਲਨਹੀਂ ਦੇਣਾ ਚਾਹੁੰਦੇ, ਪਰ ਹੋਰ ਕੁੜੀਆਂ ਇਕਜੁੱਟ ਹੋ ਕੇ ਉਸ ਦਾ ਵਿਰੋਧ ਕਰਦੀਆਂ ਹਨ, ਇਸ ਲਈ ਸਾਨੂੰ ਮੇਲ ਭੇਜਣੀ ਪਈ ਹੈ।'

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਰਨਾਟਕ ਦੇ ਬੰਗਲੌਰ ਵਿਚਲੇ ਕਾਲਜ ਦੇ ਪ੍ਰਬੰਧਕਾਂ ਵੱਲੋਂ ਅੰਮ੍ਰਿਤਧਾਰੀ ਵਿਦਿਆਰਥਣ ਨੂੰ ਦਸਤਾਰ ਲਾਹ ਕੇ ਕਾਲਜ ਆਉਣ ਲਈ ਆਖਣ ਉੱਤੇ ਸਖ਼ਤ ਇਤਰਾਜ਼ ਕੀਤਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਉਸ ਰਾਜ ਵਿਚ ਸਿੱਖਾਂ ਦੀ ਧਾਰਮਿਕ ਅਜ਼ਾਦੀ ਕਾਇਮ ਰੱਖਣ ਨੂੰ ਕਿਹਾ ਤੇ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਦਾ ਯੋਗਦਾਨ ਯਾਦ ਕਰਾਇਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਕਿ ਆਪਣੇ ਦੇਸ਼ ਵਿੱਚ ਸਿੱਖਾਂ ਨੂੰ ਦਸਤਾਰ ਉਤਾਰਨ ਨੂੰ ਮਜਬੂਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਗ਼ਲਤ ਫ਼ੈਸਲਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਭਾਰਤ ਦੀ ਅਜ਼ਾਦੀ ਲਈ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ ਤੇ ਅੱਜ ਉਸਦੇਸ਼ ਵਿਚ ਹੀ ਦਸਤਾਰ ਉੱਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ, ਜਿਸ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਚੀਫ ਜਸਟਿਸ ਅਤੇ ਫ਼ੌਜ ਦੇ ਮੁਖੀ ਵੀ ਸਿੱਖ ਰਹੇ ਹਨ।

# ਮਨੀ ਲਾਂਡਰਿੰਗ ਕੇਸ ਵਿੱਚ ਮਹਾਰਾਸ਼ਟਰ ਦਾ ਮੰਤਰੀ ਨਵਾਬ ਮਲਿਕ ਈ ਡੀ ਵੱਲੋਂ ਗ੍ਰਿਫ਼ਤਾਰ

ਮੁੰਬਈ, 24 ਫਰਵਰੀ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੰਡਰਵਰਲਡ ਦੇ ਇੱਕਭਗੌੜੇ ਸਰਗਣੇ ਦਾਊਦ ਇਬਰਾਹੀਮ, ਉਸ ਦੇ ਸਹਿਯੋਗੀਆਂ ਅਤੇ ਮੁੰਬਈ ਅੰਡਰਵਰਲਡ ਦੀਆਂ ਸਰਗਰਮੀਆਂ ਨਾਲ ਜੁੜੀ ਮਨੀ ਲਾਂਡਰਿੰਗ ਦੇ ਕੇਸਵਿੱਚਅੱਜ ਬੁੱਧਵਾਰ ਨੂੰ ਮਹਾਰਾਸ਼ਟਰ ਦੇ ਘੱਟ-ਗਿਣਤੀਆਂ ਬਾਰੇ ਮੰਤਰੀ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ) ਦੇ ਆਗੂ ਨਵਾਬ ਮਲਿਕ ਨੂੰ ਗ੍ਰਿਫ਼ਤਾਰ ਕਰ ਲਿਆ।

ਈ ਡੀ ਅਧਿਕਾਰੀਆਂ ਦੇ ਮੁਤਾਬਕ 62 ਸਾਲਾ ਨਵਾਬ ਮਲਿਕ ਨੂੰ ਸਵੇਰੇ ਕਰੀਬ ਅੱਠ ਵਜੇ ਪੁੱਛਗਿੱਛ ਕਰਨ ਲਈ ਦੱਖਣੀ ਮੁੰਬਈ ਵਾਲੇ ਈ ਡੀ ਦਫ਼ਤਰਲਿਆਂਦਾ ਗਿਆ ਸੀ, ਕਰੀਬ ਛੇ ਘੰਟੇ ਦੀ ਪੁੱਛਗਿੱਛ ਪਿੱਛੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐੱਫ) ਅਤੇ ਲੋਕਲ ਪੁਲਿਸ ਦੀ ਸੁਰੱਖਿਆ ਵਿੱਚ ਈਡੀ ਅਧਿਕਾਰੀਆਂ ਵੱਲੋਂ ਮੈਡੀਕਲ ਚੈੱਕਅਪ ਲਈ ਲਿਜਾਣ ਤੋਂ ਪਹਿਲਾਂ ਨਵਾਬ ਮਲਿਕ ਨੇ ਮੀਡੀਆ ਅੱਗੇ ਮੁਸਕੁਰਾ ਕੇ ਮੁੱਠੀ ਬੰਨ੍ਹੀ, ਹੱਥ ਹਿਲਾਇਆ ਤੇ ਗੱਡੀ ਦੇ ਅੰਦਰੋਂ ਕਿਹਾ, 'ਅਸੀਂ ਲੜਾਂਗੇ, ਜਿੱਤਾਂਗੇ ਤੇ ਸਭ ਨੂੰ ਬੇਨਕਾਬ ਕਰਾਂਗੇ।'

ਇਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਨਵਾਬ ਮਲਿਕ ਦਾ



ਬਿਆਨ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐੱਮਐੱਲਏ) ਹੇਠ ਦਰਜ ਕੀਤਾ ਤੇ ਉਨ੍ਹਾਂ ਨੂੰ ਇਸੇ ਦੀਆਂ ਮਦਾਂ ਹੇਠ ਗ੍ਰਿਫ਼ਤਾਰ ਕੀਤਾ ਹੈ, ਕਿਉਂਕਿ ਉਹ ਜਵਾਬ ਦੇਣੋਂ ਬਚ ਰਹੇ ਸਨ। ਮੁੰਬਈਵਿੱਚਧਮਾਕਿਆਂ ਦੇ ਦੋਸ਼ੀਆਂ ਨਾਲ ਕੁਝ ਜਾਇਦਾਦਾਂ ਦੇ ਸੌਦੇਵਿੱਚ ਨਵਾਬ ਮਲਿਕ ਦੇ ਲਿੰਕ ਉੱਤੇ ਕੇਂਦਰੀ ਜਾਂਚ ਏਜੰਸੀ ਦੀ ਨਜ਼ਰ ਸੀ ਤੇ ਇਸੇ ਲਈ ਉਨ੍ਹਾਂ ਤੋਂ ਪੁੱਛਗਿੱਛ ਹੋਈ ਹੈ। ਈ ਡੀ ਦੀ ਇਹ ਕਾਰਵਾਈ ਨਵਾਂ ਕੇਸ ਦਰਜ ਕਰਨ ਤੇ ਦਾਊਦ ਦੇ ਸਾਥੀਆਂ ਨਾਲ ਜੁੜੇ ਗ਼ੈਰ-ਕਾਨੂੰਨੀ ਜਾਇਦਾਦ ਸੌਦਿਆਂ ਤੇ ਹਵਾਲਾ ਲੈਣ-ਦੇਣ ਸਮੇਤ ਅੰਡਰਵਰਲਡ ਦੀਆਂ ਸਰਗਰਮੀਆਂ ਦੇ ਕੇਸਵਿੱਚ 15 ਫਰਵਰੀ ਨੂੰ ਮੁੰਬਈਵਿੱਚ ਮਾਰੇ ਛਾਪਿਆਂ ਪਿੱਛੋਂ ਕੀਤੀ ਗਈ ਹੈ। ਇਹ ਛਾਪੇ 10 ਥਾਂ ਮਾਰੇ ਗਏ ਸਨ, ਜਿਨ੍ਹਾਂਵਿੱਚ ਦਾਊਦ ਦੀ ਮਰਹੂਮ ਭੈਣ ਹਸੀਨਾ ਪਾਰਕਰ, ਭਰਾ ਇਕਬਾਲ ਕਾਸਕਰ, ਸਲੀਮ ਕੁਰੈਸ਼ੀ ਉਰਫ਼ ਸਲੀਮ ਫਰੂਟ ਤੇ ਗੈਂਗਸਟਰ ਛੋਟਾ ਸ਼ਕੀਲ ਦੇ ਇਕ ਰਿਸ਼ਤੇਦਾਰ ਦੇ ਕੰਪਲੈਕਸ ਸ਼ਾਮਲ ਸਨ।

# ਵੋਟਿੰਗ ਮਸ਼ੀਨਾਂ ਵਾਲੇ ਸਟਰਾਂਗ ਰੂਮਾਂ ਅੱਗੇ ਆਪ ਪਾਰਟੀ ਵਾਲਿਆਂ ਦੇ ਆਪਣੇ ਪਹਿਰੇ

ਲੁਧਿਆਣਾ, 24 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਿੰਗ ਮਸ਼ੀਨਾਂ (ਈ ਵੀ ਐਮ)ਦੀ ਸੁਰੱਖਿਆ ਲਈ ਚੋਣ ਕਮਿਸ਼ਨ ਦੇ ਪ੍ਰਬੰਧਾਂਦਾ ਭਰੋਸਾ ਨਾ ਹੋਣ ਕਰ ਕੇ ਲੁਧਿਆਣੇ ਵਿੱਚ ਤਿੰਨ ਪੱਧਰੀ ਸੁਰੱਖਿਆ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਸਟਰਾਂਗ ਰੂਮਾਂ ਦੇ ਬਾਹਰ ਆਪਣੇ ਪਹਿਰੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਪਾਰਟੀ ਦੇ ਹਲਕਾ ਪੱਛਮੀ ਅਤੇ ਗਿੱਲ ਤੋਂ ਉਮੀਦਵਾਰਾਂ ਨੇ ਈ ਵੀ ਐਮ ਮਸ਼ੀਨਾਂ ਵਾਲੇ ਥਾਂਵਾਂ ਦੇ ਬਾਹਰ ਪੱਕੇ ਤੌਰ ਉੱਤੇ ਡੇਰੇ ਲਾ ਲਏ ਹਨ ਅਤੇ ਟੈਂਟ ਲਾ ਕੇ 24 ਘੰਟੇ ਨਜ਼ਰ ਲਈ ਸਮਰਥਕਾਂ ਦੀ ਡਿਊਟੀ ਲਾਈ ਹੈ। ਇਨ੍ਹਾਂ ਟੈਂਟਾਂ ਦੇ ਬਾਹਰ ਸੀ ਸੀ ਟੀ ਵੀ ਕੈਮਰੇ ਵੀ ਲਾਏ ਗਏ ਹਨ।

ਲੁਧਿਆਣਾ ਜ਼ਿਲ੍ਹੇ ਵਿੱਚ 14 ਥਾਵਾਂ ਉੱਤੇ ਈ ਵੀ ਐਮ ਮਸ਼ੀਨਾਂ ਰੱਖੀਆਂ ਹੋਈਆਂ ਹਨ ਅਤੇ ਇਨ੍ਹਾਂ ਦੀ ਸੁਰੱਖਿਆ ਕੇਂਦਰੀ ਸੁਰੱਖਿਆ ਬਲਾਂ ਦੇ ਜ਼ਿੰਮੇ ਹੈ। ਹਰ ਕੰਪਲੈਕਸ ਦੇ ਮੁੱਖ ਗੇਟ ਉੱਤੇ ਪੰਜਾਬ ਪੁਲਸ ਦੀਆਂ ਟੀਮਾਂ ਹਨ, ਪਰ ਇਸ ਦੇ ਬਾਵਜੂਦ ਹਲਕਾ ਲੁਧਿਆਣਾ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਗੋਗੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਸਟਰਾਂਗ ਰੂਮ ਦੇ ਬਾਹਰ ਟੈਂਟ ਲਵਾਇਆ ਹੈ। ਹਲਕਾ ਗਿੱਲ ਵਿੱਚ ਵੀ ਇਸ ਪਾਰਟੀ ਦੇ ਉਮੀਦਵਾਰ ਜੀਵਨ ਸਿੰਘ ਸੰਗੋਵਾਲ ਨੇ ਸਰਕਾਰੀ ਪਾਲੀਟੈਕਨਿਕ ਕਾਲਜ ਰਿਸ਼ੀ ਨਗਰ ਵਿੱਚ ਬਣੇ ਸਟਰਾਂਗ ਰੂਮ ਦੇ ਬਾਹਰ ਪੱਕਾ ਟੈਂਟ ਲਾ ਦਿੱਤਾ ਹੈ। ਇੱਥੇ ਉਸ ਦੇ ਸਮਰਥਕਚਾਰ ਸ਼ਿਫਟਾਂ ਵਿੱਚ ਡਿਊਟੀ ਦੇ ਰਹੇ ਹਨ। ਪਿਛਲੀ ਵਾਰ ਵੀ ਇਸ ਪਾਰਟੀ ਵਾਲੇ ਉਮੀਦਵਾਰਾਂ ਨੇ ਈ ਵੀ ਐਮ ਮਸ਼ੀਨਾਂ ਦੇ ਕੰਪਲੈਕਸਾਂ ਦੇ ਬਾਹਰ ਪਹਿਰੇ ਲਵਾਏ ਸਨ।

ਉਂਜ ਸਟਰਾਂਗ ਰੂਮ ਦੇ ਅੰਦਰ ਕਿਸੇ ਨੂੰ ਵੀ ਜਾਣ ਦੀ ਆਗਿਆ ਨਹੀਂ ਅਤੇ ਪ੍ਰਸ਼ਾਸਨਿਕ ਅਧਿਕਾਰੀ ਅਤੇ ਕੇਂਦਰੀ ਸੁਰੱਖਿਆ ਅਧਿਕਾਰੀ ਵੀ ਸਟਰਾਂਗ ਰੂਮ ਦੇ ਅੰਦਰ ਨਹੀਂ ਜਾ ਸਕਦੇ। ਉਮੀਦਵਾਰ ਅਤੇ ਉਨ੍ਹਾਂ ਦੇ ਸਮਰਥਕ ਵੀ ਸਿਰਫ ਸਟਰਾਂਗ ਰੂਮ ਦੇ ਬਾਹਰ ਦੀ ਸੀਲ ਚੈਕ ਕਰ ਸਕਦੇ ਹਨ। ਦਰਵਾਜ਼ੇ ਉੱਤੇ ਸੀ ਸੀ ਟੀ ਵੀ ਕੈਮਰੇ ਲੱਗੇ ਹਨ। ਕੰਪਲੈਕਸ ਵਿੱਚ ਜਾਣ ਵਾਲਿਆਂ ਦੀ ਵੀਡੀਓਗਰਾਫੀ ਕੀਤੀ ਜਾ ਰਹੀ ਹੈ। ਆਬਜ਼ਰਵਰ ਜਾਂ ਸਬੰਧਤ ਅਧਿਕਾਰੀ ਵੀ ਜਦੋਂ ਕੰਪਲੈਕਸ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਦੀ ਵੀਡੀਓਗਰਾਫੀ ਵੀ ਕੀਤੀ ਜਾਂਦੀ ਹੈ।

# ਦੀਪ ਸਿੱਧੂ ਦੀ ਅੰਤਿਮ ਅਰਦਾਸ ਵਿੱਚ ਲੋਕਾਂ ਦੀ ਭਾਰੀ ਗਿਣਤੀ ਸ਼ਾਮਲ



ਫਤਹਿਗੜ੍ਹ ਸਾਹਿਬ, 24 ਫਰਵਰੀ, (ਪੋਸਟ ਬਿਊਰੋ)- ਅਦਾਕਾਰ ਦੀਪ ਸਿੱਧੂ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਸੈਂਕੜਿਆਂ ਦੀ ਗਿਣਤੀਵਿੱਚਲੋਕਏਥੇ ਪਹੁੰਚੇ ਹੋਏ ਸਨ। ਇਸ ਮੌਕੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋ ਰਹੀਆਂ ਸੰਗਤਾਂ ਦੀਆਂ ਗੱਡੀਆਂ ਲਈ ਟੋਲ ਪਲਾਜ਼ਾ ਟੋਲ ਫਰੀ ਕਰ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਦੀਪ ਸਿੱਧੂ ਦੀ ਪਿਛਲੇ ਦਿਨੀਂ ਦਿੱਲੀ ਨੇੜੇ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਇਸ ਤੋਂ ਬਾਅਦ ਅੱਜ ਪਹਿਲਾਂ ਉਨ੍ਹਾਂ ਦੇ ਭਰਾ ਦੇ ਘਰਅਤੇ ਫਿਰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਅੰਤਮ ਅਰਦਾਸ ਕਰਵਾਈ ਗਈ। ਇਸ ਮੌਕੇ ਅਰਦਾਸ ਵਿੱਚ ਸ਼ਾਮਲ ਹੋਣ ਲਈ ਵੱਡੀ ਗਿਣਤੀ ਲੋਕ ਪਹੁੰਚੇ ਅਤੇ ਕੇਸਰੀ ਝੰਡੀਆਂ ਲਾ ਕੇ ਸਿੱਖ ਸੰਗਤਾਂ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਆ ਰਹੀਆਂ ਸਨ। ਇਸ ਦੌਰਾਨ ਸੰਗਤਾਂ ਦੀਆਂ ਜਿੰਨੀਆਂ ਗੱਡੀਆਂ ਲਾਡੋਵਾਲ ਟੋਲ ਪਲਾਜ਼ਾ ਤੋਂ ਲੰਘੀਆਂ, ਉਨ੍ਹਾਂ ਦਾ ਟੋਲ ਫਰੀ ਕਰ ਦਿੱਤਾ ਗਿਆ। ਫਤਿਹਗੜ੍ਹ ਸਾਹਿਬ ਵਿਖੇ ਭੋਗ ਵਿੱਚ ਸ਼ਾਮਲ ਹੋਣ ਲਈ ਜਾ ਰਹੀਆਂ ਸੰਗਤਾਂ ਨੇ ਕਿਹਾ ਕਿ ਦੀਪ ਸਿੱਧੂ ਨੇ ਜੋ ਕਿਸਾਨੀ ਅੰਦੋਲਨ ਵੇਲੇ ਕੀਤਾ, ਉਹ ਭੁੱਲ ਨਹੀਂ ਸਕਦੇ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਸੰਪਾਦਕੀ

## ਯੂਕਰੇਨ ਉੱਤੇ ਰੂਸੀ ਹਮਲੇ ਨੂੰ ਕੈਨੇਡੀਅਨ ਪਰੀਪੇਖ ਤੋਂ ਵੇਖਦਿਆਂ

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤੀਨ ਵੱਲੋਂ ਯੂਕਰੇਨ ਉੱਤੇ ਕੱਲ ਆਰੰਭ ਕੀਤੇ ਹਮਲੇ ਤੋਂ ਬਾਅਦ ਵਿਸ਼ਵ ਦੇ ਨਾਜ਼ੁਕ ਹਾਲਾਤ ਹੋਰ ਵਧੇਰੇ ਸੰਵੇਦਨਸ਼ੀਲ ਹੋ ਗਏ ਹਨ। ਬੇਸ਼ੱਕ ਰੂਸ ਦੀਆਂ ਯੂਕਰੇਨ ਬਾਬਤ ਆਕਖਾਵਾਂ ਕਈ ਪੱਖਾਂ ਤੋਂ ਵੇਖੀਆਂ ਜਾ ਸਕਦੀਆਂ ਹਨ ਪਰ ਇੱਕ ਨੁਕਤਾ ਜੋ ਸਥਿਤੀ ਦੀ ਨੁਜ਼ਕਤਾ ਨੂੰ ਦਰਸਾਉਂਦਾ ਹੈ, ਉਹ ਯੂਕਰੇਨ ਦੀ ਭੂਗੋਲਿਕ ਸਥਿਤੀ ਹੈ। ਰੂਸ ਅਤੇ ਯੂਰਪ ਦਰਮਿਆਨ ਯੂਕਰੇਨ ਇੱਕ ਕੜੀ ਵਾਂਗੂੰ ਹੈ ਜਿਸਦਾ ਅਰਥ ਹੈ ਜਿੰਨਾ ਵਧੇਰੇ ਰਾਜਨੀਤਕ ਅਤੇ ਮਿਲਟਰੀ ਪ੍ਰਭਾਵ ਰੂਸ ਦਾ ਇੱਥੇ ਰਹੇਗਾ, ਉੱਨਾ ਹੀ ਵਿਸ਼ਵ ਅਮਨ ਨੂੰ ਝਟਕਾ ਲੱਗੇਗਾ। ਨਾਟੋ ਮੁਲਕਾਂ ਲਈ ਯੂਕਰੇਨ ਇੱਕ ਪੁੱਲ ਵਾਂਗੂੰ ਹੈ ਜਿਸਦਾ ਟੁੱਟ ਜਾਣਾ ਕਿਸੇ ਵੱਡੇ ਹੜ੍ਹ ਨੂੰ ਸੱਦਾ ਦੇਣ ਬਰਾਬਰ ਹੈ। ਜਨਸੰਖਿਆ ਪੱਖ ਤੋਂ ਯੂਕਰੇਨ ਕੈਨੇਡਾ ਨਾਲੋਂ ਥੋੜਾ ਵੱਡਾ ਹੈ। ਕੈਨੇਡਾ ਦੀ 38 ਕੁ ਮਿਲੀਅਨ ਵੱਸੋਂ ਦੇ ਮੁਕਾਬਲੇ ਯੂਕਰੇਨ ਵਿੱਚ 44 ਮਿਲੀਅਨ ਲੋਕ ਵੱਸਦੇ ਹਨ। ਚੇਤੇ ਰਹੇ ਕਿ 2014 ਵਿੱਚ ਰੂਸ ਪੱਖੀ ਯੂਕਰੇਨੀਅਨ ਰਾਸ਼ਟਰਪਤੀ ਵਿਕਟਰ ਯੇਨੂਕੋਵਿਚ ਦੇ ਗੱਦੀਓਂ ਲਾਹੇ ਜਾਣ ਤੋਂ ਬਾਅਦ ਹੁਣ ਤੱਕ 14,000 ਤੋਂ ਜ਼ਿਆਦਾ ਲੋਕ ਇਸ ਖੇਤਰੀ ਲੜਾਈ ਦੀ ਭੇਟਾ ਚੜ ਚੁੱਕੇ ਹਨ।

ਕੈਨੇਡਾ ਵੱਸਦੇ ਪੰਜਾਬੀ ਇਸ ਗੱਲ ਨੂੰ ਭਲੀਭਾਂਤ ਮਹਿਸੂਸ ਕਰ ਸਕਦੇ ਹਨ ਕਿ ਜੇ ਪੰਜਾਬ ਵਿੱਚ ਜਾਨ ਮਾਲ ਨੂੰ ਜੋਖਮ ਵਿੱਚ ਪਾਉਣ ਵਾਲੀ ਕੋਈ ਘਟਨਾ ਹੋਵੇ ਜਾਂ ਹੋਣ ਦਾ ਖਤਰਾ ਹੋਵੇ ਤਾਂ ਕਿਵੇਂ ਸਾਡੇ ਸੀਨਿਆਂ ਵਿੱਚੋਂ ਦਿਲ ਬਾਹਰ ਨਿਕਲ ਨਿਕਲ ਆਉਂਦਾ ਹੈ। ਅੱਜ ਅਜਿਹੇ ਹੀ ਖੌਫਨਾਕ ਅਤੇ ਦਿਲ ਦਹਿਲਾ ਦੇਣ ਵਾਲੇ ਹਾਲਾਤਾਂ ਵਿੱਚੋਂ ਕੈਨੇਡਾ ਵੱਸਦੇ ਯੂਕਰੇਨੀਅਨ ਮੂਲ ਦੇ ਲੋਕ ਗੁਜ਼ਰ ਰਹੇ ਹਨ। ਅੰਕੜਾ ਵਿਭਾਗ ਦੇ ਅੰਕੜਿਆਂ ਅਨੁਸਾਰ ਕੈਨੇਡਾ ਵਿੱਚ 14 ਲੱਖ ਦੇ ਕਰੀਬ ਯੂਕਰੇਨੀਅਨ ਮੂਲ ਦੇ ਲੋਕ ਵੱਸਦੇ ਹਨ। ਇਸ ਹਿਸਾਬ ਨਾਲ ਕੈਨੇਡਾ ਵਿੱਚ ਵੱਸਦੀ ਯੂਕਰੇਨੀਅਨ ਕਮਿਊਨਟੀ 11ਵਾਂ ਵੱਡਾ ਕੈਨੇਡੀਅਨ ਐਥਨਿਕ ਭਾਈਚਾਰਾ ਹੈ ਜੋ ਕੈਨੇਡਾ ਦੀ ਵੱਸੋਂ ਦਾ 3.9% ਹਿੱਸਾ ਬਣਦਾ ਹੈ। ਯੂਕਰੇਨ ਅਤੇ ਰੂਸ ਤੋਂ ਬਾਅਦ ਵਿਸ਼ਵ ਵਿੱਚ ਸੱਭ ਤੋਂ ਵੱਧ ਗਿਣਤੀ ਵਿੱਚ ਯੂਕਰੇਨੀਅਨ ਮੂਲ ਦੇ ਲੋਕ ਕੈਨੇਡਾ ਵਿੱਚ ਵੱਸਦੇ ਹਨ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਕੈਨੇਡਾ ਲਈ ਯੂਕਰੇਨ ਉੱਤੇ ਰੂਸ ਦੇ ਹਮਲੇ ਦੇ ਕੀ ਮਾਅਨੇ ਹਨ। ਸਾਈਡ ਨੁਕਤੇ ਵਜੋਂ ਇਹ ਵੀ ਦਿਲਚਸਪ ਹੈ ਕਿ ਫੈਡਰਲ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਅਤੇ ਉੱਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਵੀ ਯੂਕਰੇਨੀਅਨ ਮੂਲ ਦੀ ਹੈ। ਉਸਤੋਂ ਇਲਾਵਾ ਜੇਰਾਰਡ ਕੈਨੇਡੀ, ਜੇਮਜ਼ ਬੇਜ਼ਨ, ਉਂਟੇਰੀਓ ਦੀ ਸਾਬਕਾ ਪ੍ਰੀਮੀਅਰ ਅਰਨੀ ਈਵਜ਼, ਸਾਬਕਾ ਗਵਰਨਰ ਜਨਰਲ ਐਡਵਾਰਡ ਸ਼ਰੇਅਰ ਆਦਿ ਵੀ ਯੂਕਰੇਨੀਅਨ ਮੂਲ ਦੇ ਕੈਨੇਡੀਅਨ ਹਨ।

ਇੱਕ ਹੋਰ ਪੱਖ ਕੈਨੇਡਾ ਦਾ ਨਾਟੋ NATO (The North America Treaty Organization) ਦਾ ਮੁੱਢਲਾ ਮੈਂਬਰ ਹੋਣ ਨਾਤੇ ਯੂਕਰੇਨ ਪ੍ਰਤੀ ਫਰਜ਼ਾਂ ਦਾ ਹੈ। ਇਸ 30 ਮੈਂਬਰੀ ਸੰਸਥਾ ਵਿੱਚ ਆਰਥਿਕ ਅਤੇ ਜੰਗੀ ਸਾਜ਼ੋਸਮਾਨ ਦੇ ਲਿਹਾਜ ਨਾਲ ਵਿਸ਼ਵ ਦੇ ਸੱਭ ਤੋਂ ਵੱਧ ਸਮਰੱਥ ਮੁਲਕ ਸ਼ਾਮਲ ਹਨ ਜਿਹਨਾਂ ਵਿੱਚ ਮੁੱਖ ਕਰਕੇ ਯੂਰਪ ਅਤੇ ਨੌਰਥ ਅਮਰੀਕਨ ਦੇਸ਼ ਹਨ। ਕੈਨੇਡਾ ਨਾਟੋ ਦੇ ਹੋਰ ਮੈਂਬਰਾਂ ਮੁਕਾਬਲੇ ਛੋਟਾ ਮੁਲਕ ਹੈ ਜਿਸ ਕਾਰਣ ਇਸਦੀ ਨਾਟੋ ਵਿੱਚ ਸ਼ਮੂਲੀਅਤ ਮਿਲਟਰੀ ਨਾਲੋਂ ਸਿਆਸੀ ਵਧੇਰੇ ਰਹੀ ਹੈ। ਸਿਵਾਏ 1999 ਵਿੱਚ ਯੂਗੋਸਲਾਵੀਆ ਅਤੇ 2011 ਵਿੱਚ ਅਫਗਾਨਸਤਾਨ ਵਿੱਚ ਨਾਟੋ ਮੈਂਬਰ ਨਾਤੇ ਜਦੋਂ ਸਾਡੇ ਫੌਜੀਆਂ ਨੇ ਸਰਗਰਮ ਜੰਗ ਵਿੱਚ ਰੋਲ ਨਿਭਾਏ ਸਨ। ਜਿੱਥੇ ਤੱਕ ਤਾਜ਼ਾ ਯੂਕਰੇਨ ਸਥਿਤੀ ਦਾ ਸੁਆਲ ਹੈ, ਕੈਨੇਡਾ ਨੇ ਹੁਣ ਤੱਕ ਯੂਕਰੇਨ ਨੂੰ 620 ਮਿਲੀਅਨ ਡਾਲਰ ਦਾ ਲੋਨ ਅਤੇ 10 ਮਿਲੀਅਨ ਡਾਲਰ ਲਾਗਤ ਦੇ ਬਰਾਬਰ ਹਥਿਆਰ ਖਰੀਦਣ ਵਾਸਤੇ ਮਦਦ ਭੇਜੀ ਹੈ। ਉਂਟੇਰੀਓ ਸਰਕਾਰ ਵੱਲੋਂ 1 ਮਿਲੀਅਨ ਡਾਲਰ ਦੀ ਇਮਦਾਦ ਸਮੇਤ ਕਈ ਹੋਰ ਸੰਸਥਾਵਾਂ ਅਤੇ ਪ੍ਰੋਵਿੰਸਾਂ ਵੱਲੋਂ ਵੀ ਮਦਦ ਭੇਜੀ ਜਾ ਰਹੀ ਹੈ। ਜਿਸ ਕੰਮ ਵਿੱਚ ਕੈਨੇਡਾ ਵਧੇਰੇ ਮੁਹਾਰਤ ਰੱਖਦਾ ਹੈ, ਉਹ ਹੈ ਇੰਮੀਗਰੇਸ਼ਨ। ਕੱਲ ਸ਼ਾਮ ਦੀਆਂ ਖਬ਼ਰਾਂ ਆਉਣ ਤੱਕ ਕੈਨੇਡਾ ਨੇ ਯੂਕਰੇਨ ਮਸਲੇ ਉੱਤੇ ਇੰਮੀਗਰੇਸ਼ਨ ਸਬੰਧੀ ਮਦਦ ਦੇਣ ਵਾਸਤੇ ਇੱਕ ਵਿਸ਼ੇਸ਼ ਹੈਲਪਲਾਈਨ ਖੋਲ ਦਿੱਤੀ ਹੈ। ਵੀਜ਼ਾਂ ਅਫ਼ਸਰਾਂ ਨੂੰ ਯੂਕਰੇਨੀਅਨਾਂ ਦੇ ਅਟਕੇ ਹੋਏ ਵੀਜ਼ੇ ਜਲਦ ਕਲੀਅਰ ਕਰਨ ਬਾਰੇ ਹਦਾਇਤਾਂ ਦਿੱਤੇ ਜਾਣ ਬਾਰੇ ਵੀ ਪਤਾ ਲੱਗਾ ਹੈ।

ਇਹਨਾਂ ਸੱਭਨਾਂ ਯਤਨਾਂ ਦੇ ਚੱਲਦੇ 'ਸੌ ਹੱਥ ਰੱਸਾ ਸਿਰੇ ਗੰਢ' ਵਾਲੀ ਗੱਲ ਨੂੰ ਸਾਰੀਆਂ ਸਬੰਧਿਤ ਧਿਰਾਂ ਨੂੰ ਚੇਤੇ ਰੱਖਣਾ ਹੋਵੇਗਾ ਕਿ ਅੰਤ ਨੂੰ ਮਾਮਲਾ ਗੱਲਬਾਤ ਨਾਲ ਹੱਲ ਹੋਵੇਗਾ। ਅਮਰੀਕਾ ਨੇ ਵਾਅਦਾ ਵੀ ਕੀਤਾ ਹੈ ਕਿ ਜੋ ਲੋੜ ਪਈ ਤਾਂ ਉਹ ਇਸ ਖਿੱਤੇ ਵਿੱਚ ਛੋਟੇ ਅਤੇ ਮੱਧਮ ਰੇਂਜ ਦੀਆਂ ਮਿਜ਼ਾਈਲਾਂ ਨੂੰ ਸੀਮਤ ਕਰਨ ਬਾਰੇ ਸੋਚ ਸਕਦਾ ਹੈ। ਰੂਸ ਉੱਤੇ ਆਰਥਿਕ ਪਾਬੰਦੀਆਂ ਦਾ ਲਾਇਆ ਜਾਣਾ ਦਬਾਅ ਪਾਉਣ ਦੇ ਨੁਕਤੇ ਨਜ਼ਰ ਤੋਂ ਸਹੀ ਕਦਮ ਹੈ ਪਰ ਮਸਲੇ ਦਾ ਹੱਲ ਆਖਰ ਸੰਵਾਦ ਰਾਹੀਂ ਹੀ ਨਿਕਲੇਗਾ। ਉਮੀਦ ਹੈ ਕਿ ਇੱਕ ਅਮਨ ਪਸੰਦ ਮੁਲਕ ਹੋਣ ਨਾਤੇ ਕੈਨੇਡਾ ਆਪਣੇ ਪ੍ਰਭਾਵ ਦੀ ਸਹੀ ਮਾਅਨਿਆਂ ਵਿੱਚ ਵਰਤੋਂ ਕਰੇਗਾ।

# ਯੂਕਰੇਨ ਉਤੇ ਰੂਸੀ ਫੌਜ ਦਾ ਜ਼ੋਰਦਾਰ ਹਮਲਾ, ਧਮਾਕਿਆਂ ਨਾਲ ਸਾਰਾ ਦੇਸ਼ ਹਿੱਲ ਗਿਆ

...ਪੰਨਾ 1 ਦਾ ਬਾਕੀ

ਉਨ੍ਹਾਂ ਕਿਹਾ ਕਿ ਫ਼ੌਜੀ ਕਾਰਵਾਈ ਦਾ ਉਦੇਸ਼ਤੰਗ-ਪਰੇਸ਼ਾਨ ਅਤੇ 8 ਸਾਲਾਂ ਤੋਂ ਯੂਕਰੇਨ ਦੇ ਰਾਜ ਵਿਚ ਨਸਲਕੁਸ਼ੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਰੱਖਿਆ ਕਰਨਾ ਹੈ। ਅਸੀਂ ਯੂਕਰੇਨ ਨੂੰ ਸੈਨਾ ਅਤੇ ਨਾਜ਼ੀਆਂ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰਾਂਗੇ। ਨਾਲੇ ਅਸੀਂ ਉਨ੍ਹਾਂ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਵਾਂਗੇ, ਜਿਨ੍ਹਾਂ ਨੇ ਰੂਸੀ ਨਾਗਰਿਕਾਂ ਸਮੇਤ ਸ਼ਾਂਤੀ ਪਸੰਦ ਲੋਕਾਂ ਦੇ ਖਿਲਾਫਬਹੁਤ ਸਾਰੇ ਜੁਰਮ ਕੀਤੇ ਹਨ।'ਯੂਕਰੇਨ ਉੱਤੇ ਹਮਲੇ ਪਿੱਛੋਂ ਪਹਿਲੀ ਵਾਰ ਬੋਲੇ ਰਾਸ਼ਟਰਪਤੀ ਪੁਤਿਨ ਨੇ ਕਿਹਾ ਕਿ ਰੂਸ ਕੋਲ ਹਮਲੇ ਤੋਂ ਬਿਨਾ ਕੋਈ ਬਦਲ ਨਹੀਂ ਸੀ ਬਚਿਆ।

ਇਸ ਦੌਰਾਨ ਰੂਸ ਦੀ ਸਰਕਾਰੀ ਸਮਾਚਾਰ ਏਜੰਸੀ 'ਟੀਏਐੱਸਐੱਸ' ਨੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹਵਾਲੇ ਨਾਲ ਕਿਹਾ ਹੈ ਕਿ ਨਿਆਂ ਤੇ ਸੱਚ ਰੂਸ ਦੇ ਪੱਖ ਵਿੱਚ ਹਨ।ਪੁਤਿਨ ਨੇ ਕਿਹਾ, 'ਫੋਰਸਾਂ ਦੀ ਹਮੇਸ਼ਾ ਲੋੜ ਹੁੰਦੀ ਹੈ, ਪਰ ਇਹ ਵੱਖ-ਵੱਖ ਕਿਸਮਾਂ ਦੀਆਂ ਹੋ ਸਕਦੀਆਂ ਹਨ ਤੇ ਅਸੀਂ ਜਾਣਦੇ ਹਾਂ ਕਿ ਸਹੀ ਤਾਕਤ ਨਿਆਂ ਤੇ ਸੱਚ ਵਿੱਚ ਹੈ ਤੇ ਇਹ ਦੋਵੇਂ ਸਾਡੇ ਨਾਲ ਹਨ।' ਪੁਤਿਨ ਨੇ ਕਿਹਾ ਕਿ ਯੂਕਰੇਨ ਦੇ ਗੈਰ-ਕਾਨੂੰਨੀ ਹੁਕਮਾਂ ਦੀ ਉਲੰਘਣਾ ਕਰ ਰਹੇ ਯੂਕਰੇਨੀ ਫ਼ੌਜੀਆਂ ਨੂੰ ਫ਼ੌਜੀ ਖੇਤਰ ਛੱਡਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਮੌਕੇਰੂਸਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਯੂਕਰੇਨ ਦੀ ਹਵਾਈ ਫ਼ੌਜ, ਹਵਾਈ ਰੱਖਿਆ ਅਤੇ ਫ਼ੌਜ ਦੇ ਬੁਨਿਆਦੀ ਢਾਂਚੇ ਨੂੰ ਬੇਅਸਰ ਕਰਨ ਲਈ ਹਥਿਆਰਾਂ ਦੀ ਵਰਤੋਂ ਕੀਤੀ ਹੈ।ਰੂਸ ਦੇ ਹਮਲਿਆਂ ਵਿੱਚ ਦਰਜਨਾਂ ਲੋਕ ਮਾਰੇ ਗਏ ਅਤੇ ਜਾਨ ਦਾ ਖਤਰਾ ਮਹਿਸੂਸ ਕਰਦੇ ਹੋਏ ਸੈਂਕੜੇ ਲੋਕ ਸੁਰੱਖਿਅਤ ਥਾਂਈਂ ਜਾਣ ਦੀ ਕੋਸ਼ਿਸ਼ ਵਿੱਚ ਹਨ।ਰੂਸਦਾ ਦਾਅਵਾ ਹੈ ਕਿ ਉਸ ਨੇ ਯੂਕਰੇਨਦੇ 70 ਫੌਜੀ ਟਿਕਾਣੇ ਤਬਾਹ ਕਰ ਦਿੱਤੇ ਹਨ, ਜਿਨ੍ਹਾਂ ਵਿੱਚ 11 ਏਅਰ ਫੀਲਡ ਵੀ ਹਨ। ਦੂਸਰੇ ਪਾਸੇ ਯੂਕਰੇਨਨੇ ਕਿਹਾ ਹੈ ਕਿ ਉਸ ਨੇ ਕਬਜ਼ਾ ਕਰਨ ਆਏ 50 ਰੂਸੀ ਫੌਜੀ ਮਾਰ ਦਿੱਤੇ ਹਨ।ਉਂਜ ਯੂਕਰੇਨ ਦੇ ਰਾਸ਼ਟਰਪਤੀ ਦਫ਼ਤਰ ਦੇ ਇੱਕ ਸਲਾਹਕਾਰ ਮਿਖਾਈਲੋ ਪੋਡੋਲੀਕ ਨੇ ਮੀਡੀਆ ਨੂੰ ਦੱਸਿਆ ਕਿ ਰੂਸੀ ਫੌਜ ਨੇ ਚੇਰਨੋਬਿਲ ਐਟਮੀ ਊਰਜਾ ਪਲਾਂਟ ਉੱਤੇ ਕਬਜ਼ਾ ਕਰ ਲਿਆ ਹੈ।

# ਜੋਅ ਬਾਇਡੇਨ ਨੇ ਕਿਹਾ: ਰੂਸ-ਯੂਕਰੇਨ ਜੰਗ ਵਿੱਚ ਅਮਰੀਕੀ ਫੌਜ ਸ਼ਾਮਲ ਨਹੀਂ ਹੋਵੇਗੀ, ਰੂਸ ਉੱਤੇ ਪਾਬੰਦੀਆਂ ਲਾਵਾਂਗੇ

...ਪੰਨਾ 1 ਦਾ ਬਾਕੀ

ਇਸ ਦੇ ਨਾਲ ਜੋਅ ਬਾਇਡੇਨ ਨੇ ਸਾਫ ਕਿਹਾ ਕਿ ਅਮਰੀਕਾ ਦੀ ਫੌਜ ਇਸ ਜੰਗ ਵਿੱਚਸ਼ਾਮਲ ਨਹੀਂ ਲਵੇਗੀ।ਉਨ੍ਹਾ ਨੇਸਾਫ ਕਿਹਾ ਕਿ ਅਮਰੀਕੀ ਫੌਜ ਜੰਗ ਨਹੀਂ ਲੜੇਗੀ। ਉਨ੍ਹਾਂ ਕਿਹਾ ਕਿ ਰੂਸ ਦੇ ਨੇੜੇ ਅਮਰੀਕੀ ਫੌਜੀ ਅੱਡੇ ਅਲਰਟ ਹਨ, ਪੂਰਬ ਦੇ ਸਹਿਯੋਗੀ ਦੇਸ਼ਾਂ ਵਿੱਚ ਸਾਡੀ ਫੌਜ ਰਹੇਗੀ ਅਤੇ ਨਾਟੋ ਦੇ ਸਾਰੇ ਦੇਸ਼ਾਂ ਨੂੰ ਸਾਡਾ ਸਮੱਰਥਨ ਰਹੇਗਾ।ਬਾਇਡੇਨ ਨੇ ਅਮਰੀਕੀ ਗੈਸ ਕੰਪਨੀਆਂ ਨੂੰ ਅਪੀਲ ਕੀਤੀ ਹੈ ਕਿ ਜੰਗ ਤੋਂ ਮੌਕੇ ਦਾ ਲਾਭ ਨਾ ਉਠਾਉਣ, ਕਿਉਂਕਿ ਅਮਰੀਕਾ ਉੱਤੇ ਵੀ ਜੰਗ ਦਾ ਅਸਰ ਪੈ ਸਕਦਾ ਹੈ।ਉਨ੍ਹਾਂ ਕਿਹਾ ਕਿ ਤੇਲ ਉਤਪਾਦਕ ਦੇਸ਼ਾਂ ਨਾਲ ਤੇਲ ਦੀਆਂ ਕੀਮਤਾਂ ਨਾ ਵਧਾਉਣਬਾਰੇ ਵੀ ਗੱਲ ਕਰਨਗੇ।

ਰੂਸ-ਯੂਕਰੇਨ ਵਿਚਾਲੇ ਜੰਗ ਛਿੜਨ ਤੋਂ ਪਹਿਲਾਂ ਇਸ ਮਹੀਨੇ ਦੇ ਸ਼ੁਰੂ ਵਿੱਚਰੂਸ ਤੋਂ ਅਮਰੀਕਾ ਦੇ ਦੂਸਰੇ ਨੰਬਰ ਦੇ ਡਿਪਲੋਮੈਟ ਨੂੰ ਕੱਢਣ ਦੇ ਜਵਾਬ ਵਿੱਚਅੱਜਅਮਰੀਕਾ ਨੇ ਵੀਵਾਸ਼ਿੰਗਟਨ ਤੋਂ ਰੂਸਦਾ ਦੂਸਰੇ ਦਰਜੇ ਦਾ ਡਿਪਲੋਮੈਟ ਕੱਢ ਦਿੱਤਾ ਹੈ। ਅਮਰੀਕੀ ਵਿਦੇਸ਼ ਮੰਤਰਾਲਾ ਦੇ ਇੱਕ ਅਧਿਕਾਰੀ ਨੇ ਅੱਜ ਏਥੇ ਕਿਹਾ ਕਿ ਇਸ ਦਾ ਰੂਸ-ਯੂਕਰੇਨ ਜੰਗ ਨਾਲ ਸਬੰਧ ਨਹੀਂ, ਇਹ ਦੂਤਘਰ ਸਟਾਫ ਬਾਰੇ ਅਮਰੀਕਾ ਤੇ ਰੂਸਵਿੱਚ ਲੰਬੇ ਸਮੇਂ ਦੇ ਵਿਵਾਦ ਦਾ ਹਿੱਸਾ ਹੈ। ਅਧਿਕਾਰੀ ਮੁਤਾ-ਬਕ ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਰੂਸੀ ਦੂਤਘਰ ਦੱਸ ਦਿੱਤਾ ਸੀ ਕਿ ਕੌਂਸਲਰ ਸਰਗੇਈ ਟ੍ਰੇਪੇਲਕੋਵ ਨੂੰ ਕੱਢ ਰਹੇ ਹਨ, ਜੋ ਇਸ ਸਮੇਂ ਰਾਜਦੂਤ ਅਨਾਤੋਲੀ ਐਂਟੋਨੋਵ ਨਾਲ ਅੰਬੈਸੀ ਵਿੱਚ ਨੰਬਰ ਦੋਹਨ।ਰੂਸ ਨੇ ਫਰਵਰੀ ਦੇ ਅੱਧ ਵਿੱਚ ਮਾਸਕੋ ਵਿਚਲੇ ਅਮਰੀਕੀ ਮਿਸ਼ਨ ਦੇ ਡਿਪਟੀ ਚੀਫ ਬਾਰਟ ਗੋਮਰਨ ਨੂੰ ਕੱਢ ਦਿੱਤਾ ਸੀ।

# ਆਦਮਪੁਰ ਦੇ ਦੋ ਸਾਲਾਂ ਵਿੱਚ ਪੂਰਾ ਹੋਣ ਵਾਲੇ ਫਲਾਈਓਵਰ ਦੇ ਅਜੇ ਪਿੱਲਰ ਹੀ ਲੱਗੇ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਆਦਮਪੁਰ ਵਿੱਚ ਫਲਾਈਓਵਰ ਬਣਨ ਦਾ ਕੰਮ 2018 ਵਿੱਚ ਪੂਰਾ ਹੋਣਾ ਸੀ, ਪ੍ਰੰਤੂ ਪ੍ਰੋਜੈਕਟ ਸ਼ੁਰੂ ਹੋਣ ਦੇ ਛੇ ਸਾਲ ਬਾਅਦ ਵੀ ਉਥੇ ਕੇਵਲ ਪਿੱਲਰ ਖੜ੍ਹੇ ਹੋ ਸਕੇ ਹਨ। ਵਰਨਣ ਯੋਗ ਹੈ ਕਿ ਇਹ ਫਲਾਈਓਵਰ ਸ਼ਹਿਰ ਵਿੱਚ ਕਰੀਬ ਦੋ ਕਿਲੋਮੀਟਰ ਲੰਬਾ ਬਣਨਾ ਹੈ, ਜਿਸ ਲਈ 121 ਦੁਕਾਨਾਂ ਨੂੰ ਤੋੜ ਕੇ ਜਗ੍ਹਾ ਐਕਵਾਇਰ ਕੀਤੀ ਗਈ ਸੀ।ਆਦਮਪੁਰ ਵਿੱਚ ਏਅਰਪੋਰਟ ਬਣਨ ਨਾਲ ਵੀ ਇਸ ਰੋਡ ਉੱਤੇ ਆਵਾਜਾਈ ਕਾਫੀ ਵਧੀ ਹੈ ਅਤੇ ਫਲਾਈਓਵਰ ਦੇ ਨਾਲ ਬਣਾਈ ਗਈ ਸਰਵਿਸ ਲੇਨ ਪੂਰੀ ਤਰ੍ਹਾਂ ਨਾਲ ਖਸਤਾ ਹੋ ਚੁੱਕੀ ਹੈ। ਇਸ ਕਾਰਨ ਵਾਹਨਾਂ ਲਈ ਆਉਣਾ-ਜਾਣਾ ਔਖਾ ਹੋ ਗਿਆ ਹੈ ਅਤੇ ਜਾਮ ਦੀ ਸਥਿਤੀ ਬਣੀ ਰਹਿੰਦੀ ਹੈ। ਫਲਾਇੰਗ ਉਡਾਣ ਸੰਸਥਾ ਦੇ ਚੇਅਰਮੈਨ ਪੰਕਜ ਮਹਿਤਾ ਨੇ ਮੰਗ ਕੀਤੀ ਹੈ ਕਿ ਇਸ ਫਲਾਈਓਵਰਦੇ ਬਣਨ ਦਾ ਕੰਮ ਜਲਦੀ ਪੂਰਾ ਕਰਾਇਆ ਜਾਵੇ।ਇਸ ਦਾ ਨਿਰਮਾਣ 2016 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਨੂੰ ਦੋ ਸਾਲ ਵਿੱਚ ਪੂਰਾ ਕਰਨਾ ਸੀ, ਜਿਸ ਵਿੱਚ ਅਜੇ ਤਕ ਕੇਵਲ ਸੱਤਰ ਪਿੱਲਰ ਹੀ ਖੜ੍ਹੇ ਹਨ।

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਰੂਸ ਖਿਲਾਫ ਕੈਨੇਡਾ ਨੇ ਐਲਾਨੀਆਂ ਨਵੀਆਂ ਪਾਬੰਦੀਆਂ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਇਸ ਹਮਲੇ ਦੀ ਸਾਡੇ ਸਾਰਿਆਂ ਵੱਲੋਂ ਨਿਖੇਧੀ ਕੀਤੀ ਜਾਂਦੀ ਹੈ ਤੇ ਇਸ ਦੇ ਨਾਲ ਹੀ ਅਸੀਂ ਰੂਸ ਵੱਲੋਂ ਯੂਐਨ ਚਾਰਟਰ, ਉਸ ਦੇ ਸਿਧਾਂਤਾ, ਕੌਮਾਂਤਰੀ ਲਾਅ ਦੀ ਕੀਤੀ ਗਈ ਉਲੰਘਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਇਸ ਲਈ ਇਹ ਯਕੀਨੀ ਬਣਾਉਣ ਲਈ ਕਿ ਰੂਸ ਆਪਣੇ ਮਨਸੂਬਿਆਂ ਵਿੱਚ ਅਸਫਲ ਰਹੇ ਅਸੀਂ ਸਖ਼ਤੀ ਤੋਂ ਕੰਮ ਲਵਾਂਗੇ। ਇਨ੍ਹਾਂ ਨਵੀਆਂ ਪਾਬੰਦੀਆਂ ਤਹਿਤ ਰੂਸ ਦੇ ਅਮੀਰ ਤਬਕੇ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਅਰਧ ਸੈਨਿਕ ਸੰਸਥਾਂ ਦ ਵੈਗਨਰ ਗਰੁੱਪ, ਰੂਸ ਦੇ ਵੱਡੇ ਬੈਂਕਾਂ ਉੱਤੇ ਵੀ ਪਾਬੰਦੀਆਂ ਲਾਈਆਂ ਗਈਆਂ ਹਨ। ਕੈਨੇਡਾ ਰੂਸ ਦੀ ਸਕਿਊਰਿਟੀ ਕਾਊਂਸਲ ਦੇ ਮੈਂਬਰਾਂ ਜਿਨ੍ਹਾਂ ਵਿੱਚ ਰੱਖਿਆ ਮੰਤਰੀ, ਵਿੱਤ ਮੰਤਰੀ ਤੇ ਨਿਆਂ ਮੰਤਰੀ ਸ਼ਾਮਲ ਹੋਣਗੇ, ਉੱਤੇ ਵੀ ਪਾਬੰਦੀਆਂ ਲਾਵੇਗਾ। ਇਸ ਦੌਰਾਨ ਪੋਲੈਂਡ, ਸਲੋਵਾਕੀਆ, ਹੰਗਰੀ, ਰੋਮਾਨੀਆ ਤੇ ਮੌਲਡੋਵਾ ਦੀਆਂ ਸਰਹੱਦਾਂ ਰਾਹੀਂ ਕੈਨੇਡੀਅਨਜ਼ ਤੇ ਪਰਮਾਨੈਂਟ ਰੈਜ਼ੀਡੈਂਟ ਪਰਿਵਾਰਾਂ ਦੇ ਸੁਰੱਖਿਅਤ ਲਾਂਘੇ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਟਰੂਡੋ ਨੇ ਆਖਿਆ ਕਿ ਪ੍ਰਭਾਵਿਤ ਲੋਕਾਂ ਲਈ ਸਰਕਾਰ ਟਰੈਵਲ ਡੌਕਿਊਮੈਂਟਸ ਜਾਰੀ ਕਰ ਰਹੀ ਹੈ ਤੇ ਕੈਨੇਡਾ ਆਉਣ ਦੇ ਚਾਹਵਾਨ ਯੂਕਰੇਨੀਅਨਜ਼ ਲਈ ਇਮੀਗ੍ਰੇਸ਼ਨ ਅਰਜ਼ੀਆਂ ਨੂੰ ਪਹਿਲ ਦੇ ਆਧਾਰ ਉੱਤੇ ਪ੍ਰੋਸੈੱਸ ਕੀਤਾ ਜਾ ਰਿਹਾ ਹੈ।

ਸਕਿਊਰਿਟੀ ਕਾਰਨਾਂ ਕਰਕੇ ਯੂਕਰੇਨ ਸਥਿਤ ਕੈਨੇਡਾ ਦੇ ਡਿਪਲੋਮੈਟਿਕ ਸਟਾਫ ਨੂੰ ਪੋਲੈਂਡ ਭੇਜ ਦਿੱਤਾ ਗਿਆ ਹੈ ਤੇ ਓਟਵਾ ਨੇ ਯੂਕਰੇਨ ਸਥਿਤ ਆਪਣੀ ਅੰਬੈਸੀ ਤੇ ਕਾਊਂਸਲੇਟ ਦੇ ਸਾਰੇ ਕੰਮਕਾਰ ਸਸਪੈਂਡ ਕਰ ਦਿੱਤੇ ਹਨ। ਇਹ ਐਲਾਨ ਕਰਦੇ ਸਮੇਂ ਪ੍ਰਧਾਨ ਮੰਤਰੀ ਦੇ ਨਾਲ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ, ਰੱਖਿਆ ਮੰਤਰੀ ਅਨੀਤਾ ਆਨੰਦ ਤੇ ਵਿਦੇਸ਼ ਮੰਤਰੀ ਮਿਲੇਨੀ ਜੋਲੀ ਹਾਜ਼ਰ ਸਨ। ਫਰੀਲੈਂਡ ਵੱਲੋਂ ਵੀ ਇਸ ਹਮਲੇ ਦੀ ਨਿਖੇਧੀ ਕੀਤੀ ਗਈ।

# ਬਰੈਂਪਟਨ ਵਿਚ ਸੀਨੀਅਰਜ਼ ਦੇ ਮੁਫ਼ਤ ਸਫ਼ਰ ਦੀ ਸੁਵਿਧਾ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਵੱਲੋਂ ਮੇਅਰ ਪੈਟ੍ਰਿਕ ਬਰਾਊਨ ਦਾ ਧੰਨਵਾਦ



ਬਰੈਂਪਟਨ, (ਡਾ. ਝੰਡ) -ਬਰੈਂਪਟਨ ਸਿਟੀ ਵੱਲੋਂ ਆਪਣੇ ਸੀਨੀਅਰਜ਼ ਨੂੰ 28 ਫ਼ਰਵਰੀ 2022 ਤੋਂ ਬਰੈਂਪਟਨ ਟ੍ਰਾਂਜ਼ਿਟ ਦੀਆਂ ਬੱਸਾਂ ਵਿਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਨੂੰ ਹੁਣ ਇਨ੍ਹਾਂ ਬੱਸਾਂ ਵਿਚ ਚੜ੍ਹਨ ਲਈ ਮਹੀਨੇ ਲਈ 15 ਡਾਲਰ ਦਾ ਪਾਸ ਬਣਵਾਉਣ ਜਾਂ ਮਸ਼ੀਨ ਵਿਚ ਇਕ ਡਾਲਰ ਦਾ ਸਿੱਕਾ ਪਾਉਣ ਦੀ ਜ਼ਰੂਰਤ ਨਹੀਂ ਪਵੇਗੀ।

ਇਸ ਦੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੀ ਕਾਰਜਕਾਰਨੀ ਦੇ ਸੀਨੀਅਰ ਮੈਂਬਰ ਜੰਗੀਰ ਸਿੰਘ ਸੈਂਹਬੀ ਨੇ ਦੱਸਿਆ ਬਰੈਂਪਟਨ ਸਿਟੀ ਵੱਲੋਂ ਦਿੱਤੀ ਗਈ ਮੁਫ਼ਤ ਸਫ਼ਰ ਦੀ ਇਸ ਸਹੂਲਤ ਦਾ ਲਾਭ ਲੈਣ ਲਈ ਸੀਨੀਅਰਾਂ ਨੂੰ ਸਲਾਨਾ ਫ਼ਰੀ ਪਾਸ ਵਾਲੇ ਬਰੈਂਪਟਨ ਸੀਨੀਅਰਜ਼ ਆਈਡੈਂਟਿਟੀ ਕਾਰਡ ਬਣਵਾਉਣੇ ਹੋਣਗੇ ਅਤੇ ਇਨ੍ਹਾਂ ਨੂੰ ਹਰੇ ਰੰਗ ਵਾਲੇ ਫ਼ਰੀ ਪਰੈੱਸਟੋ ਕਾਰਡ ਨਾਲ ਆਪਣੇ ਕੋਲ ਰੱਖਣਾ ਹੋਵੇਗਾ। ਉਨ੍ਹਾਂ ਕਿਹਾ ਕਿ 28 ਫ਼ਰਵਰੀ ਤੋਂ 9 ਮਾਰਚ ਤੱਕ ਛੇ ਹਫ਼ਤਿਆਂ ਲਈ ਸੀਨੀਅਰਜ਼ ਇਕੱਲੇ ਬਰੈਂਪਟਨ ਸੀਨੀਅਰਜ਼ ਵਾਲੀ ਆਈ.ਡੀ. ਨਾਲ ਹੀ ਸਫ਼ਰ ਕਰ ਸਕਦੇ ਹਨ ਪਰ ਇਸ ਤੋਂ ਪਿੱਛੋਂ ਉਨ੍ਹਾਂ ਨੂੰ ਬਰੈਂਪਟਨ ਸੀਨੀਅਰਜ਼ ਆਈਡੈਂਟਿਟੀ ਕਾਰਡ ਦੇ ਨਾਲ ਫ਼ਰੀ ਪਰੈਸਟੋ ਕਾਰਡ ਵੀ ਆਪਣੇ ਕੋਲ ਰੱਖਣਾ ਪਵੇਗਾ। ਇਹ ਫ਼ਰੀ ਪਰੈੱਸਟੋ ਕਾਰਡ ਅਤੇ ਸੀਨੀਅਰਜ਼ ਆਈਡੈਂਟਿਟੀ ਕਾਰਡ ਬਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲਾਂ ਤੋਂ ਬਣਵਾਏ ਜਾ ਸਕਦੇ ਹਨ ਅਤੇ ਇਸ ਦੇ ਲਈ ਟੈਂਪਰੇਰੀ ਪੌਪ-ਅੱਪ ਲੋਕੇਸ਼ਨਾਂ 'ਤੇ ਅਪੁਆਇੰਟਮੈਂਟ ਬਣਾਉਣ ਲਈ 905-874-5120 ਨੰਬਰ 'ਤੇ ਕਾਲ ਕੀਤੀ ਜਾ ਸਕਦੀ ਹੈ

ਜੰਗੀਰ ਸਿੰਘ ਸੈਂਹਬੀ ਹੋਰਾਂ ਅਨੁਸ-ਾਰ ਇਸ ਨਾਲ ਉਨ੍ਹਾਂ ਦੀ ਐਸੋਸੀਏਸ਼ਨ ਦੀ ਇਹ ਚਿਰੋਕਣੀ ਮੰਗ ਬਰੈਂਪਟਨ ਸਿਟੀ ਵੱਲੋਂ ਪ੍ਰਵਾਨ ਕੀਤੀ ਗਈ ਹੈ ਅਤੇ ਉਹ ਇਸ ਦੇ ਲਈ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਂਊਂਸਲਰ ਹਰਕੀਰਤ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਦੇ ਅਤੀ ਧੰਨਵਾਦੀ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਅੱਗੋਂ ਵੀ ਸਿਟੀ ਕਾਊਂਸਲ ਸੀਨੀਅਰਜ਼ ਦੀਆਂ ਯੋਗ ਮੰਗਾਂ ਵੱਲ ਏਸੇ ਤਰ੍ਹਾਂ ਧਿਆਨ ਦਿੰਦੀ ਰਹੇਗੀ। ਉਨ੍ਹਾਂ ਦੱਸਿਆ ਕਿ ਸੀਨੀਅਰਜ਼ ਦੇ ਕਿਸੇ ਵੀ ਮਸਲੇ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਕਾਰਜਕਾਰਨੀ ਮੈਂਬਰਾਂ ਨੂੰ ਉਨ੍ਹਾਂ ਦੇ ਸੈੱਲ-ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜੋ ਇਸ ਪ੍ਰਕਾਰ ਹਨ:

ਜੰਗੀਰ ਸਿੰਘ ਸੈਂਹਬੀ (416-409-0126) ਕਰਤਾਰ ਸਿੰਘ ਚਾਹਲ (647-854-8746), ਨਿਰਮਲ ਸਿੰਘ ਧਾਰਨੀ (416-670-5874), ਪ੍ਰੀਤਮ ਸਿੰਘ ਸਰਾਂ (416-833-0567), ਬਲਵਿੰਦਰ ਸਿੰਘ ਬਰਾੜ (647-262-4026),

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਨੂੰ ਸਮੱਰਪਿਤ ਜ਼ੂਮ-ਸਮਾਗ਼ਮ ਆਯੋਜਿਤ

### "ਰਾਜਨੀਤੀ ਲੋਕਾਂ ਨੂੰ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਅੱਗੇ ਵੱਧਦੀ ਹੈ" : ਪ੍ਰੋ. ਰਾਮ ਸਿੰਘ

### ਇੰਗਲੈਂਡ, ਭਾਰਤ, ਪਾਕਿਸਤਾਨ ਤੇ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਵਿਦਵਾਨ ਹੋਏ ਸ਼ਾਮਿਲ



ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 20 ਫ਼ਰਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮੱਰਪਿਤ ਜ਼ੂਮ-ਸਮਾਗ਼ਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਭਾਰਤ ਅਤੇ ਪਾਕਿਸਤਾਨ ਤੋਂ ਵਿਦਵਾਨਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਸਭਾ ਵੱਲੋਂ ਇਸ ਜ਼ੂਮ-ਸਮਾਗ਼ਮ ਵਿਚ ਸ਼ਾਮਲ ਹੋਣ ਲਈ ਬਰੈਂਪਟਨ ਵਿਚ ਵਿਚਰ ਰਹੀਆਂ ਹੋਰ ਸਾਹਿਤ ਸਭਾਵਾਂ ਤੇ ਜੱਥੇਬੰਦੀਆਂ ਨੂੰ ਵੀ ਸੱਦਾ ਦਿੱਤਾ ਗਿਆ। ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਵੀ ਇਸ ਸਮਾਗ਼ਮ ਵਿਚ ਪੰਜਾਬੀ ਮਾਂ-ਬੋਲੀ ਦੇ ਮੌਜੂਦਾ ਹਾਲਾਤ ਅਤੇ ਇਸ ਦੀ ਬੇਹਤਰੀ ਲਈ ਚੁੱਕੇ ਜਾਣ ਵਲੇ ਕਦਮਾਂ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗ਼ਮ ਵਿਚ ਸ਼ਾਮਲ ਹੋਏ ਮਹਿਮਾਨਾਂ, ਵਿਦਵਾਨਾਂ ਅਤੇ ਮੈਂਬਰਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ, ਸਮਾਗ਼ਮ ਦੇ ਸੰਚਾਲਕ ਤਲਵਿੰਦਰ ਮੰਡ ਨੇ ਮੁੱਖ-ਬੁਲਾਰੇ ਪ੍ਰੋ. ਰਾਮ ਸਿੰਘ ਨੂੰ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਆਪਣਾ ਸੰਬੋਧਨ ਵਿਚ ਕਿਹਾ ਕਿ ਰਾਜਨੀਤੀ ਹਮੇਸ਼ਾ ਲੋਕਾਂ ਨੂੰ ਆਪਣੀ ਮਾਂ-ਬੋਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੀ ਹੈ ਕਿਉਂਕਿ ਨਾਬਰੀ ਦੀ ਸੋਚ ਮਾਂ-ਬੋਲੀ ਵਿਚ ਹੀ ਵੱਧਦੀ ਹੈ। ਉਨ੍ਹਾਂ ਦੱਸਿਆ ਕਿ 1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਵਿਚ ਹਿੰਦੀ ਨੂੰ ਕੌਮੀ-ਭਾਸ਼ਾ ਅਤੇ ਅੰਗਰੇਜ਼ੀ ਨੂੰ ਸੰਪਰਕ ਭਾਸ਼ਾ ਐਲਾਨਿਆ ਗਿਆ। ਪੰਜਾਬ ਵਿਚ ਪੰਜਾਬੀ ਨੂੰ ਸਰਕਾਰੀ ਤੌਰ 'ਤੇ ਦਫ਼ਤਰੀ ਭਾਸ਼ਾ ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵੱਲੋਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸਕੂਲੀ ਪੱਧਰ ਤੱਕ ਵਿਦਿਆ ਮਾਤ-ਭਾਸ਼ਾ ਵਿਚ ਹੀ ਦੇਣੀ ਚਾਹੀਦੀ ਹੈ ਅਤੇ ਇਸ ਦੇ ਲਈ ਪਾਠ-ਪੁਸਤਕਾਂ ਮਾਤ-ਭਾਸ਼ਾ ਵਿਚ ਹੋਣੀਆਂ ਚਾਹੀਦੀਆਂ ਹਨ।

'ਪੰਜਾਬੀ ਵਿਚਾਰ ਮੰਚ ਲਾਹੌਰ' ਦੇ ਅਹਿਮਦ ਰਜ਼ਾ ਨੇ 'ਬੋਲੀ ਦੀਆਂ ਲੋੜਾਂ ਤੇ ਥੋੜਾਂ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਨਾਲ ਪੰਜਾਬੀ ਬੋਲੀ ਨੂੰ ਵੱਡਾ ਧੱਕਾ ਲੱਗਾ। ਪੱਛਮੀ ਪਾਕਿਸਤਾਨ ਦੇ ਹੋਰ ਸਾਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਉਰਦੂ ਸੂਬੇ ਦੀ ਭਾਸ਼ਾ ਬਣਾ ਦਿੱਤੀ ਗਈ ਅਤੇ ਪੰਜਾਬੀ ਨੂੰ ਪਿੱਛੇ ਧੱਕ ਦਿੱਤਾ ਗਿਆ ਜਿਸ ਨੂੰ ਲੋੜੀਂਦਾ ਦਰਜਾ ਦਿਵਾਉਣ ਲਈ ਪੰਜਾਬੀ ਲਗਾਤਾਰ ਜੱਦੋ-ਜਹਿਦ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਏਸੇ ਤਰ੍ਹਾਂ ਲਾਹੌਰ ਤੋਂ ਦੂਸਰੇ ਵਿਦਵਾਨ ਰਜ਼ਾ ਸ਼ਾਹ ਦਾ ਕਹਿਣਾ ਸੀ ਕਿ ਪਾਕਿਸਤਾਨ ਵਿਚ ਪੰਜਾਬੀ ਨੂੰ ਜਾਂਗਲੀਆਂ ਦੀ ਭਾਸ਼ਾ ਅਤੇ ਉਰਦੂ ਨੂੰ ਅਦਬੀ ਤੇ ਤਹਿਜ਼ੀਬ-ਯਾਫ਼ਤਾ ਬੋਲੀ ਸਮਝਿਆ ਜਾਂਦਾ ਹੈ। ਪੰਜਾਬੀ ਬੋਲੀ ਨੂੰ ਉੱਚਾ ਚੁੱਕਣ ਲਈ ਉੱਥੇ ਪੰਜਾਬੀਆਂ ਵੱਲੋਂ ਸਮੇਂ-ਸਮੇਂ ਮੁਜ਼ਾਹਰਿਆਂ ਵਿਚ ਆਵਾਜ਼ ਬੁਲੰਦ ਕੀਤੀ ਜਾਂਦੀ ਹੈ।'ਇੰਗਲੈਂਡ ਤੋਂ ਦਲਬੀਰ ਕੌਰ ਨੇ ਕਿਹਾ ਕਿ ਰਾਜਨੀਤੀ ਦੀ ਆਪਣੀ ਭਾਸ਼ਾ ਹੈ ਅਤੇ ਭਾਸ਼ਾਂ ਦੀ ਰਾਜਨੀਤੀ ਇਸ ਤੋਂ ਬਿਲਕੁਲ ਵੱਖਰੀ ਹੈ। ਉਨ੍ਹਾਂ ਦਾ ਕਹਿਣਾ ਸੀਕ ਨਿੱਤਾ-ਪ੍ਰਤੀ ਦੀਆਂ ਲੋੜਾਂ ਲਈ ਪੰਜਾਬੀਆਂ ਨੂੰ ਮਾਤ-ਭਾਸ਼ਾ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬੀ ਦੁਨੀਆਂ ਟੀ.ਵੀ.' ਦੇ ਸੀ.ਈ.ਓ. ਹਰਜੀਤ ਸਿੰਘ ਗਿੱਲ ਨੇ ਆਫ਼ੀਸ਼ੀਅਲ ਲੈਂਗੁਏਜ ਅਤੇ ਕਮਿਊਨੀਕੇਸ਼ਨ ਲੈਂਗੁਏਜ ਸਬੰਧੀ ਨੁਕਤਾ ਉਠਾਉਂਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਹਿੰਦੀ ਨੂੰ ਕੌਮੀ-ਭਾਸ਼ਾ ਨਹੀ, ਸਗੋਂ ਸੰਪਰਕ ਭਾਸ਼ਾ ਹੀ ਬਣਾਇਆ ਗਿਆ ਸੀ। ਬਰੈਂਪਟਨ ਦੀ 'ਜਗਤ ਪੰਜਾਬੀ ਸਭਾ' ਦੇ ਨੁਮਾਇੰਦੇ ਅਜਾਇਬ ਸਿੰਘ ਚੱਠਾ ਨੇ ਆਪਣੇ ਸੰਬੋਧਨ ਵਿਚ ਵਿਦਵਾਨਾਂ ਨੂੰ ਪੁਸਤਕਾਂ ਵਿਚ ਆਸਾਨ ਸ਼ਬਦਾਂ ਦੀ ਵਧੇਰੇ ਵਰਤੋਂ ਕਰਨ ਲਈ ਕਿਹਾ ਜੋ ਆਮ ਪੱਧਰ ਦੇ ਵਿਅੱਕਤੀਆਂ ਦੀ ਸਮਝ ਵਿਚ ਆ ਜਾਣ।

ਬਰੈਂਪਟਨ ਦੀ ' ਸਾਹਿਤ ਸਭਾ ਕਲਮਾਂ ਦਾ ਕਾਫ਼ਲਾ' ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਪੰਜਾਬੀ ਪੁਸਤਕਾਂ ਦੇ ਪੱਧਰ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਵਿਚ ਸ਼ਬਦ-ਜੋੜਾਂ ਦੀ ਸਮਾਨਤਾ ਨਹੀਂ ਹੈ ਅਤੇ ਚੰਗੇ ਸਾਹਿਤ ਦੇ ਨਾਲ਼ ਨਾਲ਼ ਕੱਚਾ-ਪਿੱਲਾ ਸਾਹਿਤ ਵੀ ਵੱਡੀ ਮਾਤਰਾ ਵਿਚ ਛਾਪਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੌ-ਡੇਢ ਸੌ ਸਾਲ ਪਹਿਲਾਂ ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਪੁਰਾਣੇ ਕੈਨੇਡਾ-ਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਤੇ ਸੱਭਿਆਚਾਰ ਤੋਂ ਦੂਰ ਰੱਖਿਆ ਗਿਆ ਅਤੇ ਪੰਜਾਬ ਵਿਚ ਵੀ ਹੁਣ ਏਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਅੰਗਰੇਜ਼ੀ ਅਤੇ ਹਿੰਦੀ ਨਾਲ ਜੋੜ ਕੇ ਪੰਜਾਬੀ ਮਾਂ-ਬੋਲੀ ਤੋਂ ਦੂਰ ਕੀਤਾ ਜਾ ਰਿਹਾ ਹੈ। ਪਿਆਰਾ ਸਿੰਘ ਕੁੱਦੋਵਾਲ ਦਾ ਕਹਿਣਾ ਸੀ ਕਿ ਮਾਤ-ਭਾਸ਼ਾ ਸਿੱਖਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਸਾਡਾ ਤਾਂ 'ਸ਼ਬਦ-ਗੁਰੂ' ਹੈ ਅਤੇ ਇਸ ਨੂੰ ਪੰਜਾਬੀ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ। ਨਾਹਰ ਔਜਲਾ ਨੇ ਕਿਹਾ ਕਿ ਪੰਜਾਬ ਵਿੱਚੋਂ ਬੱਚੇ ਧੜਾ-ਧੜ ਵਿਦੇਸ਼ਾਂ ਵਿਚ ਜਾ ਰਹੇ ਹਨ' ਉਹ ਅਤੇ ਕੈਨੇਡੀਅਨ ਪੰਜਾਬੀ ਮਾਪਿਆਂ ਦੇ ਬੱਚੇ ਪੰਜਾਬੀ ਮਾਂ-ਬੋਲੀ ਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਇਸ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਕਵਿੱਤਰੀ ਸੁਰਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨਾਲ ਮਤਰੇਈ-ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਏਸੇ ਤਰ੍ਹਾਂ ਡਾ. ਕੁਲਜੀਤ ਸਿੰਘ ਜੰਜੂਆ, ਭਾਰਤ ਤੋਂ ਮਨਵਿੰਦਰ ਸੋਨੀਆ ਤੇ ਰਵਿੰਦਰ ਕੌਰ ਭਾਟੀਆ, ਪਾਕਿਸਤਾਨ ਤੋਂ ਸਈਦਾ ਬਖ਼ਤਾਵਰ ਸ਼ਾਹ ਤੇ ਕਈ ਹੋਰਨਾਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਬੁਲਾਰਿਆਂ ਵੱਲੋਂ ਉਠਾਏ ਗਏ ਨੁਕਤਿਆਂ ਅਤੇ ਸੁਆਲਾਂ ਦੇ ਜੁਆਬ ਪ੍ਰੋ. ਰਾਮ ਸਿੰਘ ਵੱਲੋਂ ਤਸੱਲੀ-ਪੂਰਵਕ ਦੱਤੇ ਗਏ।

ਪੰਜਾਬੀ ਬੋਲੀ ਸਬੰਧੀ ਵਿਚਾਰ-ਚਰਚਾ ਕਾਫ਼ੀ ਲੰਮੀ ਹੋਣ ਕਾਰਨ ਇਸ ਦੇ ਦੂਸਰੇ ਭਾਗ ਕਵੀ-ਦਰਬਾਰ ਨੂੰ ਬੇਸ਼ਕ ਸਮਾਂ ਕੁਝ ਘੱਟ ਮਿਲਿਆ ਪਰ ਇਸ ਸੀਮਿਤ ਸਮੇਂ ਵਿਚ ਗਾਇਕ ਇਕਬਾਲ ਬਰਾੜ, ਪਾਕਿਸਤਾਨ ਤੋਂ ਨਜਮਾ ਮਹਿਮੂਦ ਨਜਮਾ, ਕੈਲਗਰੀ ਤੋਂ ਗੁਰਦੀਸ਼ ਗਰੇਵਾਲ,ਯੂ.ਕੇ. ਤੋਂ ਦਲਵੀਰ ਕੌਰ, ਭਾਰਤ ਤੇ ਕੈਨੇਡਾ ਤੋਂ ਮੰਤਾਨਾ ਮੈਨਨ, ਮਨਜੀਤ ਸੇਖੋਂ, ਹਰਜੀਤ ਬਮਰਾਹ, ਰਵਿੰਦਰ ਕੌਰ ਭਾਟੀਆ, ਕੁਲਜੀਤ ਜੰਜੂਆ, ਕੁਲਜੀਤ ਮਾਨ, ਰਮਿੰਦਰ ਵਾਲੀਆ, ਸੁਰਜੀਤ ਕੌਰ ਅਤੇ ਪਰਮਜੀਤ ਗਿੱਲ ਨੇ ਆਪਣੇ ਗੀਤਾਂ ਤੇ ਕਵਿਤਾਵਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਸਮੇਂ ਦੀ ਘਾਟ ਕਾਰਨ ਕਈ ਆਪਣੀਆਂ ਰਚਨਾਵਾਂ ਸਾਂਝੀਆਂ ਨਾ ਕਰ ਸਕੇ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮੂਹ ਬੁਲਾਰਿਆਂ ਅਤੇ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਵਿਚ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਪੰਜਾਬੀ ਬੋਲੀ ਨੂੰ ਸਮੱਰਪਿਤ ਇਸ ਤਰ੍ਹਾਂ ਦੇ ਸਮਾਗ਼ਮ ਅਕਸਰ ਆਯੋਜਿਤ ਕਰਦੀ ਰਹਿੰਦੀ ਹੈ ਅਤੇ ਇਸ ਨੂੰ ਭਵਿੱਖ ਵਿਚ ਵੀ ਅਜਿਹੇ ਸਾਰਥਿਕ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਸਮਾਗ਼ਮ ਦੇ ਦੋਹਾਂ ਭਾਗਾਂ ਨੂੰ ਤਲਵਿੰਦਰ ਮੰਡ ਅਤੇ ਪਰਮਜੀਤ ਢਿੱਲੋਂ ਵੱਲੋਂ ਵਧੀਆ ਤਰਤੀਬ ਦਿੱਤੀ ਗਈ ਅਤੇ ਇਸ ਦੇ ਤਕਨੀਕੀ ਪੱਖ ਨੂੰ ਡਾ. ਜਗਮੋਹਨ ਸੰਘਾ ਵੱਲੋਂ ਬਾਖ਼ੂਬੀ ਨਿਭਾਇਆ ਗਿਆ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW

# ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀ ਆਂ....



-ਬਹਾਦਰ ਸਿੰਘ ਗੋਸਲ-

ਕਦੇ ਸਮਾਂ ਹੁੰਦਾ ਸੀ ਕਿ ਅੱਜ ਵਾਂਗ ਥਾਂ-ਥਾਂ ਰੋਸ਼ਨੀ ਜਾਂ ਘਰ-ਘਰ ਬਿਜਲੀ ਦੇ ਲਾਟੂ ਨਹੀਂ ਸਨ। ਲੋਕਾਂ ਦਾ ਜੀਵਨ ਹਨੇਰੇ ਵਿੱਚ ਬਸਰ ਹੁੰਦਾ ਸੀ। ਹਾਂ, ਕੁਝ ਚਾਨਣ ਕੁਦਰਤ ਵੱਲੋਂ ਹੀ ਚੰਦ ਦੀ ਚਾਨਣੀ ਨਾਲ ਪ੍ਰਾਪਤ ਹੋ ਜਾਂਦਾ ਸੀ। ਘਰਾਂ ਦੇ ਅੰਦਰ ਉਹ ਹਨੇਰੇ ਵਿੱਚ ਹੱਥ-ਪੈਰ ਮਾਰਦੇ ਰਹਿੰਦੇ। ਜੇ ਅੱਜ ਅਸੀਂ ਉਸ ਸਮੇਂ ਬਾਰੇ ਸੋਚੀਏ ਤਾਂ ਅੰਦਾਜ਼ਾ ਨਹੀਂ ਲੱਗਦਾ ਕਿ ਉਹ ਲੋਕ ਰੋਸ਼ਨੀ ਬਿਨਾਂ ਕਿਵੇਂ ਜੀਵਨ ਗੁਜ਼ਾਰਦੇ ਹੋਣਗੇ। ਹਨੇਰੇ ਵਿੱਚ ਹਰ ਕੰਮ ਕਰਨਾ ਮੁਸ਼ਕਲ ਹੁੰਦਾ ਸੀ।

ਕਹਿੰਦੇ ਹਨ ਕਿ 'ਲੋੜ ਕਾਢ ਦੀ ਮਾਂ ਹੁੰਦੀ ਹੈ।' ਇਸ ਲਈ ਕਿਸੇ ਰੋਸ਼ਨ ਦਿਮਾਗ ਨੇ ਦੀਵੇ ਦੀ ਕਾਢ ਕੱਢ ਲਈ ਤੇ ਮਨੁੱਖ ਨੂੰ ਆਪਣੇ ਨਿਵਾਸ ਉੱਤੇ ਰਾਤ ਸਮੇਂ ਚਾਨਣ ਦੀ ਕਿਰਨ ਦਿਖਾਈ ਦੇਣ ਲੱਗੀ। ਇਸ ਦੀਵੇ ਦੀ ਲੋਅ ਵਿੱਚ ਮਨੁੱਖ ਕੁਝ ਛੋਟੇ ਮੋਟੇ ਕੰਮ ਕਰਨ ਲੱਗ ਪਿਆ। ਸ਼ੁਰੂ-ਸ਼ੁਰੂ ਵਿੱਚ ਕਿਸੇ ਕਟੋਰੀ ਜਾਂ ਠੂਠੀ ਵਿੱਚ ਤੇਲ ਪਾ ਕੇ ਰੂੰ ਦੀ ਬੱਤੀ ਰੱਖ ਕੇ ਦੀਵਾ ਜਗਾਇਆ ਜਾਂਦਾ ਸੀ। ਇਸ ਦੀਵੇ ਵਾਸਤੇ ਆਮ ਤੌਰ ਉੱਤੇ ਘਿਓ ਜਾਂ ਸਰ੍ਹੋਂ ਦੇ ਤੇਲ ਵਰਤਿਆ ਜਾਂਦਾ ਸੀ, ਜੋ ਵਾਤਾਵਰਣ ਲਈ ਵੀ ਬਹੁਤ ਸ਼ੁੱਧ ਤੇ ਸੁਗੰਧਦਾਰ ਹੁੰਦਾ ਸੀ। ਇਸ ਦੀਵੇ ਨਾਲ ਮਨੁੱਖ ਦੀ ਚਾਨਣ ਦੀ ਲੋੜ ਕੁਝ ਹੱਦ ਤੱਕ ਪੂਰੀ ਹੋਣ ਲੱਗੀ। ਹਰ ਵਸਦੇ ਘਰ ਵਿੱਚ ਰਾਤ ਇਹ ਦੀਵਾ ਜੀਵਨ ਦੀ ਨਿਸ਼ਾਨੀ ਬਣ ਜਾਂਦਾ ਸੀ। ਲੋਕਾਂ ਦਾ ਖਿਆਲ ਹੁੰਦਾ ਸੀ ਕਿ ਜਿੱਥੇ ਦੀਵਾ ਬਲਦਾ ਹੈ, ਉਥੇ ਮਨੁੱਖ ਦਾ ਵਾਸਾ ਜ਼ਰੂਰ ਹੋਵੇਗਾ।

ਪੁਰਾਤਨ ਕਹਾਣੀਆਂ ਵਿੱਚ ਅਸੀਂ ਪੜ੍ਹਦੇ ਸੁਣਦੇ ਆਏ ਹਾਂ ਕਿ ਕਿਵੇਂ ਰਾਤ ਪੈਣ ਉੱਤੇ ਮੁਸਾਫਰ ਜਾਂ ਭੁੱਲੇ ਭਟਕੇ ਰਾਹੀ ਦੀਵੇ ਦਾ ਆਸਰਾ ਤੱਕ ਕੇ ਉਥੇ ਪਹੁੰਚ ਜਾਂਦੇ ਸਨ। ਉਦੋਂ ਆਬਾਦੀ ਘੱਟ ਹੁੰਦੀ ਸੀ ਤੇ ਕਹਾਣੀਆਂ ਅਨੁਸਾਰ ਬਾਰਾਂ-ਬਾਰਾਂ ਕੋਹਾਂ ਉੱਤੇ ਕਿਤੇ ਦੀਵਾ ਬਲਦਾ ਨਜ਼ਰ ਆਉਂਦਾ ਸੀ, ਪਰ ਭੁੱਲੇ ਭਟਕੇ ਮੁਸਾਫਰਾਂ ਲਈ ਇਹ ਚਾਨਣ ਮੁਨਾਰਾ ਬਣ ਜਾਂਦਾ ਸੀ ਅਤੇ ਇੱਕ ਤਰ੍ਹਾਂ ਰਾਹ ਦਸੇਰੇ ਦਾ ਕੰਮ ਕਰਦਾ ਸੀ।

ਫਿਰ ਹੌਲੀ-ਹੌਲੀ ਦੀਵੇ ਦੇ ਰੂਪ ਬਦਲਦੇ ਗਏ। ਨਵੇਂ ਸਟੀਲ ਦੇ ਦੀਵੇ ਬਾਜ਼ਾਰਾਂ ਵਿੱਚ ਆ ਗਏ, ਜਿਸ ਉੱਤੇ ਟੂਟੀ ਵਿੱਚ ਬੱਤੀ ਲਾ ਕੇ ਦੀਵੇ ਵਿੱਚ ਤੇਲ ਦੀ ਮਦਦ ਨਾਲ ਚਾਨਣ ਦਾ ਸੋਮਾ ਬਣਾਇਆ ਜਾਂਦਾ। ਸ਼ਾਮ ਨੂੰ ਸੂਰਜ ਦੇ ਛਿਪਣ ਤੋਂ ਬਾਅਦ ਹਨੇਰਾ ਹੁੰਦੇ ਹੀ ਬਹੁਤ ਸ਼ਰਧਾ ਤੇ ਸਤਿਕਾਰ ਨਾਲ ਦੀਵਾ ਜਗਾਇਆ ਜਾਂਦਾ। ਹਰ ਘਰ ਵਿੱਚ ਦੀਵੇ ਦੀ ਮਹੱਤਤਾ ਨੂੰ ਸਮਝ ਕੇ ਇਸ ਨੂੰ ਪੂਜਣ ਯੋਗ ਮੰਨਿਆ ਜਾਂਦਾ ਸੀ। ਕਈ ਸ਼ਰਧਾਵਾਨ ਲੋਕ ਦੀਵੇ ਨੂੰ ਬਾਲ ਕੇ ਨਮਸਕਾਰ ਕਰਦੇ। ਇਸੇ ਤਰ੍ਹਾਂ ਜਦੋਂ ਰਾਤ ਨੂੰ ਸੌਣ ਤੋਂ ਪਹਿਲਾਂ ਦੀਵਾ ਬੁਝਾਇਆ ਜਾਂਦਾ ਤਾਂ ਘਰ ਦੇ ਕਈ ਮੈਂਬਰ ਇਹ ਕਹਿੰਦੇ ਸੁਣੇ ਜਾਂਦੇ :

ਜਾਹ ਦੀਪਕ ਘਰ ਆਪਣੇ<br>
ਸੁੱਖ ਦੀ ਰੈਣ ਗੁਜ਼ਾਰ<br>
ਕੱਲ੍ਹ ਧਨ ਦੇ ਲਿਆਈਂ ਗੱਡੇ<br>
ਨਾਲੇ ਆਈਂ ਆਪ।

ਇਸ ਤਰ੍ਹਾਂ ਸਮੇਂ ਦੇ ਨਾਲ-ਨਾਲ ਦੀਵੇ ਦਾ ਰੂਪ ਬਦਲਦਾ ਗਿਆ। ਥੋੜ੍ਹੀ ਸਮਾਜਕ ਤਰੱਕੀ ਹੋਣ ਨਾਲ ਦੀਵੇ ਦੀ ਥਾਂ ਲਾਲਟੈਣ ਨੇ ਲੈ ਲਈ, ਜਿਸ ਵਿੱਚ ਸ਼ੀਸ਼ੇ ਦੀ ਚਿਮਨੀ ਲੱਗੀ ਹੁੰਦੀ ਸੀ। ਇਸ ਲਾਲਟੈਣ ਦਾ ਇਹ ਫਾਇਦਾ ਸੀ ਕਿ ਇਸ ਦੀ ਬੱਤੀ ਹਵਾ ਜਾਂ ਹਨੇਰੀ ਵਿੱਚ ਬੁਝਦੀ ਨਹੀਂ ਸੀ ਅਤੇ ਲਗਾਤਾਰ ਬਲਦੀ ਰਹਿੰਦੀ ਸੀ। ਚਿਮਨੀ ਸ਼ੀਸ਼ੇ ਦੀ ਹੋਣ ਕਾਰਨ ਚੰਗੀ ਰੋਸ਼ਨੀ ਵੀ ਦੇ ਦਿੰਦੀ ਸੀ, ਦੀਵਾ ਹਵਾ ਵਿੱਚ ਬੁਝ ਜਾਂਦਾ ਸੀ। ਲਾਲਟੈਣ ਨੂੰ ਵਧੀਆ ਹੈਂਡਲ ਹੋਣ ਕਾਰਨ ਇੱਕ ਤੋਂ ਦੂਜੀ ਥਾਂ ਚੁੱਕ ਕੇ ਲੈ ਜਾਣਾ ਵੀ ਸੌਖਾ ਸੀ। ਇਸ ਨੂੰ ਜਗਾਉਣ ਲਈ ਮਿੱਟੀ ਦੇ ਤੇਲ ਦੀ ਵਰਤੋਂ ਹੁੰਦੀ ਸੀ, ਜੋ ਘਰ ਰੱਖਣਾ ਪੈਂਦਾ ਸੀ, ਪਰ ਲਾਲਟੈਣ ਦੀ ਸ਼ੀਸ਼ੇ ਵਾਲੀ ਚਿਮਨੀ ਸਮੇਂ-ਸਮੇਂ ਸਾਫ ਕਰਨੀ ਪੈਂਦੀ ਸੀ ਤਾਂ ਕਿ ਵੱਧ ਤੋਂ ਵੱਧ ਰੋਸ਼ਨੀ ਲਈ ਜਾ ਸਕੇ। ਸ਼ੀਸ਼ੇ ਵਾਲੀ ਚਿਮਨੀ ਦਾ ਸਭ ਤੋਂ ਵੱਡਾ ਲਾਭ ਸਕੂਲਾਂ-ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੇ ਰਾਤ ਨੂੰ ਪਹਿਰਾ ਦੇਣ ਵਾਲੇ ਚੌਕੀਦਾਰਾਂ ਨੂੰ ਹੁੰਦਾ ਸੀ। ਰਾਤ ਨੂੰ ਹਨੇਰੀਆਂ ਗਲੀਆਂ ਵਿੱਚ ਚੌਕੀਦਾਰ ਇੱਕ ਹੱਥ ਸੋਟੀ ਅਤੇ ਦੂਜੇ ਹੱਥ ਸ਼ੀਸ਼ੇ ਵਾਲੀ ਲਾਲਟੈਣ ਲੈ ਕੇ ਚੱਲਦੇ ਦੇਖੇ ਜਾਂਦੇ ਸਨ। ਚਿਮਨੀ ਦੇ ਕਾਰਨ ਲਾਲਟੈਣ ਬੁਝਣ ਦਾ ਡਰ ਨਹੀਂ ਸੀ ਹੁੰਦਾ। ਇਸ ਤਰ੍ਹਾਂ ਸੋਟੀ ਤੇ ਚਿਮਨੀ ਵਾਲੀ ਲਾਲਟੈਣ ਚੌਕੀਦਾਰ ਦੇ ਪੱਕੇ ਮਿੱਤਰ ਬਣ ਗਏ। ਲਾਲਟੈਣ ਨੇ ਚੌਕੀਦਾਰ ਦੇ ਕੰਮ ਨੂੰ ਕਾਫੀ ਸੌਖਾ ਬਣਾ ਦਿੱਤਾ। ਵਿਦਿਆਰਥੀ ਵੀ ਲਾਲਟੈਣ ਦੀ ਰੋਸ਼ਨੀ ਦਾ ਆਨੰਦ ਲੈ ਕੇ ਪੜ੍ਹਨ ਵਿੱਚ ਮਸਤ ਹੋਣ ਲੱਗੇ। ਗਰਮੀ ਦੇ ਦਿਨਾਂ ਵਿੱਚ ਉਨ੍ਹਾਂ ਦੇ ਮਨਾਂ ਵਿੱਚ ਹਵਾ ਨਾਲ ਦੀਵਾ ਬੁਝਣ ਦਾ ਡਰ ਖਤਮ ਹੋਣ ਨਾਲ ਉਹ ਬਾਹਰ ਵਿਹੜਿਆਂ ਵਿੱਚ ਲਾਲਟੈਣ ਲੈ ਕੇ ਪੜ੍ਹਨ ਲੱਗੇ ਤੇ ਪੇਪਰਾਂ ਦੇ ਦਿਨਾਂ ਵਿੱਚ ਦੇਰ ਰਾਤ ਤੱਕ ਉਹ ਪੜ੍ਹਦੇ ਦੇਖੇ ਜਾਂਦੇ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਉਨ੍ਹਾਂ ਨੇ ਸ਼ਹਿਰਾਂ ਅਤੇ ਖਾਸ ਕਰ ਕੇ ਰੇਲਵੇ ਸਟੇਸ਼ਨਾਂ ਉੱਤੇ ਖੰਭੇ ਲਾ ਕੇ ਉਪਰ ਲਾਲਟੈਣ ਟਾਈਪ ਬੱਤੀਆਂ ਲਾ ਦਿੱਤੀਆਂ ਕਿਉਂਕਿ ਉਹ ਹਵਾ ਵਿੱਚ ਬੁੱਝਦੀਆਂ ਨਹੀਂ ਸਨ ਤੇ ਸਾਰੀ-ਸਾਰੀ ਰਾਤ ਚਾਨਣਾ ਦਿੰਦੀਆਂ ਸਨ। ਪਿੰਡਾਂ ਦੇ ਕਿਸਾਨ ਜਾਂ ਵਪਾਰੀ ਜਦੋਂ ਮਾਲ ਭਰ ਕੇ ਆਪਣੇ ਗੱਡੇ ਲੱਦ ਕੇ ਦੂਰ-ਦੂਰ ਜਾਂਦੇ ਤਾਂ ਉਹ ਸੁਵੱਖਤੇ ਚੱਲ ਪੈਂਦੇ ਤੇ ਹਨੇਰਾ ਹੋਣ ਕਰ ਕੇ ਉਹ ਆਪਣੇ ਗੱਡਿਆਂ ਹੇਠ ਲਾਲਟੈਣ ਲਟਕਾ ਲੈਂਦੇ। ਜਿੱਥੇ ਉਹ ਲਾਲਟੈਣ ਚਾਨਣ ਦਾ ਕੰਮ ਕਰਦੀ, ਉਥੇ ਹਨੇਰੇ ਵਿੱਚ ਇੰਡੀਕੇਟਰ ਦਾ ਕੰਮ ਵੀ ਦੇ ਜਾਂਦੀ। ਇਸ ਤਰ੍ਹਾਂ ਉਨ੍ਹਾਂ ਗੱਡੇ ਵਾਲਿਆਂ ਲਈ ਲਾਲਟੈਣ ਖਾਸ ਸਹੂਲਤ ਬਣ ਜਾਂਦੀ।

ਜਦੋਂ ਸਮੇਂ ਨੇ ਤਰੱਕੀ ਦਾ ਹੋਰ ਪੱਖ ਦੇਖਿਆ ਤਾਂ ਲਾਲਟੈਣ ਨੇ ਉਚੀ ਗੋਲ ਚਿਮਨੀ ਵਾਲੇ ਲੈਂਪ ਦਾ ਰੂਪ ਲੈ ਲਿਆ। ਪੜ੍ਹਨ ਵਾਲੇ ਬੱਚਿਆਂ ਦੇ ਘਰਾਂ ਵਿੱਚ ਇਸ ਲੈਂਪ ਨੂੰ ਪਹਿਲ ਦਿੱਤੀ ਜਾਂਦੀ ਕਿਉਂਕਿ ਇਹ ਲਾਲਟੈਣ ਤੋਂ ਵੱਧ ਰੋਸ਼ਨੀ ਦਿੰਦਾ ਤੇ ਥੋੜ੍ਹਾ ਪ੍ਰਭਾਵਸ਼ਾਲੀ ਵੀ ਸੀ। ਉਨ੍ਹਾਂ ਵਿੱਚ ਜਿਸ ਘਰ ਕੋਈ ਲੈਂਪ ਆਉਂਦਾ ਤਾਂ ਉਹ ਬੱਚੇ ਦੂਜੇ ਦਿਨ ਸਕੂਲ ਵਿੱਚ ਦੱਸਦੇ ਫਿਰਦੇ ਕਿ ਉਨ੍ਹਾਂ ਦੇ ਘਰ ਵਧੀਆ ਲੈਂਪ ਆ ਗਿਆ ਹੈ ਅਤੇ ਉਹ ਰਾਤ ਨੂੰ ਪੜ੍ਹਿਆ ਕਰਨਗੇ। ਸੱਚ ਵਿੱਚ ਉਸ ਲੈਂਪ ਨੇ ਪਿੰਡਾਂ ਦੇ ਬੱਚਿਆਂ ਵਿੱਚ ਰਾਤੀਂ ਪੜ੍ਹਨ ਦੀ ਆਦਤ ਪਾ ਦਿੱਤੀ। ਰੋਸ਼ਨੀ ਲਈ ਭਾਵੇਂ ਦੀਵਾ, ਲਾਲਟੈਣ ਜਾਂ ਲੈਂਪ ਵਰਤੇ ਜਾਂਦੇ ਸਨ, ਪਰ ਪੇਂਡੂ ਖੇਤਰ ਵਿੱਚ ਸਭ ਨੂੰ ਸਾਂਝਾ ਨਾਂਅ ਬੱਤੀ ਕਿਹਾ ਜਾਂਦਾ ਸੀ। ਇਸ ਲਈ ਰੋਸ਼ਨੀ ਪ੍ਰਾਪਤ ਕਰਨ ਲਈ ਪਿੰਡਾਂ ਦੇ ਲੋਕ ਕਿਸੇ ਨਾ ਕਿਸੇ ਬੱਤੀ ਦਾ ਪ੍ਰਯੋਗ ਕਰਦੇ। ਇਸ ਕਰ ਕੇ ਪੰਜਾਬੀ ਸਭਿਆਚਾਰ ਵਿੱਚ ਇਸ ਬੱਤੀ ਨੇ ਜਾਂ ਦੀਵੇ ਨੇ ਖੂਬ ਸਥਾਨ ਬਣਾਇਆ ਅਤੇ ਬਹੁਤ ਕਮਾਲ ਦੇ ਗੀਤ, ਬੋਲੀਆਂ ਅਤੇ ਕਵਿਤਾਵਾਂ ਇਸ ਬੱਤੀ ਬਾਰੇ ਸੁਣਨ ਨੂੰ ਮਿਲਦੀਆਂ। ਜਿਵੇਂ ਇਹ ਗੀਤ ਹਰ ਪੰਜਾਬੀ ਦੀ ਜ਼ੁਬਾਨ ਉੱਤੇ ਹੁੰਦਾ ਸੀ :

ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀ ਆਂ<br>
ਗਲੀ ਭੁੱਲ ਨਾ ਜਾਵੇ ਚੰਨ ਮੇਰਾ।

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਜਦੋਂ ਘਰਾਂ ਵਿੱਚ ਦੀਵੇ ਵਰਤੋਂ ਵਿੱਚ ਲਿਆਂਦੇ ਜਾਂਦੇ ਸਨ ਤਾਂ ਥੋੜ੍ਹੀ ਜਿਹੀ ਹਵਾ ਦੇ ਝੋਕੇ ਨਾਲ ਬੁੱਝ ਜਾਂਦੇ ਸਨ ਤਾਂ ਪਿੰਡਾਂ ਵਿੱਚ ਇਹ ਆਮ ਕਹਿਾ ਜਾਂਦਾ ਸੀ :

ਪੱਲਾ ਮਾਰ ਕੇ ਬੁਝਾ ਗਈ ਦੀਵਾ<br>
ਅੱਖ ਨਾਲ ਗੱਲ ਕਰ ਗਈ।

ਇਸੇ ਤਰ੍ਹਾਂ ਗੀਤਾਂ ਜਾਂ ਪੰਜਾਬੀ ਬੋਲੀਆਂ ਵਿੱਚ ਦੀਵੇ ਜਾਂ ਬੱਤੀ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ :

ਹੁੱਲ ਗਈ, ਹੁੱਲ ਗਈ, ਹੁੱਲ ਗਈ ਵੇ<br>
ਬੱਤੀ ਬਾਲ ਦੇ, ਚੁਬਾਰਾ ਤੇਰਾ ਭੁੱਲ ਗਈ ਵੇ।

ਸਾਡੇ ਤਿਉਹਾਰਾਂ ਵਿੱਚ ਵੀ ਦੀਵੇ ਦਾ ਵਿਸ਼ੇਸ਼ ਮਹੱਤਵ ਹੈ। ਦੀਵਾਲੀ ਦਾ ਤਿਉਹਾਰ ਰਾਮ ਚੰਦਰ ਜੀ ਦੇ ਬਨਵਾਸ ਤੋਂ ਬਾਅਦ ਅਯੁੱਧਿਆ ਪਰਤਣ ਉੱਤੇ ਦੀਪਮਾਲਾ ਕਰ ਕੇ ਮਨਾਇਆ ਗਿਆ ਸੀ। ਇਸੇ ਤਰ੍ਹਾਂ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਤੋਂ ਆਜ਼ਾਦ ਹੋ ਕੇ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿੱਚ ਦੀਪਮਾਲਾ ਕੀਤੀ ਗਈ ਸੀ, ਜੋ ਪ੍ਰੰਪਰਾ ਅੱਜ ਤੱਕ ਜਾਰੀ ਹੈ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਬੱਚੇ ਗੜ੍ਹਬੜਿਆਂ ਦਾ ਤਿਉਹਾਰ ਬਹੁਤ ਖੁਸ਼ੀ ਨਾਲ ਮਨਾਉਂਦੇ ਹਨ। ਉਹ ਆਪਣੇ ਗੜ੍ਹਬੜਿਆਂ ਵਿੱਚ ਦੀਵਾ ਬਾਲ ਕੇ ਰੱਖ ਕੇ ਘਰ-ਘਰ ਜਾ ਕੇ ਗੜ੍ਹਬੜੇ ਲਈ ਤੇਲ ਮੰਗਦੇ ਹਨ ਅਤੇ ਨਾਲ ਹੀ ਗਾਉਂਦੇ ਹਨ :

ਅੱਜ ਚਾਨਣ-ਮਾਨਣ ਦੀ ਰਾਤ<br>
ਤੂੰ ਨੱਚ ਮੇਰੇ ਗੜ੍ਹਬੜਿਆ।

ਇਸੇ ਤਰ੍ਹਾਂ ਇਹ ਦੀਵੇ ਜਾਂ ਰੋਸ਼ਨੀ ਲਈ ਬੱਤੀ, ਲਾਲਟੈਣ ਸਾਡੇ ਸਭਿਆਚਾਰ ਦੀ ਰੰਗੀਨ ਕੜੀ ਬਣ ਗਏ ਹਨ। ਵਿਆਹ-ਸ਼ਾਦੀਆਂ ਵਿੱਚ ਵਧੇਰੇ ਰੋਸ਼ਨੀ ਲਈ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਸੀ ਜਾਂ ਇਕੱਲਾ-ਦੁਕੱਲਾ ਵਿਅਕਤੀ ਬੈਟਰੀ ਨੂੰ ਚਾਨਣ ਲਈ ਵਰਤਦਾ ਸੀ, ਪਰ ਮੁੰਡੇ ਦੇ ਵਿਆਹ ਵਿੱਚ ਨਵੀਂ ਆਈ ਵਹੁਟੀ ਨੂੰ ਦੇਖਣ ਪਿੰਡ ਦੀਆਂ ਬਹੁਤ ਔਰਤਾਂ ਪਹੁੰਚਦੀਆਂ ਅਤੇ ਜੇ ਕੋਈ ਵਹੁਟੀ ਬਹੁਤ ਖੂਬਸੂਰਤ ਜਾਂ ਗੋਰੇ ਰੰਗ ਦੀ ਸੋਹਣੀ ਮੁਟਿਆਰ ਹੁੰਦੀ ਤਾਂ ਉਹ ਉਸ ਵਹੁਟੀ ਦੀ ਤਾਰੀਫ ਕਰਦੀਆਂ ਹੋਈਆਂ ਕਹਿੰਦੀਆਂ :

ਬੰਦ ਕਰ ਦਿਓ ਗੈਸ, ਲਾਲਟੈਣਾਂ<br>
ਆਈ ਬਹੂ ਬੈਟਰੀ ਵਰਗੀ।

ਇਸ ਤਰ੍ਹਾਂ ਚਾਨਣ ਦਾ ਤੇ ਸੁਹੱਪਣ ਦਾ ਸਦੀਆਂ ਤੋਂ ਸੁਮੇਲ ਰਿਹਾ ਹੈ। ਜਿਸ ਨੇ ਸਾਡੇ ਵਿਰਸੇ ਅਤੇ ਸਭਿਆਚਾਰ ਨੂੰ ਹੀ ਰੋਸ਼ਨ ਨਹੀਂ ਕੀਤਾ, ਸਗੋਂ ਸਮਾਜਕ ਜੀਵਨ ਵਿੱਚ ਵੀ ਰੰਗ ਭਰੇ ਹਨ, ਪਰ ਅੱਜਕੱਲ੍ਹ ਉਹ ਦੀਵੇ, ਲਾਲਟੈਣਾਂ, ਗੈਸ ਸਭ ਲੋਪ ਹੋ ਗਏ ਹਨ। ਘਰ-ਘਰ ਬਿਜਲੀ ਆ ਜਾਣ ਨਾਲ ਇਕ ਬਟਨ ਦੱਬਦਿਆਂ ਸਾਰ ਹੀ ਸਾਰਾ ਘਰ ਜਗਮਗਾ ਉਠਦਾ ਹੈ। ਵਿਆਹ-ਸ਼ਾਦੀਆਂ ਅਤੇ ਦੂਜੇ ਵੱਡੇ ਸਮਾਗਮਾਂ ਵਿੱਚ ਰੰਗ-ਬਿਰੰਗੀਆਂ ਲਾਇਟਾਂ ਦੀ ਭਰਮਾਰ ਹੁੰਦੀ ਹੈ, ਪਰ ਉਹ ਚਿਮਨੀ ਵਾਲੀ ਲਾਲਟੈਣ ਕਦੇ ਜ਼ਿੰਦਗੀ ਦੀ ਲੋਅ ਬਣ ਕੇ ਸਾਡੇ ਘਰ ਵਿੱਚ ਅਹਿਮ ਥਾਂ ਰੱਖਦੀ ਸੀ।

# ਇੱਕ ਦਿਨ ਇਹ ਵੀ ਹੋਣੀ ਸੀ ਦਰਿਆਵਾਂ ਨਾਲ

-ਪ੍ਰੋਫੈਸਰ ਕੁਲਵੰਤ ਸਿੰਘ ਔਜਲਾ

ਮੇਰੇ ਘਰ ਦੇ ਸਾਹਮਣੇ ਵੱਡਾ ਪਾਰਕ ਹੈ। ਪਾਰਕ ਦੇ ਆਲੇ ਦੁਆਲੇ ਲਗਭਗ ਤੀਹ ਘਰ ਹਨ। ਤੀਹ ਘਰਾਂ ਵਿੱਚੋਂ ਤਕਰੀਬਨ ਸੋਲਾਂ ਘਰਾਂ ਦੇ ਮੈਂਬਰ ਪਰਵਾਸ ਕਰ ਚੁੱਕੇ ਹਨ ਅਤੇ ਉਨ੍ਹਾਂ ਘਰਾਂ ਵਿੱਚ ਸਾਂਭ-ਸੰਭਾਲ ਲਈ ਕਿਰਾਏਦਾਰ ਰਹਿ ਰਹੇ ਹਨ। ਘਰ ਵਾਲਿਆਂ ਵਿੱਚੋਂ ਕੋਈ ਇੱਕ ਅੱਧ ਜੀਅ ਸਾਲ ਦੋ ਸਾਲ ਬਾਅਦ ਆਉਂਦਾ ਅਤੇ ਕੁਝ ਦਿਨ ਰਹਿ ਕੇ ਚਲਾ ਜਾਂਦਾ ਹੈ। ਜਦੋਂ ਕਾਲੋਨੀ ਵੱਸੀ ਤਾਂ ਇਨ੍ਹਾਂ ਘਰਾਂ ਵਿੱਚ ਖੂਬ ਰੌਣਕਾਂ ਸਨ। ਪਾਰਕ ਵਿੱਚ ਬੱਚੇ ਖੇਡਦੇ, ਦੌੜਦੇ ਅਤੇ ਸ਼ੋਰ ਕਰਦੇ। ਘਰਾਂ ਵਿੱਚ ਅੱਜ ਬੱਚਿਆਂ ਦੀ ਭਰਮਾਰ ਨਹੀਂ। ਵਿਰਲੇ ਵਿਰਲੇ ਘਰਾਂ ਵਿੱਚ ਇੱਕ-ਦੋ ਬੱਚੇ ਹਨ, ਜੋ ਇਕੱਲੇ ਰਹਿ ਰਹਿ ਕੇ ਸੁੰਗੜ ਗਏ ਲੱਗਦੇ ਹਨ। ਸਾਡਾ ਪੋਤਰਾ ਆਇਆ। ਮੈਂ ਉਸ ਨੂੰ ਖਿਡਾਉਣ ਲਈ ਪਾਰਕ ਵੱਲ ਲਿਜਾ ਰਿਹਾ ਸਾਂ। ਉਹ ਖੂਬ ਸ਼ਰਾਰਤਾਂ ਕਰ ਰਿਹਾ ਸੀ। ਉਸ ਨੂੰ ਨੱਚਦੇ ਟੱਪਦੇ ਦੇਖ ਕੇ ਇੱਕ ਘਰ ਵਿੱਚ ਕਿਰਾਏਦਾਰ ਵਜੋਂ ਰਹਿੰਦੀ ਔਰਤ ਨੇ ਆਖਿਆ, ''ਸ਼ੁਕਰ ਹੈ ਕੋਈ ਬੱਚਾ ਸ਼ਰਾਰਤਾਂ ਕਰਦਾ ਤੇ ਸ਼ੋਰ ਮਚਾਉਂਦਾ ਇਸ ਏਰੀਏ ਵਿੱਚ ਨਜ਼ਰ ਪਿਆ।'' ਉਸ ਨੇ ਬੱਚੇ ਨੂੰ ਪਿਆਰ ਕੀਤਾ, ਅੰਦਰੋਂ ਚਾਕਲੇਟ ਲਿਆ ਕੇ ਦਿੱਤਾ ਅਤੇ ਕਿੰਨਾ ਚਿਰ ਸਾਨੂੰ ਦਾਦੇ ਪੋਤੇ ਨੂੰ ਖੇਡਦਿਆਂ ਦੇਖ-ਦੇਖ ਖੀਵੀ ਹੁੰਦੀ ਰਹੀ।

ਤੀਹਾਂ ਵਿੱਚੋਂ ਚਾਰ ਘਰ ਪੂਰੇ ਜੀਆਂ ਨਾਲ ਰਹਿੰਦੇ ਹਨ। ਬਾਕੀ ਦਸ ਘਰਾਂ ਵਿੱਚ ਦੋ-ਦੋ ਜੀਆਂ ਦਾ ਵਾਸਾ ਹੈ। ਬੱਚੇ ਵੱਡੇ ਹੋ ਕੇ ਨੌਕਰੀਆਂ ਕਰਨ ਲਈ ਵੱਖ-ਵੱਖ ਥਾਵਾਂ ਉੱਤੇ ਚਲੇ ਗਏ ਅਤੇ ਛੁੱਟੀਆਂ ਵਿੱਚ ਕਦੇ ਕਦਾਈਂ ਆਪਣੇ ਬਿਰਧ ਮਾਂ-ਬਾਪ ਨੂੰ ਮਿਲਣ ਲਈ ਆਉਂਦੇ ਹਨ। ਇਨ੍ਹਾਂ ਦੋ-ਦੋ ਜੀਆਂ ਵਾਲੇ ਘਰਾਂ ਵਿੱਚ ਅਨੁਸ਼ਾਸਿਤ ਤੇ ਨਿਸ਼ਚਿਤ ਜਿਹੀ ਰੁਟੀਨ ਪੱਸਰੀ ਰਹਿੰਦੀ ਹੈ। ਥੋੜ੍ਹੀ ਜਿਹੀ ਸੈਰ, ਸੰਜਮ ਭਰਪੂਰ ਖਾਣ ਪੀਣ, ਪ੍ਰਹੇਜ਼ ਤੇ ਅੰਦਰੂਨੀ ਖੁਦਮੁਖਤਿਆਰੀ। ਪਾਰਕ ਵਿੱਚ ਕੁਝ ਬਿਰਧ ਲੋਕ ਬੈਠਦੇ ਨੇ, ਚਰਚਾ ਕਰਦੇ ਤੇ ਸਮੇਂ ਸਿਰ ਘਰਾਂ ਵਿੱਚ ਸੁਰੱਖਿਅਤ ਹੋ ਜਾਂਦੇ ਨੇ। ਪਾਰਕ ਵਿਚ ਵੱਡੇ ਰੁੱਖ ਨਜ਼ਰ ਆਉਂਦੇ ਹਨ, ਪਰ ਫੁੱਲਾਂ ਦੀ ਘਾਟ ਰੜਕਦੀ ਹੈ। ਫੁੱਲਾਂ ਤੇ ਫੁੱਲਾਂ ਵਰਗੇ ਬੱਚਿਆਂ ਤੋਂ ਬਿਨਾਂ ਜੀਵੀ ਜਾ ਰਿਹਾ ਆਲਾ ਦੁਆਲਾ ਬਹੁਤਾ ਸਮਾਜਕ ਤੇ ਸਹਿਯੋਗੀ ਨਹੀਂ। ਬੱਚੇ ਆਮ ਤੌਰ ਉੱਤੇ ਘਰਾਂ ਵਿੱਚ ਖਿਡੌਣਿਆਂ, ਖੇਡਾਂ ਅਤੇ ਖਾਣਿਆਂ ਨਾਲ ਪਰਚੇ ਰਹਿੰਦੇ ਹਨ। ਇੱਕ ਦੂਜੇ ਨੂੰ ਮਿਲਣ ਗਿਲਣ, ਚਾਹ ਦਾ ਕੱਪ ਸਾਂਝਾ ਕਰਨ ਤੇ ਕਦੇ ਕਦੇ ਫੁਰਸਤ ਮਾਣਨ ਦੀ ਕੋਈ ਰਵਾਇਤ ਨਹੀਂ। ਖੁਸ਼ੀਆਂ ਤੇ ਗਮੀਆਂ ਮੌਕੇ ਰਸਮ ਜਾਂ ਰਵਾਇਤ ਵਜੋਂ ਇਕੱਤਰ ਹੋਣ ਦੀ ਭੇਡਚਾਲ ਹਰ ਘਰ ਨਿਭਾਉਂਦਾ ਹੈ। ਚਾਰਦੀਵਾਰੀਆਂ ਵਿੱਚ ਕੀ ਵਾਪਰਦਾ ਹੈ, ਇਸ ਬਾਰੇ ਇਨ੍ਹਾਂ ਘਰਾਂ ਨੂੰ ਕੋਈ ਬਹੁਤੀ ਜਾਣਕਾਰੀ ਨਹੀਂ। ਇੱਕ ਦੂਜੇ ਨੂੰ ਹੈਲੋ ਕਹਿਣ ਤੋਂ ਅਗਾਂਹ ਦਾ ਸਫਰ ਬਹੁਤੇ ਘਰ ਨਹੀਂ ਕਰਦੇ। ਸਾਡੇ ਘਰ ਤੋਂ ਛੇ ਸੱਤ ਘਰਾਂ ਦੀ ਵਿੱਥ ਉੱਤੇ ਰਹਿ ਰਿਹਾ ਮੇਰਾ ਪੜ੍ਹਨ ਵੇਲੇ ਦਾ ਇੱਕ ਦੋਸਤ ਵਿਦੇਸ਼ੋਂ ਕੁਝ ਦਿਨਾਂ ਲਈ ਆਇਆ। ਮੈਂ ਦੋ ਵਾਰੀ ਉਸ ਨੂੰ ਮਿਲਣ ਗਿਆ, ਪਰ ਉਸ ਨੂੰ ਏਨੀ ਫੁਰਸਤ ਨਹੀਂ ਮਿਲੀ ਕਿ ਅਸੀਂ ਕੁਝ ਚਿਰ ਇਕੱਠੇ ਬਹਿ ਕੇ ਗੱਪ ਸ਼ੱਪ ਕਰ ਸਕੀਏ। ਜਾਂਦੇ-ਜਾਂਦੇ ਮਿਲਿਆ ਤਾਂ ਕਹਿਣ ਲੱਗਾ, ''ਮਿਲਣਾ ਸੀ ਭਰਾ ਜੀ, ਪਰ ਕੰਮਾਂ ਨੇ ਵਿਹਲ ਨਹੀਂ ਦਿੱਤੀ।'' ਕਦੇ ਕਦੇ ਸੋਚਦਾਂ ਹਾਂ, ਦਿਲ ਦੀਆਂ ਗੱਲਾਂ ਕਰਨ ਲਈ ਕਿੱਥੇ ਜਾਈਏ? ਲਗਦਾ ਦਿਲਾਂ ਦੇ ਨਾਲ-ਨਾਲ ਘਰਾਂ ਦੀਆਂ ਨਾੜਾਂ ਵੀ ਸੁੰਗੜ ਗਈਆਂ ਹਨ।

ਜ਼ਿਆਦਾ ਜੀਆਂ ਵਾਲੇ ਘਰਾਂ ਵਿੱਚੋਂ ਇੱਕ ਘਰ ਵਿੱਚ ਚੌਥੀ ਪੀੜ੍ਹੀ ਵੀ ਪਰਵੇਸ਼ ਕਰ ਗਈ ਹੈ, ਪਰ ਕੋਈ ਵੀ ਬੱਚਾ ਐਸਾ ਨਜ਼ਰ ਨਹੀਂ ਆਇਆ, ਜਿਸ ਨੇ ਖੇਡਾਂ, ਪੜ੍ਹਾਈ ਜਾਂ ਕਲਾ ਦੇ ਖੇਤਰ ਵਿੱਚ ਵਿਕੋਲਿਤਰੀ ਪਛਾਣ ਬਣਾਈ ਹੋਵੇ। ਜੇ ਕੋਈ ਬੱਚਾ ਤਰੱਕੀ ਕਰ ਵੀ ਗਿਆ ਤਾਂ ਆਲੇ ਦੁਆਲੇ ਨੂੰ ਇਲਮ ਨਹੀਂ। ਜ਼ਿੰਦਗੀ ਦਾ ਬਹੁਤਾ ਮੇਲ ਮਿਲਾਪ ਜਾਂ ਵਰਤ ਵਰਤਾਰਾ ਫੇਸਬੁਕ ਜਾਂ ਵਾਟਸਐਪ ਵਰਗੇ ਔਜ਼ਾਰਾਂ ਸਹਾਰੇ ਚੱਲਦਾ ਹੈ। ਦਿਲੀ ਸਾਂਝ ਮਨਫੀ ਹੈ, ਪਰ ਫੇਸਬੁਕ ਫਰੈਂਡਸ਼ਿਪ ਅਣਗਿਣਤ ਹੈ। ਬੱਚਿਆਂ ਕੋਲ ਡੌਲੇ ਬਣਾਉਣ ਅਤੇ ਗਿਟਾਰ ਸਿੱਖਣ ਦਾ ਵਕਤ ਹੈ, ਪਰ ਬਿਰਧ ਜੀਆਂ ਲਈ ਹਉਕਾ ਵੀ ਨਹੀਂ। ਬਹੁਤੇ ਜੀਆਂ ਵਾਲੇ ਇੱਕ ਘਰ ਨੇ ਘਰ ਦੇ ਬਿਰਧ ਮੁਖੀ ਦੀ ਦੇਖਭਾਲ ਲਈ ਨੌਕਰ ਰੱਖਿਆ ਹੋਇਆ ਹੈ। ਨੌਕਰ ਆਪਣਿਆਂ ਵਾਂਗ ਉਸ ਦੀ ਸੇਵਾ ਕਰਦਾ ਹੈ, ਖਵਾਉਂਦਾ ਹੈ, ਨਹਾਉਂਦਾ ਹੈ ਅਤੇ ਸਵਾਉਂਦਾ ਹੈ। ਦੇਖ-ਦੇਖ ਮਨ ਕਈ ਵੇਰ ਉਦਾਸ ਹੋ ਜਾਂਦਾ ਹੈ। ਖਿਆਲ ਆਉਂਦਾ ਕਿਤੇ ਸਾਡੇ ਨਾਲ ਵੀ ਇੰਝ ਨਾ ਵਾਪਰੇ। ਹਰ ਘਰ ਸਹੂਲਤੀ ਹੋਣਾ ਲੋਚਦਾ। ਹਰ ਘਰ ਚਾਹੁੰਦਾ ਮੇਰੀ ਰੋਜ਼ਮੱਰਾ ਜ਼ਿੰਦਗੀ ਵਿੱਚ ਵਿਘਨ ਨਾ ਪਏ। ਘਰ ਧੜਕਣਾ ਨਹੀਂ, ਬਤੀਤ ਹੋਣਾ ਚਾਹੁੰਦੇ ਨੇ। ਜਿਨ੍ਹਾਂ ਨੇ ਘਰ ਬਣਾਏ, ਉਨ੍ਹਾਂ ਦੀ ਹੋਂਦ ਅਤੇ ਹਾਲਾਤ ਤੋਂ ਬੇਖਬਰ ਹਨ ਘਰ। ਚਾਵਾਂ ਨਾਲ ਕਰਜ਼ੇ ਲੈ-ਲੈ ਕੇ ਘਰ ਬਣਾਏ। ਤੰਗੀਆਂ ਝੱਲੀਆਂ। ਬੱਚਿਆਂ ਨੂੰ ਉਡਣ ਜੋਗੇ ਬਣਾਇਆ। ਮਾਲੀ ਨੂੰ ਬਾਗ ਹੀ ਨਾ ਪਛਾਣੇ, ਇਸ ਤੋਂ ਵੱਡੀ ਬੇਰੁਖੀ ਕੀ ਹੋ ਸਕਦੀ ਹੈ। ਮੋਹਖੋਰੇ ਮਿੱਤਰ ਮਰਹੂਮ ਡਾਕਟਰ ਰਣਧੀਰ ਸਿੰਘ ਚੰਦ ਦਾ ਸ਼ਿਅਰ ਚੇਤੇ ਆ ਗਿਆ :

ਅੰਦਰੋਂ ਬਾਹਰੋਂ ਸਾੜਨ ਲੱਗੀ ਆਪਣੀ ਰੇਤ,<br>
ਇੱਕ ਦਿਨ ਇਹ ਵੀ ਹੋਣੀ ਸੀ ਦਰਿਆਵਾਂ ਨਾਲ।

ਕੁਝ ਇੱਕ ਬਚੇ ਖੁਚੇ ਦਰਿਆਵਾਂ ਵਰਗੇ ਲੋਕਾਂ ਨੂੰ ਇਕਾਂਤਵਾਸ (ਆਈਸੋਲੇਟ) ਹੋ ਰਹੇ ਆਲੇ ਦੁਆਲੇ ਦਾ ਫਿਕਰ ਹੈ। ਆਈਸੋਲੇਟਿਡ ਵਾਰਡਾਂ ਵਰਗਾ ਵਰਤਾਰਾ ਸਿਰਫ ਮੇਰੇ ਘਰ ਦੇ ਆਲੇ ਦੁਆਲੇ ਤਕ ਸੀਮਿਤ ਨਹੀਂ। ਲਗਭਗ ਸਾਰੀਆਂ ਕਾਲੋਨੀਆਂ, ਅਸਟੇਟਾਂ, ਐਵੇਨਿਊਜ਼ ਅਤੇ ਟਾਊਨਾਂ ਵਿੱਚ ਇਹ ਵਰਤਾਰਾ ਅੰਦਰੂਨੀ ਵਾਇਰਸ ਵਾਂਗੂ ਘਰ ਕਰ ਗਿਆ ਹੈ। ਕਿੱਥੋਂ ਆਇਆ ਕਰੋਨਾ ਦਾ ਇਹ ਆਈਸੋਲੇਟਿਡ ਵਾਇਰਸ? ਜਦੋਂ ਅਸੀਂ ਨਵੇਂ-ਨਵੇਂ ਕਾਲੋਨੀ ਵਿੱਚ ਆਏ ਤਾਂ ਹਰ ਪਾਸੇ ਉਸਾਰੀ ਹੋ ਰਹੀ ਸੀ। ਬਹੁਤੇ ਲੋਕ ਪਿੰਡਾਂ ਤੋਂ ਆਏ ਸਨ। ਇੱਕ ਦੂਜੇ ਦਾ ਹਾਲ ਚਾਲ ਪੁੱਛਦੇ। ਸਲਾਹਾਂ ਮਸ਼ਵਰੇ ਕਰਦੇ। ਹੌਲੀ-ਹੌਲੀ ਧਾਰਮਿਕ ਤੇ ਸਭਿਆਚਾਰਕ ਭਾਈਚਾਰਾ ਉਸਰਿਆ। ਸਭਿਆਚਾਰਕ ਸਮਾਗਮ ਹੋਏ। ਕਵੀ ਦਰਬਾਰ ਕੀਤੇ ਗਏ। ਕੀਰਤਨ ਹੁੰਦੇ। ਕਿਤਾਬਾਂ ਦੀਆਂ ਸਟਾਲਾਂ ਲੱਗਦੀਆਂ। ਦੇਖਦੇ ਦੇਖਦੇ ਸਭ ਸਿਆਸਤ ਦੀ ਭੇਟ ਚੜ੍ਹ ਗਿਆ। ਤਿੰਨ ਹਿੱਸਿਆਂ ਵਿੱਚ ਕਾਲੋਨੀ ਅਤੇ ਦੋ ਹਿੱਸਿਆਂ ਵਿੱਚ ਗੁਰਦੁਆਰਾ ਵੰਡਿਆ ਗਿਆ। ਸਿਆਸੀ ਕਤਾਰਬੰਦੀ ਨੇ ਕਾਲੋਨੀ ਦੀ ਸਿਰਜਣਾਤਮਕ ਤੇ ਸਭਿਆਚਾਰਕ ਫਿਜ਼ਾ ਦੂਸ਼ਿਤ ਕਰ ਦਿੱਤੀ। ਹਰ ਕੋਈ ਕੰਮਾਂ ਦਾ ਸਿਹਰਾ ਆਪਣੇ ਸਿਰ ਲੈਣ ਦੀ ਹਉਂ ਵਿੱਚ ਲੀਨ ਹੋ ਗਿਆ। ਬੰਦਿਆਂ ਦੇ ਆਕਾਰ ਵੱਡੇ ਹੁੰਦੇ ਗਏ ਤੇ ਸੁਫਨਿਆਂ ਦੇ ਅੰਬਰ ਸੁੰਗੜਦੇ ਗਏ। ਪੁਰਾਣੇ ਲੋਕ ਵਾੜ ਵਿੱਚ ਫਸੇ ਬਿੱਲੇ ਵਾਂਗੂ ਏਧਰ ਉਧਰ ਝਾਕੀ ਜਾਂਦੇ ਹਨ ਅਤੇ ਨਵੀਂ ਪਨੀਰੀ ਘਰਾਂ ਨੂੰ ਅਲਵਿਦਾ ਕਹਿ ਗਈ ਹੈ। ਪਾਰਕ ਬੇਚੈਨ ਹਨ, ਦਰੱਖਤ ਉਦਾਸ ਹਨ। ਘਰਾਂ ਨੂੰ ਦਰੱਖਤਾਂ, ਫੁੱਲਾਂ ਤੇ ਫੁਹਾਰਿਆਂ ਦੀ ਭਾਸ਼ਾ ਭੁੱਲ ਗਈ ਹੈ। ਅਜਿਹੇ ਮਾਹੌਲ ਵਿੱਚੋਂ ਇੱਕ ਕਵਿਤਾ ਜਨਮੀ :

ਨਿਰਮੋਹ ਹੋਈ ਕਿਤਾਬ ਦਾ ਕੈਸਾ ਇਹ ਅਧਿਆਏ,<br>
ਬੇਵਤਨੀ ਨੂੰ ਤਾਂਘਦੇ ਵਿਛੋਂ ਜੰਮੇ ਜਾਏ।<br>
ਰਾਂਝੇ ਮਿਰਜ਼ੇ ਸੱਸੀਆਂ ਹਿਜਰਤ ਦੇ ਤ੍ਰਿਹਾਏ,<br>
ਦਰਦ ਤੇਰਾ ਪੰਜਾਬ ਸਿਆਂ ਕਿੰਦਾਂ ਕੋਈ ਫਿਲਮਾਏ।

ਦੇਖਣ ਨੂੰ ਦਰਦ ਨਜ਼ਰ ਨਹੀਂ ਆਉਂਦਾ। ਨਜ਼ਰ ਤਾਂ ਵੱਡੀਆਂ ਕੋਠੀਆਂ, ਉਚਤਮ ਕਾਰਾਂ ਅਤੇ ਦੋ ਮਾਰਗੀ ਸੜਕਾਂ ਆਉਂਦੀਆਂ ਹਨ। ਦਰਦ ਨਾੜਾਂ ਵਿੱਚ ਹੈ। ਜੇ ਨਾੜਾਂ ਨਾ ਪਿਘਲਣ ਤਾਂ ਦਰਦ ਬਾਹਰ ਨਹੀਂ ਆਉਂਦਾ। ਦਰਦ ਬੇਜ਼ਬਾਨ ਹੋ ਜਾਵੇ ਤਾਂ ਇਕਾਂਤਵਾਸ ਵਿੱਚ ਚਲਿਆ ਜਾਂਦਾ। ਦਰਦ ਨੂੰ ਬੋਲਣਾ ਚਾਹੀਦਾ। ਦਰਦ ਨੂੰ ਫੁੱਟਣਾ ਚਾਹੀਦਾ। ਦਰਦ ਜੰਮ ਜਾਵੇ ਤਾਂ ਭਾਸ਼ਾਵਾਂ ਤੇ ਕੌਮਾਂ ਭਟਕ ਜਾਂਦੀਆਂ ਹਨ। ਕਲਮਾਂ ਨੂੰ ਦਰਦ ਫਰੋਲਣਾ ਚਾਹੀਦਾ ਹੈ। ਕਲਮਾਂ ਬਿਨਾਂ ਕਾਲੋਨੀਆਂ ਖੰਡਰਾਤ ਹੋ ਜਾਣਗੀਆਂ। ਕਲਮਾਂ ਬਿਨਾਂ ਕੌਮਾਂ ਅਤੀਤ ਬਣ ਕੇ ਰਹਿ ਜਾਣਗੀਆਂ। ਇਕਾਂਤਵਾਸ ਦੇ ਦਿਨਾਂ ਵਿੱਚ ਇੱਕ ਦੋਸਤ ਦਾ ਫੋਨ ਆਇਆ, ''ਕੀ ਕਰਦੇ ਰਹਿੰਦੇ ਹੋ?'' ਮੈਂ ਆਖਿਆ, ''ਪੜ੍ਹਦਾ ਰਹਿੰਦਾ ਤੇ ਲਿਖਦਾ ਰਹਿੰਦਾ ਹਾਂ।'' ਉਸ ਆਖਿਆ, ''ਮੇਰੇ ਘਰ ਕੋਈ ਕਿਤਾਬ ਨਹੀਂ।'' ਮੈਂ ਚੁੱਪ ਹੋ ਗਿਆ। ਕੌਣ ਕਿਤਾਬ ਘਰ ਲੈ ਕੇ ਆਵੇ? ਜੀਆਂ ਅਨੁਸਾਰ ਕਾਰਾਂ ਹਨ। ਸਜਾਵਟੀ ਸੋਫੇ ਹਨ। ਵੱਡੇ ਟੀ ਵੀ ਹਨ, ਪਰ ਕਿਤਾਬ ਇੱਕ ਵੀ ਨਹੀਂ। ਅਸੀਂ ਕੁਝ ਦੋਸਤਾਂ ਨੇ ਸਲਾਹ ਕਰ ਕੇ ਗੁਰਦੁਆਰੇ ਵਿੱਚ ਲਾਇਬਰੇਰੀ ਬਣਾਈ। ਦਾਨ ਵੀ ਮਿਲ ਗਿਆ। ਚੰਗੀਆਂ ਕਿਤਾਬਾਂ ਖਰੀਦ ਕੇ ਲਿਆਂਦੀਆਂ, ਪਰ ਪੜ੍ਹਨ ਵਾਲੇ ਨਹੀਂ ਆਏ। ਲਾਇਬਰੇਰੀ ਦਾ ਸੁਫਨਾ ਸਮਾਪਤ ਹੋ ਗਿਆ। ਸੁਫਨੇ ਮਰਨੇ ਨਹੀਂ ਚਾਹੀਦੇ। ਸੁਫਨੇ ਮਰਨ ਨਾਲ ਘਰਾਂ ਨੇ ਮਰ ਜਾਣਾ ਹੁੰਦਾ ਹੈ। ਜਿਉਂਦੇ ਰਹਿਣ ਲਈ ਸੁਫਨਿਆਂ ਵਰਗੇ ਕਾਰਜ ਜ਼ਰੂਰੀ ਹਨ। ਸੁਫਨੇ ਹੋਣ ਤਾਂ ਸਰੀਰ ਸਜੀਵ ਰਹਿੰਦਾ ਹੈ। ਬੁਢਾਪਾ ਤੰਦਰੁਸਤਾਂ ਵਾਂਗੂ ਬੀਤਦਾ ਹੈ। ਮੇਰੇ ਸ਼ਹਿਰ ਵਿੱਚ ਮੇਰੇ ਤਿੰਨ ਬਜ਼ੁਰਗ ਦੋਸਤ ਹਨ, ਜੋ ਪਚਾਸੀਆਂ ਤੋਂ ਉਪਰ ਹਨ। ਮੰਨੇ ਹੋਏ ਸਰਜਨ ਡਾਕਟਰ ਹਰੀ ਸਿੰਘ ਨੇ ਆਪਣੇ ਕਿੱਤੇ ਤੋਂ ਸੇਵਮੁਕਤੀ ਲਈ ਤੇ ਸੰਸਾਰ ਪ੍ਰਸਿੱਧ ਪੁਸਤਕਾਂ ਦਾ ਪੰਜਾਬੀ ਬੋਲੀ ਵਿੱਚ ਅਨੁਵਾਦ ਕਰਨ ਦਾ ਇਸ਼ਕ ਸਹੇੜ ਲਿਆ। ਪੰਜਾਬੀ ਘੱਟ ਆਉਂਦੀ ਸੀ। ਮੇਰੇ ਵਰਗੇ ਲੋਕਾਂ ਦੀ ਸਹਾਇਤਾ ਲਈ। ਅੰਗਰੇਜ਼ੀ ਦੀਆਂ ਅੱਠ ਸ਼ਾਹਕਾਰ ਕਿਤਾਬਾਂ ਪੰਜਾਬੀ ਵਿੱਚ ਉਲਥਾ ਦਿੱਤੀਆਂ। ਸਰਜਨ ਤੋਂ ਸਾਹਿਤਕਾਰ ਬਣਨ ਦਾ ਸੁਫਨਾ, ਬੁਢਾਪੇ ਲਈ ਵਰਦਾਨ ਵਰਗਾ ਹੋ ਨਿਬੜਿਆ। ਬਿਰਧ ਸਰੀਰ ਵਿੱਚੋਂ ਸੇਕ, ਸ਼ਿੱਦਤ ਤੇ ਸਰਗਮ ਊਰਜਿਤ ਹੋ ਗਈ। ਅਸੀਂ ਅੱਖਰ ਮੰਚ ਵੱਲੋਂ ਰਲ ਕੇ ਉਨ੍ਹਾਂ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ, ''ਇਹ ਦੁਨੀਆ ਦਾ ਸਭ ਤੋਂ ਵੱਡਾ ਸਨਮਾਨ ਹੈ ਜਿਸ ਨੇ ਮੇਰੇ ਬੁਢਾਪੇ ਨੂੰ ਉਮਰ ਦਿੱਤੀ ਹੈ।'' ਦੂਸਰੇ ਹਨ ਪਚਾਨਵੇਂ ਸਾਲ ਦੇ ਪ੍ਰਿੰਸੀਪਲ ਵਰਿਆਮ ਸਿੰਘ। ਮੈਥ ਸ਼ਾਸਤਰੀ। ਪੜ੍ਹੀਆਂ ਲਿਖੀਆਂ ਧੀਆਂ ਦੀ ਪ੍ਰੇਰਨਾ ਨਾਲ ਆਪਣੀ ਸਵੈ-ਜੀਵਨੀ ਦਾ ਪਹਿਲਾ ਭਾਗ ਲਿਖਿਆ। ਇਸ ਦਾ ਰਿਲੀਜ਼ ਸਮਾਗਮ ਕੀਤਾ। ਮੈਂ ਕਿਹਾ ਕਿ ਇਹ ਕਿਤਾਬ ਸਹਿਜ, ਸਿਰੜ ਤੇ ਸੰਘਰਸ਼ ਨਾਲ ਕਮਾਈ ਜ਼ਿੰਦਗੀ ਦਾ ਔਸ਼ਧੀਨਾਮਾ ਹੈ। ਘਰ ਵਿੱਚ ਕਿਤਾਬਾਂ ਜੰਮਣ ਤਾਂ ਘਰ ਖੁਆਬਾਂ ਤੇ ਖਿਆਲਾਂ ਨਾਲ ਭਰ ਜਾਂਦੇ ਹਨ। ਬੱਚਿਆਂ ਅੰਦਰ ਸਨੇਹ ਤੇ ਸਤਿਕਾਰ ਉਪਜਦਾ ਹੈ। ਤੀਸਰੇ ਦੋਸਤ ਹਨ ਸ਼ਾਇਰ ਹਰਫੂਲ ਸਿੰਘ। ਸ਼ਾਇਰੀ ਵਰਗੀ ਜ਼ਿੰਦਗੀ ਤੇ ਸ਼ਾਇਰਾਨਾ ਅੰਦਾਜ਼। ਆਪਣਾ ਚੌਰਾਸੀਵਾਂ ਜਨਮ ਦਿਨ ਮਨਾਇਆ ਸੰਗੀਤ ਦੀ ਮਹਿਫਲ ਸਜਾ ਕੇ। ਮਹਿਫਲ ਵਿੱਚ ਹਰਫੂਲ ਦੇ ਗੀਤਾਂ ਅਤੇ ਗਜ਼ਲਾਂ ਦੀ ਐਲਬਮ ਰਿਲੀਜ਼ ਹੋਈ। ਬਿਮਾਰ ਸਰੀਰ ਨੂੰ ਤੰਦਰੁਸਤੀ ਮਿਲੀ।

ਸ਼ਾਇਰੀ, ਸੰਗੀਤ ਅਤੇ ਸੁਫਨੇ ਸਰੀਰਾਂ ਨੂੰ ਸਿਹਤਮੰਦ ਬਣਾਉਂਦੇ ਹਨ। ਚੰਗੀਆਂ ਮਿਸਾਲਾਂ ਦੀ ਲੋੜ ਹੈ। ਮੁੱਲਵਾਨ ਮਿਸਾਲਾਂ ਨਾਲ ਨਵੀਆਂ ਉਮੰਗਾਂ ਅਤੇ ਉਮੀਦਾਂ ਜਾਗਦੀਆਂ ਹਨ। ਜ਼ਿੰਦਗੀ ਦਾ ਸਫਰ ਚੰਗਾ ਗੁਜ਼ਰਦਾ ਹੈ। ਘਰ ਇਕਾਂਤਵਾਸ ਦੇ ਵਾਰਡ ਬਣਨ ਤੋਂ ਬਚੇ ਰਹਿੰਦੇ ਹਨ। ਜਿਉਣ ਲਈ ਕੁਝ ਚੰਗੇ ਸੁਫਨੇ ਤੇ ਸਬੱਬ ਸਿਰਜ ਲੈਣੇ ਚਾਹੀਦੇ ਹਨ। ਆਦਰਸ਼, ਅਰਮਾਨ ਤੇ ਆਦਤਾਂ ਖੁਆਬਾਂ ਨਾਲ ਲਬਰੇਜ਼ ਹੋਣ ਤਾਂ ਸਾਹ ਔਖੇ ਚਲਦੇ ਹਨ, ਲੈਅ ਡੋਲਦੀ ਨਹੀਂ। ਅੱਜਕੱਲ੍ਹ ਮੇਰਾ ਬਹੁਤਾ ਸਮਾਂ ਨਿੱਕੇ ਜਿਹੇ ਪੋਤਰੇ ਨਾਲ ਬੀਤਦਾ ਹੈ। ਤਾਕਤ ਤੇ ਤੰਦਰੁਸਤੀ ਦੇ ਅਹਿਸਾਸ ਮਿਲਦੇ ਹਨ ਉਸ ਨਾਲ ਖੇਡ ਕੇ। ਬੱਚੇ ਹੋ ਜਾਈਦਾ। ਕਾਵਿਕਤਾ ਸਿੰਮਦੀ ਹੈ। ਵਕਤ ਸੁਖਾਵਾਂ ਲੱਗਦਾ ਹੈ। ਨਵੇਂ-ਨਵੇਂ ਖੁਆਬ ਤੇ ਖਿਆਲ ਜਨਮਦੇ ਹਨ। ਬੱਚੇ ਹੋਣ ਤਾਂ ਘਰਾਂ ਦੇ ਸਵਾਸ ਸੁਪਨਮਈ ਹੋ ਜਾਂਦੇ ਹਨ। ਬੱਚਿਆਂ ਬਿਨਾਂ ਘਰ ਕਾਹਦੇ? ਪੋਤਰੇ ਦੇ ਤੀਸਰੇ ਜਨਮ ਦਿਨ ਮੌਕੇ ਇੱਕ ਕਵਿਤਾ ਆਈ :

ਤੋੜ ਤੋੜ ਬੁਰਕੀਆਂ ਜਦ ਬੱਚੇ ਨੂੰ ਖਾਈਦਾ,<br>
ਸੱਚ ਜਾਣਿਓ ਬੱਚੇ ਨਾਲ ਬੱਚਾ ਬਣ ਜਾਈਦਾ।<br>
ਖ਼ੌਰੇ ਕਿੰਨਾ ਮੋਹ ਹੁੰਦਾ ਨਿੱਕੇ ਜਿਹੇ ਨਾਦਾਨ ਵਿੱਚ,<br>
ਖਾਬ ਤੇ ਰਬਾਬ ਹੁੰਦੇ ਤੋਤਲੀ ਜ਼ੁਬਾਨ ਵਿੱਚ।

ਆਓ ਇਕਾਂਤਵਾਸ ਤੋਂ ਬਾਹਰ ਆਈਏ। ਘਰਾਂ ਨੂੰ ਪਤਝੜੀ ਪ੍ਰਵਾਸ ਤੋਂ ਬਚਾਈਏ ਅਤੇ ਧੜਕਣਾਂ ਵਿੱਚ ਗੁਲਮੋਹਰ ਤੇ ਅਮਲਤਾਸ ਦੇ ਫੁੱਲਾਂ ਵਰਗੇ ਸੁਪਨਸ਼ੀਲ ਬਿਰਖ ਉਗਾਈਏ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ<br>
Sadhna : 11:00 Am - 12:00 PM<br>
Ishwar : 10:00 Am- 11:00 AM<br>
MH One: 4:30 AM- 5:30 AM

Lok Shahi: 8:25 AM - 9:25 AM<br>
Nepal 1: 8:30 PM -9:30 PM<br>
Subharti : 10:30 AM- 11:30 AM<br>
जन तंत्र: 7:30 PM - 8:30 PM<br>
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com<br>
satsahibusa@gmail.com

647-739-4641<br>
346-714-0224

# ਲਾਰੇ ਵੰਡਦੇ ਲੀਡਰਾਂ ਦੇ ਰਾਹ ਦਾ ਸਪੀਡ ਬਰੇਕਰ ਬਣਨ ਲਈ ਲੋਕਾਂ ਨੂੰ ਤਿਆਰ ਕੀਤਾ ਜਾਣਾ ਚਾਹੀਦੈ

ਸਾਡੇ ਵਿੰਹਦਿਆਂ-ਵਿੰਹਦਿਆਂ ਵੋਟਾਂ ਕਈ ਵਾਰੀ ਲੋਕਾਂ ਨੇ ਪਾਈਆਂ ਅਤੇ ਇਹ ਆਸ ਕੀਤੀ ਹੈ ਕਿ ਇਸ ਨਾਲ ਹਾਲਤ ਬਦਲਣ ਦਾ ਕੋਈ ਸਬੱਬ ਬਣ ਜਾਵੇਗਾ, ਪਰ ਬਹੁਤਾ ਫਰਕ ਪੈਂਦਾ ਨਹੀਂ ਦਿੱਸਿਆ। ਸਾਨੂੰ ਪਿੰਡਾਂ ਵਿੱਚ ਅੱਜ ਵੀ ਕਈ ਬਜ਼ੁਰਗ ਇਹ ਕਹਿਣ ਵਾਲੇ ਮਿਲ ਜਾਂਦੇ ਹਨ ਕਿ ਅੱਜ ਦੀ ਹਕੂਮਤ ਤੋਂ ਅੰਗਰੇਜ਼ਾਂ ਦਾ ਰਾਜ ਰਹਿੰਦਾ ਤਾਂ ਉਹ ਵੀ ਮਾੜਾ ਨਹੀਂ ਸੀ, ਉਸ ਵਿੱਚ ਏਨੇ ਵੱਡੇ ਪੱਧਰ ਦਾ ਭ੍ਰਿਸ਼ਟਾਚਾਰ ਨਹੀਂ ਸੀ ਹੁੰਦਾ। ਇਹ ਤਸਵੀਰ ਦਾ ਇੱਕ ਪਾਸਾ ਤਾਂ ਹੋ ਸਕਦਾ ਹੈ, ਸਾਰੀ ਤਸਵੀਰ ਦੀ ਵਿਆਖਿਆ ਏਨੇ ਸ਼ਬਦਾ ਵਿੱਚ ਨਹੀਂ ਹੋ ਸਕਦੀ। ਅੰਗਰੇਜ਼ੀ ਰਾਜ ਏਨਾ ਚੰਗਾ ਹੁੰਦਾ ਤਾਂ ਸਾਡੇ ਦੇਸ਼ਭਗਤਾਂ ਨੂੰ ਕੁਰਬਾਨੀਆਂ ਨਾ ਦੇਣੀਆਂ ਪੈਂਦੀਆਂ, ਫਾਂਸੀ ਦੇ ਰੱਸੇ ਨਾ ਚੁੰਮਣੇ ਪੈਂਦੇ ਅਤੇ ਆਪਣੇ ਘਰ-ਬਾਰ ਜ਼ਬਤ ਨਾ ਕਰਵਾਉਣੇ ਪੈਂਦੇ। ਏਨੇ ਮਹਿੰਗੇ ਮੁੱਲ ਮਿਲੀ ਆਜ਼ਾਦੀ ਤੋਂ ਸੱਤਰ ਸਾਲ ਬਾਅਦ ਵੀ ਜੇ ਕੋਈ ਅੰਗਰੇਜ਼ੀ ਰਾਜ ਬਾਰੇ ਏਦਾਂ ਦੇ ਵਿਚਾਰ ਰੱਖਦਾ ਹੈ ਤਾਂ ਕਸੂਰ ਉਸ ਦਾ ਨਹੀਂ, ਆਜ਼ਾਦੀ ਦੇ ਲਾਭਾਂ ਨੂੰ ਹੜੱਪਣ ਵਾਲੇ ਚੋਰਾਂ ਅਤੇ ਉਨ੍ਹਾਂ ਚੋਰਾਂ ਦੀ ਸਰਪ੍ਰਸਤੀ ਕਰਨ ਵਾਲੇ ਆਗੂਆਂ ਦਾ ਹੈ। ਹਾਲਾਤ ਹਰ ਵਾਰੀ ਪਹਿਲਾਂ ਨਾਲੋਂ ਵੱਧ ਖਰਾਬ ਹੋਣ ਦਾ ਰੋਸ ਲੋਕਾਂ ਦੇ ਮਨ ਵਿੱਚ ਇਸ ਲਈ ਉਪਜਦਾ ਹੈ ਕਿ ਜਾਇਜ਼ ਸ਼ਿਕਵਾ ਵੀ ਸੁਣਨ ਵਾਲਾ ਕੋਈ ਨਹੀਂ ਲੱਭ ਰਿਹਾ।

ਕਹਿਣ ਨੂੰ ਭਾਰਤ ਲੋਕਤੰਤਰ ਹੈ ਅਤੇ ਹਰ ਪੰਜ ਸਾਲਾਂ ਬਾਅਦ ਲੋਕਾਂ ਨੂੰ ਆਪਣੇ ਤੰਤਰ ਦੇ ਹਾਕਮ ਚੁਣਨ ਲਈ ਮੌਕਾ ਬਾਕਾਇਦਾ ਮਿਲਦਾ ਹੈ, ਪਰ ਜਦੋਂ ਹਰ ਪਾਸੇ ਚੋਰਾਂ ਦੇ ਗੈਂਗ ਉਨ੍ਹਾਂ ਨੂੰ ਆਪੋ-ਆਪਣੀ ਪਸੰਦ ਦਾ ਹਾਕਮ ਚੁਣਨ ਲਈ ਮਜਬੂਰ ਕਰਨ ਲਈ ਘੂਰਦੇ ਫਿਰਨ ਤਾਂ ਲੋਕਤੰਤਰ ਸਿਰਫ ਨਾਂਅ ਦਾ ਲੋਕਤੰਤਰ ਰਹਿ ਜਾਂਦਾ ਹੈ। ਹਰ ਹਾਕਮ ਨੂੰ ਆਪਣੇ ਨਾਲ ਲੱਠਮਾਰਾਂ ਦੇ ਗੈਂਗ ਇਸ ਵਾਸਤੇ ਰੱਖਣੇ ਪੈਂਦੇ ਹਨ ਕਿ ਜਿਨ੍ਹਾਂ ਲੋਕਾਂ ਨੂੰ ਝੂਠੇ ਸਬਜ਼ ਬਾਗ ਵਿਖਾ ਕੇ ਵੋਟਾਂ ਲਈਆਂ ਹੁੰਦੀਆਂ ਹਨ, ਉਹ ਕਿਸੇ ਦਿਨ ਵੋਟਾਂ ਦਾ ਲੇਖਾ ਮੰਗਣ ਨਾ ਆਣ ਵੜਦੇ ਹੋਣ। ਭਾਰਤ ਦੀ ਕੋਈ ਪ੍ਰਮੁੱਖ ਧਿਰ ਵੀ ਏਦਾਂ ਦੀ ਨਹੀਂ, ਜਿਹੜੀ ਲੱਠਮਾਰਾਂ ਤੋਂ ਬਗੈਰ ਰਾਜ ਕਰਨ ਦਾ ਦਾਅਵਾ ਕਰ ਸਕੇ, ਸਗੋਂ ਕਈ ਵਾਰੀ ਏਦਾਂ ਲੱਗਦਾ ਹੈ ਕਿ ਮੁਕਾਬਲਾ ਵੋਟਾਂ ਦਾ ਨਹੀਂ, ਲੱਠਮਾਰਾਂ ਦੇ ਵੱਡੇ ਜਾਂ ਛੋਟੇ ਗੈਂਗਾਂ ਵੱਲੋਂ ਪੈਂਦੀ ਮਾਰ ਦਾ ਹੁੰਦਾ ਹੈ। ‘ਜਿਸ ਕੀ ਲਾਠੀ, ਉਸ ਕੀ ਭੈਂਸ’ ਦੇ ਮੁਹਾਵਰੇ ਵਾਂਗ ਜਿਸ ਦਾ ਲੱਠਮਾਰ ਗੈਂਗ ਵੱਡਾ ਹੈ, ਉਹ ਦੂਸਰਿਆਂ ਨੂੰ ਧੱਕੇ ਨਾਲ ਪਾਸੇ ਧੱਕਦਾ ਤੇ ਰਾਜ-ਭਾਗ ਦੇ ਗਲਿਆਰਿਆਂ ਤੱਕ ਜਾਣ ਵਾਲਾ ਰਾਹ ਮੱਲਣ ਦਾ ਯਤਨ ਕਰਦਾ ਹੈ। ਚੋਣ ਕਮਿਸ਼ਨ ਵਿਖਾਵੇ ਵਾਲਾ ਸ਼ੇਰ ਹੈ, ਜਿਹੜਾ ਕਦੇ-ਕਦੇ ਦਬਕਾ ਜਿਹਾ ਮਾਰਦਾ ਤੇ ਫਿਰ ਚੁੱਪ ਕਰ ਜਾਂਦਾ ਹੈ। ਹਰ ਚੋਣ ਵਿੱਚ ਕੁਝ ਉਮੀਦਵਾਰਾਂ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸ ਦਰਜ ਹੁੰਦੇ ਹਨ, ਚੋਣਾਂ ਪਿੱਛੋਂ ਫਿਰ ਆਮ ਕਰ ਕੇ ਰੱਦ ਹੋ ਜਾਂਦੇ ਹਨ ਤੇ ਜਿਸ ਦੇ ਵਿਰੁੱਧ ਬਣਿਆ ਕੇਸ ਰੱਦ ਨਹੀਂ ਹੁੰਦਾ, ਉਹ ਚੋਣਾਂ ਜਿੱਤ ਚੁੱਕੇ ਹਾਕਮਾਂ ਦੀ ਦੁਸ਼ਮਣੀ ਦਾ ਕਰ ਕੇ ਨਹੀਂ ਹੁੰਦਾ।

ਅੱਜਕੱਲ੍ਹ ਭਾਰਤ ਦੇ ਪੰਜ ਰਾਜਾਂ ਵਿਚਲੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ ਤਾਂ ਇਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਹੇਠ ਭਾਰਤੀ ਪਾਰਲੀਮੈਂਟ ਦੇ ਇੱਕ ਸੌ ਦੋ ਹਲਕੇ ਵੀ ਆਉਂਦੇ ਹਨ। ਆਮ ਬੋਲੀ ਵਿੱਚ ਕਿਹਾ ਜਾਂਦਾ ਹੈ ਕਿ ਇਹ ਪੰਜਾਂ ਰਾਜਾਂ ਦੀਆਂ ਚੋਣਾਂ ਤੋਂ ਵਧ ਕੇ ਪਾਰਲੀਮੈਂਟ ਦੀਆਂ ਮਿੰਨੀ ਚੋਣਾਂ ਹਨ। ਕਹਿਣ ਦਾ ਅਰਥ ਇਹੀ ਹੁੰਦਾ ਹੈ ਕਿ ਪਾਰਲੀਮੈਂਟ ਦੇ ਜਿਸ ਹੇਠਲ ਸਦਨ ਲੋਕ ਸਭਾ ਵਿੱਚ ਅੱਧੇ ਤੋਂ ਵੱਧ ਮੈਂਬਰਾਂ ਦੀ ਹਮਾਇਤ ਦੇ ਨਾਲ ਅਗਲਾ ਪ੍ਰਧਾਨ ਮੰਤਰੀ ਚੁਣਿਆ ਜਾਣਾ ਹੈ, ਇਨ੍ਹਾਂ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਉਨ੍ਹਾਂ ਵਿੱਚੋਂ ਇੱਕ ਸੌ ਦੋ ਮੈਂਬਰਾਂ ਦੀ ਜਿੱਤ-ਹਾਰ ਦਾ ਅੰਦਾਜ਼ਾ ਹ ਸਕਦਾ ਹੈ। ਇਸ ਨੂੰ ਪਾਰਲੀਮੈਂਟ ਦਾ ਸੈਮੀ-ਫਾਈਨਲ ਵੀ ਕਿਹਾ ਜਾਂਦਾ ਹੈ। ਇਸੇ ਲਈ ਭਾਰਤ ਦਾ ਪ੍ਰਧਾਨ ਮੰਤਰੀ ਅਤੇ ਉਸ ਦੀ ਪੂਰੀ ਟੀਮ



ਇਨ੍ਹਾਂ ਚੋਣਾਂ ਵਿੱਚ ਵਿਧਾਨ ਸਭਾ ਦਾ ਦੰਗਲ ਸਮਝ ਕੇ ਨਹੀਂ, ਪਾਰਲੀਮੈਂਟ ਚੋਣਾਂ ਦਾ ਅਗੇਤਾ ਮੈਚ ਸਮਝ ਕੇ ਸਾਰਾ ਤਾਣ ਲਾਉਣ ਲਈ ਘਰ-ਘਰ ਤੁਰੀ ਫਿਰਦੀ ਨਜ਼ਰ ਪੈਂਦੀ ਹੈ।



ਜਤਿੰਦਰ ਪੰਨੂ

ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਆਗੂਆਂ ਦਾ ਇਸ ਗੱਲ ਉੱਤੇ ਜ਼ੋਰ ਘੱਟ ਹੁੰਦਾ ਹੈ ਕਿ ਉਹ ਆਪਣੇ ਲੋਕਾਂ ਨੂੰ ਇਸ ਤਰ੍ਹਾਂ ਪੈਰਾਂ ਸਿਰ ਖੜਾ ਕਰ ਦੇਣਗੇ ਕਿ ਉਨ੍ਹਾਂ ਨੂੰ ਅੱਗੇ ਤੋਂ ਕਿਸੇ ਦੀ ਝਾਕ ਨਾ ਰੱਖਣੀ ਪਵੇ, ਬਹੁਤਾ ਜ਼ੋਰ ਇਸ ਗੱਲ ਉੱਤੇ ਹੁੰਦਾ ਹੈ ਕਿ ਸਾਨੂੰ ਜਿਤਾਉਗੇ ਤਾਂ ਅਸੀਂ ਆਹ-ਆਹ ਚੀਜ਼ਾਂ ਤੁਹਾਨੂੰ ਮੁਫਤ ਦਿੱਤਾ ਕਰਾਂਗੇ। ਲੋਕਾਂ ਨੂੰ ਮੁਫਤ ਦੇ ਮਾਲ ਦੀ ਝਾਕ ਲਾ ਕੇ ਉਨ੍ਹਾਂ ਦੀਆਂ ਵੋਟਾਂ ਲੈਣ ਵਾਲਿਆਂ ਨੂੰ ਪਤਾ ਹੈ ਕਿ ਜਿਸ ਦਿਨ ਇਹ ਲੋਕ ਕਮਾ ਕੇ ਖਾਣ ਜੋਗੇ ਹੋ ਗਏ, ਸਾਡੇ ਲਾਰਿਆਂ ਦਾ ਇਨ੍ਹਾਂ ਉੱਤੇ ਅਸਰ ਨਹੀਂ ਹੋਣਾ, ਇਸ ਲਈ ਏਦਾਂ ਦੀ ਸਥਿਤੀ ਪੈਦਾ ਹੀ ਨਹੀਂ ਹੋਣ ਦੇਣਗੇ ਕਿ ਲੋਕ ਪੈਰਾਂ ਸਿਰ ਖੜੇ ਹੋ ਜਾਣ ਤੇ ਸਾਡੇ ਤੋਂ ਝਾਕ ਰੱਖਣੀ ਛੱਡ ਦੇਣ। ਕੋਲਕਾਤਾ ਵਿੱਚ ਈਸਾਈਆਂ ਦੇ ਇੱਕ ਮਿਸ਼ਨ ਦੀ ਇੱਕ ਸਤਿਕਾਰਤ ਭਗਤਣੀ ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ ਈਸ਼ਵਰ ਬੜਾ ਦਿਆਲੂ ਹੋਣ ਕਰ ਕੇ ਕੁਝ ਲੋਕਾਂ ਨੂੰ ਇਸ ਲਈ ਗਰੀਬ ਰੱਖਦਾ ਹੈ ਕਿ ਜਿਨ੍ਹਾਂ ਸਾਡੇ ਵਰਗਿਆਂ ਕੋਲ ਸਮਰੱਥਾ ਹੈ, ਅਸੀਂ ਉਨ੍ਹਾਂ ਗਰੀਬ ਲੋਕਾਂ ਲਈ ਕੁਝ ਦਾਨ ਪੁੰਨ ਕਰ ਕੇ ਆਪਣੇ ਜੀਵਨ ਨੂੰ ਸਫਲ ਕਰ ਸਕੀਏ। ਜੇ ਸਚਮੁੱਚ ਏਦਾਂ ਦਾ ਈਸ਼ਵਰ ਹੈ, ਜਿਸ ਨੂੰ ਸਮਰੱਥਾ ਵਾਲਿਆਂ ਦਾ ਭਲਾ ਕਰਨ ਲਈ ਪੁੰਨ ਦੇ ਕਾਰਜ ਕਰਨ ਦਾ ਮੌਕਾ ਦੇਣ ਵਾਸਤੇ ਕੁਝ ਲੋਕ ਗਰੀਬ ਵੀ ਰੱਖਣੇ ਪੈਂਦੇ ਹਨ ਤਾਂ ਉਸ ਈਸ਼ਵਰ ਨੂੰ ਸਿਰਫ ਕੁਝ ਲੋਕਾਂ ਲਈ ਭਾਵੇਂ ਦਿਆਲੂ ਮੰਨ ਲਈਏ, ਜਿਨ੍ਹਾਂ ਲੋਕਾਂ ਨੂੰ ਉਹ ਗਰੀਬ ਰੱਖਦਾ ਹੈ, ਉਨ੍ਹਾਂ ਵਿਚਾਰਿਆਂ ਲਈ ਦਿਆਲੂ ਨਹੀਂ ਕਿਹਾ ਜਾ ਸਕਦਾ। ਭਾਰਤ ਦੇ ਲੋਕਤੰਤਰ ਦੇ ਆਗੂ ਵੀ ਆਪਣੇ ਲੋਕਾਂ ਨੂੰ ਇਸ ਕਰ ਕੇ ਗਰੀਬ ਜਿਹੇ ਬਣਾ ਕੇ ਰੱਖਦੇ ਹਨ ਕਿ ਅਗਲੀ ਵਾਰੀ ਫਿਰ ਮੁਫਤ ਦਾ ਆਟਾ-ਦਾਲ ਤੇ ਹੋਰ ਸਹੂਲਤਾਂ ਦਾ ਲਾਰਾ ਲਾ ਕੇ ਉਨ੍ਹਾਂ ਦੀਆਂ ਵੋਟਾਂ ਮੁੜ ਕੇ ਲਈਆਂ ਜਾ ਸਕਣ। ਇਹ ਵੀ ਉਸ ਰੱਬ ਵਰਗੇ ‘ਦਿਆਲੂ’ ਹੀ ਹਨ।

ਭਾਰਤੀ ਲੋਕਤੰਤਰ ਵਿੱਚ ਲੋਕਾਂ ਦੇ ਸੇਵਕ ਅਖਵਾਉਣ ਵਾਲੇ ਆਗੂ ਵੀ ਉਸ ਈਸਾਈ ਭਗਤਣੀ ਦੇ ਰੱਬ ਵਰਗੇ ਹਨ, ਜਿਹੜੇ ਆਪਣੇ ਲੋਕਾਂ ਤੋਂ ਸਿਰਫ ਵੋਟਾਂ ਲੈਂਦੇ ਹਨ ਅਤੇ ਉਨ੍ਹਾਂ ਨੂੰ ਏਦਾਂ ਦੇ ਹਾਲਾਤ ਦੀ ਮਾਰ ਦੇ ਮਾਰੇ ਹੋਏ ਰੱਖਦੇ ਹਨ ਕਿ ਆਪਣੇ ਸਿਰ ਗੁਜ਼ਾਰਾ ਨਾ ਕਰ ਸਕਣ ਤੇ ਇਨ੍ਹਾਂ ਵੱਲ ਝਾਕਦੇ ਰਹਿਣ। ਇਸ ਵਾਰ ਦੀਆਂ ਚੋਣਾਂ ਦੇ ਦਿਨਾਂ ਵਿੱਚ ਅਸੀਂ ਇੱਕ ਵਾਰ ਫਿਰ ਇਹੋ ਹੁੰਦਾ ਵੇਖਿਆ ਹੈ। ਹਰ ਪਾਰਟੀ ਨੇ ਇਹ ਐਲਾਨ ਕਰਨ ਦਾ ਮੁਕਾਬਲਾ ਜਿੱਤਣ ਦੀ ਹੋੜ ਲਾ ਰੱਖੀ ਸੀ ਕਿ ਅਸੀਂ ਦੂਸਰਿਆਂ ਤੋਂ ਐਨਾ ਕੁਝ ਵੱਧ ਲੋਕਾਂ ਨੂੰ ਮੁਫਤ ਦਿੱਤਾ ਕਰਾਂਗੇ। ਜਦੋਂ ਸਰਕਾਰ ਅਜੇ ਬਣਨੀ ਸੀ ਤੇ ਉਸ ਦੇ ਲਈ ਵੋਟਾਂ ਵੀ ਅਜੇ ਨਹੀਂ ਸੀ ਪਈਆਂ, ਜਿਹੜਾ ਸਰਕਾਰੀ ਖਜ਼ਾਨਾ ਜਿੱਤਣ ਦੇ ਬਾਅਦ ਕਿਸੇ ਧਿਰ ਦੇ ਕੰਟਰੋਲ ਵਿੱਚ ਆਉਣਾ ਹੁੰਦਾ ਹੈ, ਉਸ ਨੂੰ ਰਾਜਿਆਂ ਵਾਂਗ ਵੰਡਣ ਅਤੇ ਆਪਣੇ ਚਹੇਤਿਆਂ ਦੇ ਲਈ ਮੌਜਾਂ ਲੁੱਟਣ ਦਾ ਸਬੱਬ ਬਣਾਉਣ ਦਾ ਐਲਾਨ ਹਰ ਪਾਰਟੀ ਕਰਨ ਲੱਗੀ ਰਹੀ ਸੀ। ਇਹ ਖਜ਼ਾਨਾ ਕਿਸੇ ਵੀ ਆਗੂ ਦੇ ਬਾਪ ਦੀ ਕਿਰਤ-ਕਮਾਈ ਜਾਂ ਕਿਸੇ ਹੋਰ ਦੀ ਮਾਂ ਦੇ ਹੱਥੀਂ ਕੱਤਿਆ ਹੋਇਆ ਸੂਤ ਵੇਚ ਕੇ ਨਹੀਂ ਭਰਦਾ, ਲੋਕਾਂ ਵੱਲੋਂ ਦਿੱਤੇ ਹੋਏ ਟੈਕਸਾਂ ਨਾਲ ਭਰਦਾ ਹੈ ਅਤੇ ਜਿਨ੍ਹਾਂ ਦੀ ਖੂਨ-ਪਸੀਨੇ ਦੀ ਕਮਾਈ ਵਿੱਚੋਂ ਖਜ਼ਾਨਾ ਭਰਦਾ ਹੈ, ਉਨ੍ਹਾਂ ਮੂਹਰੇ ਛੋਟਾਂ ਉਲੱਦਣ ਦਾ ਐਲਾਨ ਕਰ ਕੇ ਇਹ ਲੀਡਰ ਹਾਤਮਤਾਈ ਦੀ ਔਲਾਦ ਬਣਨ ਦੇ ਮੌਕੇ ਭਾਲਦੇ ਹਨ। ਭਾਰਤੀ ਲੋਕਤੰਤਰ ਦਾ ਇਹ ਸਭ ਤੋਂ ਹਾਸੋਹੀਣਾ ਤੇ ਸਭ ਤੋਂ ਕੋਝਾ ਪੱਖ ਹੈ ਕਿ ਜਿਨ੍ਹਾਂ ਲੋਕਾਂ ਦਾ ਖੂਨ ਨਿਚੋੜ ਕੇ ਪੈਸਾ ਆਇਆ, ਉਨ੍ਹਾਂ ਲਈ ਇਸ ਵਿੱਚੋਂ ਚਾਰ ਮੁੱਠਾਂ ਵੰਡਣ ਨੂੰ ਇਹ ਲੋਕ ਟੂਣਾ ਜਿਹਾ ਕਰਨ ਵਾਂਗ ਸਮਝਦੇ ਹਨ, ਤਾਂ ਕਿ ਅਗਲੀ ਵਾਰ ਮੁੜ ਕੇ ਲਾਰਿਆਂ ਦਾ ਲਾਲੀਪਾਪ ਮੰਗਣ ਜੋਗੇ ਉਨ੍ਹਾਂ ਨੂੰ ਕਰੀ ਰੱਖਣ। ਇਹ ਕੰਮ ਬੰਦ ਹੋਣਾ ਚਾਹੀਦਾ ਹੈ। ਇਸ ਵਾਰ ਪੰਜਾਬ ਦੇ ਲੋਕ ਜੇ ਇਸ ਤਰ੍ਹਾਂ ਨਹੀਂ ਕਰ ਸਕੇ ਤਾਂ ਇੱਕ ਲਹਿਰ ਚਲਾਈ ਜਾਣੀ ਚਾਹੀਦੀ ਹੈ, ਜਿਹੜੀ ਅਗਲੀ ਵਾਰੀ ਤੱਕ ਪੰਜਾਬ ਦੇ ਲੋਕਾਂ ਨੂੰ ਇਸ ਲਾਇਕ ਕਰ ਸਕੇ ਕਿ ਲਾਰੇ ਵੰਡਦੇ ਆਗੂਆਂ ਦੇ ਮੂਹਰੇ ਉਹ ਸਪੀਡ ਬਰੇਕਰ ਬਣ ਸਕਣ।

# ਪਿੰਡ ਦੀ ਚੌਪਾਲ ਕਿਧਰੇ ਗੁਆਚ ਗਈ

ਅੱਜ-ਕੱਲ੍ਹ ਮੋਬਾਈਲ 'ਤੇ ਰੁੱਝੇ ਮਨੁੱਖ ਦਾ ਅਜਿਹਾ ਮੂਡ ਹੈ ਜੋ ਮਨੁੱਖੀ ਜੀਵਨ ਦਾ ਹਿੱਸਾ ਬਣ ਗਿਆ ਹੈ। ਥੋੜੀ ਦੇਰ ਲਈ ਮੋਬਾਈਲ ਨੂੰ ਹੱਥ ਨਾ ਲਗਾਓ, ਫਿਰ ਲੱਗਦਾ ਹੈ ਕਿ ਇਹ ਕੋਈ ਆਵਾਜ਼ ਦੇ ਰਿਹਾ ਹੈ! ਸੱਚ ਤਾਂ ਇਹ ਹੈ ਕਿ ਕੁਝ ਲੋਕ ਇੱਕ ਮੋਬਾਈਲ ਦੀ ਗੱਲ ਨਹੀਂ ਕਰਦੇ, ਸਗੋਂ ਦੋ-ਤਿੰਨ ਮੋਬਾਈਲ ਦੀ ਵਰਤੋਂ ਕਰਦੇ ਹਨ। ਕੁਝ ਲੋਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਗੱਡੀ ਚਲਾਉਂਦੇ ਸਮੇਂ ਮੋਬਾਈਲ ਚਲਾ ਰਹੇ ਹਨ ਜਾਂ ਮੋਬਾਈਲ ਚਲਾਉਂਦੇ ਸਮੇਂ ਗੱਡੀ ਚਲਾ ਰਹੇ ਹਨ। ਕੁਝ ਦੇਰ ਬਾਅਦ ਪਤਾ ਲੱਗਾ ਕਿ ਗੱਡੀ ਦੇ ਡਰਾਈਵਰ ਨੇ ਮੋਬਾਈਲ ਚਲਾਉਂਦੇ ਹੋਏ ਵੱਡੀ ਕਾਰ ਨਾਲ ਟਕਰਾ ਕੇ ਆਪਣੀ ਜਾਨ ਲੈ ਲਈ।

ਪੰਜ ਇੰਚ ਦੀ ਸਕਰੀਨ 'ਤੇ ਦੁਨੀਆ ਬੇਸ਼ੱਕ ਸੁੰਗੜ ਗਈ ਹੈ, ਪਰ ਜੋ ਨੇੜੇ ਹੈ, ਮਨੁੱਖ ਨੇ ਉਸ ਤੋਂ ਮੂੰਹ ਮੋੜ ਲਿਆ ਹੈ। ਉਸ ਕੋਲ ਆਪਣੀ ਅਸਲ ਜ਼ਿੰਦਗੀ ਲਈ ਸਮਾਂ ਨਹੀਂ ਹੈ। ਘਰ ਹੋਵੇ ਜਾਂ ਬਾਹਰ, ਪਾਰਟੀ ਹੋਵੇ ਜਾਂ ਵਿਆਹ ਸਮਾਗਮ, ਕੋਈ ਵੀ ਜਨਤਕ ਥਾਂ ਹੋਵੇ, ਲੋਕ ਆਮ ਤੌਰ 'ਤੇ ਮੋਬਾਈਲ 'ਤੇ ਹੀ ਨਜ਼ਰ ਆਉਂਦੇ ਹਨ। ਮੋਬਾਈਲ ਮਨੁੱਖ ਦੀ ਆਦਤ ਨਹੀਂ, ਨਸ਼ਾ ਬਣ ਗਿਆ ਹੈ। ਨਸ਼ਾ ਅਜਿਹਾ ਹੋ ਗਿਆ ਹੈ ਕਿ ਸਮੇਂ-ਸਮੇਂ 'ਤੇ ਹੱਥ-ਪੈਰ ਮਾਰਨ ਲੱਗ ਪੈਂਦਾ ਹੈ।

ਹੁਣ ਨਾ ਮਹਿਮਾਨ ਬਣਨ ਦਾ ਆਨੰਦ ਸੀ ਤੇ ਨਾ ਮੇਜ਼ਬਾਨੀ ਦਾ। ਕਦੇ ਮਹਿਮਾਨ ਪੰਜ ਇੰਚ ਦੀ ਸਕਰੀਨ ਵਿੱਚ ਉਲਝ ਜਾਂਦਾ ਹੈ ਅਤੇ ਕਦੇ ਮੇਜ਼ਬਾਨ। ਖਾਣਾ ਚਾਹੇ ਪੀਣਾ ਹੋਵੇ ਜਾਂ ਚਾਹ ਪੀਣਾ, ਸਵਾਦ ਦਾ ਕੋਈ ਸਵਾਦ ਨਹੀਂ ਹੈ। ਜੇ ਕੋਈ ਕੁਝ ਪੁੱਛ ਰਿਹਾ ਹੈ, ਹਾਂ, ਕੰਮ ਚੱਲ ਰਿਹਾ ਹੈ। ਅਸਲ ਦੁਨੀਆਂ ਹੈਲੋ, ਗੁੱਡ ਮਾਰਨਿੰਗ, ਹਾਈ-ਬਾਈ ਹੁਣ ਫੇਸਬੁੱਕ, ਵਟਸਐਪ ਅਤੇ ਟਵਿੱਟਰ ਜਿੰਨਾ ਮਹੱਤਵਪੂਰਨ ਨਹੀਂ ਹੈ।

ਫੇਸਬੁੱਕ 'ਤੇ ਲੋਕ ਚਿਹਰਿਆਂ ਨੂੰ ਪਸੰਦ ਕਰ ਰਹੇ ਹਨ, ਪਰ ਅਸਲੀ ਚਿਹਰਿਆਂ ਲਈ ਸਮਾਂ ਨਹੀਂ ਹੈ.



ਵਟਸਐਪ ਜਾਂ ਫ਼ੇਸਬੁੱਕ ਵਿਚ ਮਗਨ ਰਹਿਣ ਵਾਲੀ ਘਰਵਾਲੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਦੁੱਧ ਨੂੰ ਉਬਾਲ ਕੇ ਚੁੱਲ੍ਹੇ 'ਤੇ ਨਹਾ ਲਿਆ ਗਿਆ . ਕਈ ਵਾਰ ਉਹ ਭੁੱਲ ਜਾਂਦੀ ਹੈ ਕਿ ਉਸਨੇ ਬੱਚੇ ਨੂੰ ਨਹਾਉਣ ਲਈ ਟੱਬ ਵਿੱਚ ਛੱਡ ਦਿੱਤਾ ਹੈ। ਦਫਤਰ ਵਿਚ ਬਾਬੂ ਜੀ ਨੂੰ ਪਤਾ ਨਹੀਂ ਕਦੋਂ ਸਾਹਬ ਉਸ ਦੇ ਸਾਹਮਣੇ ਤੋਂ ਲੰਘ ਗਏ ਕਿਉਂਕਿ ਬਾਬੂ ਜੀ ਵਟਸਐਪ ਅਤੇ ਫੇਸਬੁੱਕ ਦੀਆਂ ਗੱਲਾਂ ਵਿਚ ਰੁੱਝੇ ਹੋਏ ਸਨ।

ਕੋਈ ਸਮਾਂ ਸੀ ਜਦੋਂ ਲੋਕ ਪਿੰਡ ਦੀ ਚੌਪਾਲ ਵਿਖੇ ਇਕੱਠੇ ਹੋ ਕੇ ਦੇਸ਼-ਦੁਨੀਆ ਦੀਆਂ ਗੱਲਾਂ ਕਰਦੇ ਸਨ। ਇਸ ਦੇ ਨਾਲ ਹੀ ਇਹ ਵੀ ਪਤਾ ਲੱਗ ਜਾਂਦਾ ਸੀ ਕਿ ਕਿਸ ਘਰ 'ਚ ਕੀ-ਕੀ ਮਨਾਈ ਜਾ ਰਹੀ ਹੈ ਅਤੇ ਕਿਸ ਘਰ 'ਚ ਕਿਹੜੀਆਂ ਪਰੇਸ਼ਾਨੀਆਂ ਚੱਲ ਰਹੀਆਂ ਹਨ। ਪਿੰਡ ਦੇ ਚਾਚੇ, ਤਾਏ ਜਾਂ ਕਿਸੇ ਦੋਸਤ ਦੇ ਘਰ ਲੋਕ ਆਉਂਦੇ ਜਾਂਦੇ ਸਨ। ਪਰ ਤਬਦੀਲੀ ਦੇ ਵਹਿਣ ਵਿਚ ਉਹ ਪਿੰਡ ਚੌਪਾਲ ਕਿਧਰੇ ਗੁਆਚ ਗਿਆ ਹੈ ਅਤੇ ਉਸ ਦੀ ਥਾਂ ਪੰਜ ਇੰਚ ਦੀ ਸਕਰੀਨ 'ਤੇ ਵਰਚੁਅਲ ਦੁਨੀਆਂ ਨੇ ਲੈ ਲਈ ਹੈ।

ਇਕ ਅਧਿਐਨ ਵਿਚ ਕਿਹਾ ਗਿਆ ਹੈ ਕਿ ਜੇਕਰ ਤੁਸੀਂ ਕਿਸੇ ਨੂੰ ਨਜ਼ਰਅੰਦਾਜ਼ ਕਰਦੇ ਹੋਏ ਮੋਬਾਈਲ 'ਤੇ ਧਿਆਨ ਕੇਂਦਰਿਤ ਕਰਦੇ ਹੋ, ਤਾਂ ਇਸ ਦਾ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਮਨੋਵਿਗਿਆਨੀ ਇਸ ਪ੍ਰਭਾਵ ਨੂੰ 'ਫਬਿੰਗ' ਕਹਿੰਦੇ ਹਨ। ਇਸ ਕਾਰਨ ਪਰਿਵਾਰਕ ਰਿਸ਼ਤਿਆਂ ਵਿੱਚ ਦੂਰੀ ਆ ਰਹੀ ਹੈ। ਖਾਸ ਤੌਰ 'ਤੇ ਪਤੀ-ਪਤਨੀ ਦੇ ਰਿਸ਼ਤਿਆਂ ਵਿਚ ਦਰਾਰ ਆ ਰਹੀ ਹੈ, ਕਈ ਰਿਸ਼ਤੇ ਟੁੱਟ ਰਹੇ ਹਨ।

ਪਹਿਲਾਂ ਬੱਚੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀਆਂ ਕਹਾਣੀਆਂ ਅਤੇ ਲੋਰੀਆਂ ਸੁਣਦੇ-ਸੁਣਦੇ ਸੌਂ ਜਾਂਦੇ ਸਨ। ਉਹ ਲੁਕ-ਛਿਪ ਕੇ, ਪਿੱਠੂ, ਕਾਂਚੇ, ਗੁੱਲੀ ਡੰਡਾ, ਕ੍ਰਿਕਟ, ਕਬੱਡੀ ਵਰਗੀਆਂ ਖੇਡਾਂ ਦਾ ਆਨੰਦ ਮਾਣਦੇ ਸਨ, ਪਰ ਹੁਣ ਉਨ੍ਹਾਂ ਨੂੰ ਮੋਬਾਈਲ ਗੇਮਾਂ ਚਾਹੀਦੀਆਂ ਹਨ। ਕੋਰੋਨਾ ਦੇ ਦੌਰ 'ਚ ਬੱਚਿਆਂ ਨੂੰ ਮਿਲਿਆ ਇਕ ਹੋਰ ਬਹਾਨਾ! ਵੈਸੇ ਤਾਂ ਕਿਤਾਬਾਂ ਅਲਮਾਰੀ ਵਿੱਚ ਕੈਦ ਹੋ ਜਾਂਦੀਆਂ ਹਨ ਅਤੇ ਮੋਬਾਈਲ ’ਤੇ ਸਕੂਲ ਦਾ ਦਰਵਾਜ਼ਾ ਖੜਕਦਾ ਹੈ।

ਮਾਪਿਆਂ ਦੀ ਸ਼ਿਕਾਇਤ ਹੈ ਕਿ ਬੱਚੇ ਮੋਬਾਈਲ 'ਤੇ ਘੱਟ ਪੜ੍ਹਦੇ ਹਨ, ਅਤੇ ਹੋਰ ਗਤੀਵਿਧੀਆਂ ਜ਼ਿਆਦਾ ਕਰਦੇ ਹਨ। ਹਸਪਤਾਲਾਂ ਵਿੱਚ ਮੋਬਾਈਲ ਦੀ ਲਤ ਦੇ ਮਾਮਲੇ ਵੱਧ ਰਹੇ ਹਨ। ਬੱਚਿਆਂ ਦੀ ਭੁੱਖ ਖਤਮ ਹੋ ਗਈ ਹੈ ਅਤੇ ਕਈਆਂ ਦੀ ਨੀਂਦ ਵੀ ਖਤਮ ਹੋ ਗਈ ਹੈ। ਕੁਝ ਚਿੜਚਿੜੇ ਹੋ ਰਹੇ ਹਨ, ਕੁਝ ਗੁੱਸੇ ਹਨ। ਸਾਹਿਬ ਕਿਤਾਬ ਖੋਲਣ ਨੂੰ ਦਿਲ ਨਹੀਂ ਕਰਦਾ। ਕੁਝ ਆਪਣੀ ਯਾਦਾਸ਼ਤ ਗੁਆ ਰਹੇ ਹਨ, ਕੁਝ ਆਪਣੀ ਇਕਾਗਰਤਾ ਗੁਆ ਚੁੱਕੇ ਹਨ। ਕਈਆਂ ਦੀਆਂ ਅੱਖਾਂ ਖੁਜ ਰਹੀਆਂ ਹਨ, ਕੁਝ ਧੁੰਦਲੀਆਂ ਹਨ।

ਦੂਜੇ ਪਾਸੇ 'ਸੈਲਫੀ' ਦਾ ਸ਼ੌਕ ਵੀ ਮਾਰੂ ਬਣਿਆ ਹੋਇਆ ਹੈ। ਕਿਸ਼ੋਰ ਅਤੇ ਨੌਜਵਾਨ ਰੋਮਾਂਚਕ ਸੈਲਫੀ ਲੈਣ ਲਈ ਖਤਰਨਾਕ ਥਾਵਾਂ 'ਤੇ ਜਾਂਦੇ ਹਨ। ਅਜਿਹਾ ਕਰਦਿਆਂ ਕਈ ਨਦੀ ਵਿੱਚ ਡੁੱਬ ਜਾਂਦੇ ਹਨ, ਜਦੋਂ ਕਿ ਕਈ ਪਹਾੜ ਤੋਂ ਡਿੱਗ ਜਾਂਦੇ ਹਨ। ਉਹ ਗੱਡੀਆਂ ਜਾਂ ਰੇਲਗੱਡੀਆਂ ਨਾਲ ਵੀ ਟਕਰਾ ਜਾਂਦੇ ਹਨ। ਬੱਚਿਆਂ ਅਤੇ ਨੌਜਵਾਨਾਂ ਦੀ ਹਾਲਤ ਚਿੰਤਾਜਨਕ ਹੈ। ਉਹ ਇੰਟਰਨੈੱਟ ਦੀ ਵਰਤੋਂ ਚੈਟਿੰਗ, ਗੇਮ ਖੇਡਣ, ਪੋਰਨੋਗ੍ਰਾਫੀ ਦੇਖਣ ਲਈ ਕਰਦੇ ਹਨ। ਚੈਟਿੰਗ ਦੌਰਾਨ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਕਈ ਅਪਰਾਧ ਵੀ ਕੀਤੇ ਜਾਂਦੇ ਹਨ।

ਫੇਸਬੁੱਕ ਜਾਂ ਵਟਸਐਪ 'ਤੇ ਦਿਖਾਈਆਂ ਜਾਣ ਵਾਲੀਆਂ ਸਬਜ਼ੀਆਂ ਅਸਲ 'ਚ ਨਹੀਂ ਹਨ ਜਾਂ ਬਹੁਤ ਮਹਿੰਗੀਆਂ ਸਾਬਤ ਹੁੰਦੀਆਂ ਹਨ। ਬਿਨਾਂ ਸ਼ੱਕ, ਇੰਟਰਨੈਟ, ਵਿਗਿਆਨ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਹੋਰ ਸਹੂਲਤਾਂ ਵਾਂਗ, ਇਸਦੇ ਗੁਣ ਅਤੇ ਨੁਕਸਾਨ ਹਨ. ਇਹ ਗਿਆਨ ਦਾ ਭੰਡਾਰ ਅਤੇ ਅਣਗਿਣਤ ਮਨੁੱਖੀ ਸਹੂਲਤਾਂ ਦਾ ਡੱਬਾ ਹੈ, ਜਦਕਿ ਇਸ ਦੀ ਅੰਨ੍ਹੇਵਾਹ ਅਤੇ ਅੰਨ੍ਹੇਵਾਹ ਵਰਤੋਂ ਘਾਤਕ ਹੈ। ਕਿਹਾ ਜਾ ਸਕਦਾ ਹੈ, 'ਇਹ ਦਰ-ਦੀਵਾਰ ਹੁਣ ਸੁੱਕਣ ਲੱਗ ਪਈ ਹੈ, ਜਦੋਂ ਤੋਂ ਬੱਚੇ ਮੋਬਾਈਲ ਵਰਤਣ ਲੱਗ ਪਏ ਹਨ।'

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਖੁਦਕੁਸ਼ੀਆਂ ਦੀ ਭੇਂਟ ਚੜ੍ਹਦੀ ਜਵਾਨੀ

ਮੰਨਿਆ ਜਾਂਦਾ ਹੈ ਕਿ ਇਸ ਸੰਸਾਰ ਵਿੱਚ 84 ਲੱਖ ਜੂਨਾਂ ਹਨ ਅਤੇ ਇਹਨਾਂ 84 ਲੱਖ ਜੂਨਾਂ ਵਿੱਚੋਂ ਮਨੁੱਖੀ ਜਾਮੇ ਨੂੰ ਸਰਵਸ੍ਰੇਸ਼ਟ ਮੰਨਿਆ ਜਾਂਦਾ ਹੈ। ਇੱਕ ਮਨੁੱਖ ਹੀ ਹੈ ਜਿਸ ਵਿੱਚ ਕਾਦਰ ਨੇ ਚੀਜ਼ਾਂ ਨੂੰ ਸਮਝਣ ਅਤੇ ਵਰਤਣ ਦੀ ਸੋਝੀ ਪਾਈ ਹੈ, ਭਾਵਨਾਵਾਂ ਨੂੰ ਸਮਝਣਾ, ਅਹਿਸਾਸਾਂ ਦੀਆਂ ਪੈੜਾਂ ਨੱਪਦਿਆਂ ਪਿਆਰ ਤੇ ਅਪਣੱਤਾਂ ਦਾ ਸੁਨੇਹਾ ਦੇਣਾ, ਖੁਸ਼ੀ ਗਮੀਂ ਨੂੰ ਵੇਖਣਾ ਤੇ ਹਾਲਾਤਾਂ ਅਨੁਸ-ਾਰ ਕਦੇ ਖਿੜ ਖਿੜਾ ਹਾਸਿਆਂ ਦੀ ਬਾਤ ਪਾਉਂਣੀ ਅਤੇ ਕਦੇ ਦੁੱਖਾਂ ਦੇ ਭਾਰ ਨੂੰ ਹੰਝੂਆਂ ਦਾ ਸਹਾਰਾ ਲੈ ਹੌਲਿਆਂ ਕਰਨਾ ਸਭ ਮਨੁੱਖ ਦੇ ਹਿੱਸੇ ਆਇਆ ਹੈ। ਕਹਿਣ ਤੋਂ ਭਾਵ ਕਿ ਸੱਚਮੁੱਚ ਮਨੁੱਖ ਕੁਦਰਤ ਦੀ ਸਰਵਸ੍ਰੇਸ਼ਟ ਰਚਨਾ ਹੈ। ਜਿੰਦਗੀ ਦੁੱਖਾਂ ਤੇ ਤਕਲੀਫ਼ਾਂ ਦਾ ਸੁਮੇਲ ਹੈ, ਇਹ ਜਿਊਣ ਲਈ ਬਣੀ ਹੈ, ਤੰਗੀਆਂ ਤੁਰਸ਼ੀਆਂ ਹਾਸੇ ਠੱਠੇ ਸਭ ਜਿੰਦਗੀ ਦਾ ਅਹਿਮ ਹਿੱਸਾ ਹਨ , ਫਿਰ ਮਨੁੱਖ ਨੂੰ ਵੀ ਇਸ ਜਿੰਦਗੀ ਨੂੰ ਚੜਦੀਕਲਾ ਨਾਲ ਜਿਊਣਾ ਚਾਹੀਦਾ ਹੈ। ਪਰ ਕਈ ਵਾਰ ਖੁਦਕੁਸ਼ੀਆਂ ਦੀਆਂ ਖਬਰਾਂ ਕੰਨਾਂ ਵਿੱਚ ਪੈਂਦੀਆਂ ਹਨ ਤਾਂ ਮਨ ਬਹੁਤ ਉਦਾਸ ਹੁੰਦਾ ਹੈ ਅਤੇ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਕਿਉਂ ਤੇ ਕਿਵੇਂ ਇੱਕ ਇਨਸਾਨ ਆਪਣੇ ਹੀ ਹੱਥੀਂ ਆਪਣੀ ਜਿੰਦਗੀ ਨੂੰ ਖਤਮ ਕਰਨ ਦਾ ਏਨਾ ਵੱਡਾ ਫੈਸਲਾ ਲੈ ਲੈਂਦਾ ਹੈ। 21ਵੀਂ ਸਦੀ ਦੇ ਅਗਾਜ਼ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਬਹੁਤ ਵੱਧ ਗਿਆ ਸ਼ਾਇਦ ਪਹਿਲਾਂ ਵਾਲੇ ਲੋਕਾਂ ਦੇ ਮਨੋਬਲ ਅੱਜ ਦੇ ਲੋਕਾਂ ਨਾਲੋਂ ਕਈ ਗੁਣਾ ਜਿਆਦਾ ਦ੍ਰਿੜ੍ਹ ਸਨ , ਤਾਂ ਹੀ ਉਹ ਵੱਡੀਆਂ ਵੱਡੀਆਂ ਬਿਪਤਾਂ ਪੈਣ ਤੇ ਵੀ ਕਦੇ ਡੋਲੇ ਨਹੀਂ ਸਨ, ਪਰ ਅੱਜ ਇਹ ਰੁਝਾਨ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਇਸਦਾ ਸਭ ਤੋਂ ਵੱਧ ਸ਼ਿਕਾਰ ਨੌਜਵਾਨ ਪੀੜੀ ਹੋ ਰਹੀ ਹੈ । ਜਿੰਨਾਂ ਵਿੱਚ ਜਿਆਦਾਤਰ ਸਕੂਲਾਂ ਕਾਲਜਾਂ ਵਿੱਚ ਪੜਦੇ ਵਿਦਿਆਰਥੀ ਸ਼ਾਮਿਲ ਹਨ। ਅਮਰੀਕਾ ਕਾਲਜ ਹੈਲਥ ਐਸੋਸੀਏਸ਼ਨ ਅਨੁਸਾਰ 15 ਤੋਂ 24 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਖੁਦਕੁਸ਼ੀ ਦੀ ਦਰ 1950 ਦੇ ਦਹਾਕੇ ਤੋਂ ਤਿੰਨ ਗੁਣਾ ਵੱਧ ਚੁੱਕੀ ਹੈ। ਕਿਸ਼ੋਰ ਅਵਸਥਾ ਇੱਕ ਬਹੁਤ ਹੀ ਚੰਚਲਤਾ ਭਰਭੂਰ ਅਵਸਥਾ ਹੈ, ਜਿਸ ਵਿੱਚ ਚੰਗੇ ਮਾੜੇ ਦੀ ਪਰਖ ਅਤੇ ਚੀਜ਼ਾਂ ਨੂੰ ਸਮਝਣ ਵਿੱਚ ਪ੍ਰਪੱਕਤਾ ਘੱਟ ਹੁੰਦੀ ਹੈ। ਇਹ ਜਾਨਣਾ ਬਹੁਤ ਜਰੂਰੀ ਹੈ ਕਿ ਅਕਸਰ ਅਜਿਹੇ ਕਿਹੜੇ ਕਾਰਣ ਹਨ ਜਿੰਨਾ ਦੇ ਕਰਕੇ ਕੋਈ ਆਪਣੀ ਜ਼ਿੰਦਗੀ ਤੋਂ ਹਾਰ ਮੰਨ ਲੈਂਦਾ ਹੈ । ਅੱਜ ਦੇ ਮੌਜੂਦਾ ਹਾਲਾਤਾਂ ਨੂੰ ਵੇਖਦੇ ਕੁਝ ਮੁੱਖ ਕਾਰਣ ਸਾਹਮਣੇ ਆਏ ਹਨ ਉਹਨਾਂ ਵਿਚੋਂ ਬੱਚਿਆਂ ਦੀਆਂ ਮਾਨਸਿਕ ਪਰੇਸ਼ਾਨੀਆਂ ਦਾ ਵੱਧਣਾ, ਡਿਪਰੈਸ਼ਨ, ਅਕਾਦਮਿਕ ਸਮੱਸਿਆਵਾਂ, ਭਾਵਨਾਤਮਕ ਤੌਰ ਤੇ ਮਜ਼ਬੂਤ ਨਾ ਹੋਣਾ,ਆਤਮ ਵਿਸ਼ਵਾਸ ਦਾ ਘੱਟ ਹੋਣਾ, ਤਕਨੀਕੀ ਸਾਧਨ, ਮੋਬਾਇਲ ਫੋਨਾਂ ਦੀ ਵਧੇਰੇ ਵਰਤੋਂ, ਵੀਡੀਓ ਗੇਮਜ਼ ਦੀ ਨਸ਼ਿਆ ਤੋਂ ਭੈੜੀ ਲਤ ਆਦਿ ਮੁੱਖ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਅੱਜ ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਮਾਨਸਿਕ ਤੌਰ ਤੇ ਪਰੇਸ਼ਾਨ ਰਹਿੰਦੇ ਹਨ, ਇਹ ਪਰੇਸ਼ਾਨੀ ਉਹਨਾਂ ਦੇ ਅਕਾਦਮਿਕ ਖੇਤਰ ਦੇ ਵੱਧਦੇ ਬੋਝ , ਆਪਣੇ ਭਵਿੱਖ ਨੂੰ ਲੈਕੇ ਚਿੰਤਾਵਾਂ, ਕਿਸੇ ਹਮਉਮਰ ਦੋਸਤ ਤੋਂ ਪਿੱਛੇ ਰਹਿਣ ਤੇ ਆਈ ਈਰਖਾ ਆਦਿ ਹੋ ਸਕਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨਾਂ ਵਿੱਚ ਉਹਨਾਂ ਦੇ ਨਜ਼ਦੀਕੀ ਸੰਬੰਧਾਂ, ਦੋਸਤਾਂ ਨਾਲ ਸੰਬੰਧ ਖਰਾਬ ਹੋਣ ਤੇ ਵੀ ਬਹੁਤ ਸਾਰੇ ਨੌਜਵਾਨ ਮਾਨਸਿਕ ਤੌਰ ਤੇ ਪਰੇਸ਼ਾਨ ਹੁੰਦੇ ਰਹਿੰਦੇ ਹਨ ਅਤੇ ਜਦੋਂ ਇਸ ਪਰੇਸ਼ਾਨੀ ਵਿਚੋਂ ਆਪਣੇ ਆਪ ਨੂੰ ਕੱਢਣ ਵਿੱਚ ਨਾਕਾਮ ਹੁੰਦੇ ਹਨ ਤਾਂ ਖੁਦਕੁਸ਼ੀ ਵਰਗਾ ਹੱਥਕੰਡਾ ਅਪਨਾਉਂਦੇ ਹਨ। ਅਜਿਹੇ ਮਾਮਲਿਆਂ ਵਿੱਚ ਲੜਕੀਆਂ ਦੀ ਖੁਦਕੁਸ਼ੀਆਂ ਦੀ ਦਰ ਜਿਆਦਾ ਹੁੰਦੀ ਹੈ, ਸਾਲ 2007 ਤੋਂ 2015 ਤੱਕ 15 ਤੋਂ 19 ਸਾਲ ਵਾਲੀਆਂ ਲੜਕੀਆਂ ਦੀਆਂ ਖੁਦਕੁਸ਼ੀਆਂ ਦੁਗਣੀਆਂ ਹੋਈਆਂ ਹਨ, ਸ਼ਾਇਦ ਲੜਕੀਆਂ, ਲੜਕਿਆਂ ਦੇ ਮੁਕਾਬਲੇ ਭਾਵਨਾਤਮਕ ਤੌਰ ਤੇ ਜਿਆਦਾ ਕਮਜ਼ੋਰ ਹੁੰਦੀਆਂ ਹਨ। ਇਸ ਤੋਂ ਇਲਾਵਾ ਅੱਜ ਬੱਚਿਆਂ ਵਿੱਚ ਖੇਡ ਮੈਦਾਨਾਂ ਵਿੱਚ ਖੇਡਣ ਦਾ ਰੁਝਾਨ ਬਿਲਕੁਲ ਖਤਮ ਹੋਣ ਦੀ ਕਗਾਰ ਤੇ ਹੈ, ਆਏ ਦਿਨ ਨਵੇਂ ਆ ਰਹੇ ਤਕਨੀਕੀ ਸਾਧਨਾ ਕਾਰਨ ਆਊਟਡੋਰ ਐਕਟੀਵੀਟੀਜ ਦਾ ਚਾਅ ਬਿਲਕੁਲ ਖਤਮ ਹੋ ਗਿਆ ਹੈ, ਨਵੀਆਂ ਆ ਰਹੀਆਂ ਵੀਡੀਓ ਗੇਮਜ਼ ਦਾ ਬੱਚਿਆਂ ਉੱਪਰ ਜੂਏਬਾਜ਼ੀ ਵਾਂਗ ਅਸਰ ਹੋ ਰਿਹਾ ਹੈ, ਅੰਤਰਰਾਸ਼ਟਰੀ ਸਰਵੇਖਣਾਂ ਅਨੁਸਾਰ ਜਰਮਨੀ ਦੇ ਇੱਕ ਰਿਸਰਚ ਇਸਟੀਚੀਉਟ ਦੁਆਰਾ 2007/2008 ਵਿੱਚ ਇਹ ਸਰਵੇਖਣ ਕੀਤਾ ਗਿਆ ਕਿ ਜਰਮਨੀ ਵਰਗੇ ਦੇਸ਼ ਵਿੱਚ ਨੌਜਵਾਨਾਂ ਦੀ ਆਤਮਹੱਤਿਆ ਦਾ ਸਭ ਤੋਂ ਵੱਡਾ ਕਾਰਣ ਵੀਡੀਓ ਗੇਮਜ਼ ਵਿੱਚ ਹਾਰਨਾ ਹੈ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਜੁਲਾਈ 2020 ਵਿੱਚ ਮੁੰਬਈ ਸ਼ਹਿਰ ਦੇ ਇੱਕ 13 ਸਾਲਾਂ ਬੱਚੇ ਦੁਆਰਾ ਵੀਡੀਓ ਗੇਮ ਵਿੱਚੋਂ ਹਾਰਨ ਕਰਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਗਈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਉਦਹਾਰਣਾਂ ਮੌਜੂਦ ਹਨ।

ਜੇਕਰ ਹੋਰ ਗਹਿਰਾਈ ਨਾਲ ਇਸ ਬਾਰੇ ਵਿਚਾਰ ਕੀਤਾ ਜਾਵੇ ਤਾਂ ਪਤਾ ਚੱਲਦਾ ਹੈ ਕਿ ਜਿੰਨਾ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੁੰਦੀ ਹੈ ਉਹ ਵੀ ਹਾਲਾਤਾਂ ਅੱਗੇ ਜਲਦੀ ਗੋਡੇ ਟੇਕ ਦਿੰਦੇ ਹਨ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਵਾਪਰਨ ਨਾਲ ਆਪਣੇ ਆਪ ਨੂੰ ਖਤਮ ਕਰਨ ਵਰਗਾ ਬੁਝਦਿਲ ਕੰਮ ਕਰ ਬੈਠਦੇ ਹਨ।

ਹੁਣ ਇੱਥੇ ਇਹ ਵੀ ਵਿਚਾਰਨਾ ਬਹੁਤ ਜਰੂਰੀ ਹੈ ਕਿ ਇਸ ਸਮੱਸਿਆ ਦੇ ਸਮਾਧਾਨ ਕੀ ਹੋ ਸਕਦੇ ਹਨ, ਇਸ ਰੁਝਾਨ ਨੂੰ ਰੋਕਣ ਵਿੱਚ ਮਾਤਾ ਪਿਤਾ ਸਭ ਤੋਂ ਵੱਡਾ ਯੋਗਦਾਨ ਪਾ ਸਕਦੇ ਹਨ। ਬਹੁਤੇ ਮਾਪਿਆਂ ਨੂੰ ਲੱਗਦਾ ਹੈ ਕਿ ਬੱਚੇ ਦੀ ਪਰਵਰਿਸ਼ ਤੋਂ ਭਾਵ ਬੱਚੇ ਦੀ ਨਿੰਜੀ ਤੇ ਮੁੱਢਲੀਆਂ ਲੋੜਾਂ ਨੂੰ ਪੂਰਿਆਂ ਕਰਨਾ ਹੈ, ਜਿਸ ਵਿੱਚ ਖਾਣਾ, ਕੱਪੜੇ, ਖਿਡੋਣੇ ਤੇ ਪੜਾਈ ਆਦਿ ਹਨ, ਮਾਪੇ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਸ਼ੁਰੂ ਤੋਂ ਨਿਡਰ, ਆਤਮ ਵਿਸ਼ਵਾਸੀ , ਬੇਬਾਕ, , ਦ੍ਰਿੜ੍ਹ ਇਰਾਦੇ ਵਾਲਾ ਬਣਾਉਣਾ ਵੀ ਉਹਨਾਂ ਦੀ ਜਿੰਮੇਵਾਰੀ ਹੈ ਬੱਚੇ ਦੀ ਪਰਵਰਿਸ਼ ਇਸ ਤਰ੍ਹਾਂ ਨਾਲ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿੱਚ ਡੋਲੇ ਨਾ ਬਲਕਿ ਡਟ ਕੇ ਉਸ ਦਾ ਸਾਹਮਣਾ ਕਰੇ। ਇਸ ਤੋਂ ਇਲਾਵਾ ਮਾਪਿਆਂ ਨੂੰ ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਉੱਪਰ ਨਜ਼ਰ ਰੱਖਣੀ ਚਾਹੀਦੀ ਹੈ, ਉਹਨਾਂ ਦੀਆਂ ਅਕਾਦਮਿਕ ਅਤੇ ਹੋਰ ਮੁਸ਼ਕਿਲਾਂ ਨੂੰ ਸਮਝਦੇ ਹੋਏ ਉਹਨਾਂ ਨੂੰ ਹੱਲ ਕਰਵਾਉਣਾ ਚਾਹੀਦਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਧਿਆਪਕਾਂ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੀ ਸੰਗਤ ਬਾਰੇ ਪਤਾ ਲੱਗਦਾ ਰਹੇ। ਹਮੇਸ਼ਾ ਬੱਚਿਆਂ ਦੀ ਗੱਲ ਨੂੰ ਪੂਰੀ ਸੁਣਨਾ ਚਾਹੀਦਾ ਹੈ, ਪਿਆਰ ਨਾਲ ਹਰ ਗੱਲ ਸਮਝਾਉਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪ੍ਰੇਰਨਾਦਾਇਕ ਸੈਮੀਨਾਰ ਆਦਿ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਸੁਚੱਜੀ ਅਗਵਾਈ ਮਿਲਦੀ ਰਹੇ।

ਹਰ ਇਨਸਾਨ ਧਰਤੀ ਤੇ ਜਿਊਣ ਆਉਂਦਾ ਹੈ ਤਾਂ ਜਰੂਰੀ ਹੈ ਕਿ ਉਹ ਇਸ ਦੁਨੀਆਂ ਨੂੰ ਮਾਣ ਕੇ ਇਸ ਦੁਨੀਆਂ ਤੋਂ ਜਾਵੇ। ਜਦੋਂ ਕਿਸੇ ਮਾਂ ਬਾਪ ਦਾ ਜਵਾਨ ਧੀ ਪੁੱਤਰ ਬੇਵਕਤੀ ਮੌਤ ਮਰਦਾ ਹੈ ਤਾਂ ਇਹ ਮੌਤ ਮਾਪਿਆਂ ਦੀ ਪਰਵਰਿਸ਼, ਸਮਾਜ ਦੇ ਢਾਂਚੇ ਅਤੇ ਸਿੱਖਿਆ ਦੇ ਢਾਂਚੇ ਉੱਪਰ ਬਹੁਤ ਸਾਰੇ ਸਵਾਲ ਖੜੇ ਕਰ ਜਾਂਦੀ ਹੈ। ਇਸ ਨਾਲ ਇਹ ਵੀ ਸਾਬਿਤ ਹੁੰਦਾ ਹੈ ਕਿ ਇਹ ਤਿੰਨੇ ਥੰਮ ਮਿਲਕੇ ਇੱਕ ਤਕੜੇ ਮਨੋਬਲ ਵਾਲੇ ਵਿਅਕਤੀ ਦੀ ਸਿਰਜਣਾ ਕਰਨ ਵਿੱਚ ਨਾਕਾਮ ਰਹੇ ਹਨ। ਨੌਜਵਾਨਾਂ ਨੂੰ ਹਿੰਮਤੀ, ਸਾਹਸੀ, ਜੁੱਅਰਤ ਵਾਲੇ ਬਣਾਉਣ ਲਈ ਜਰੂਰੀ ਹੈ ਕਿ ਉਹਨਾਂ ਨੂੰ ਆਪਣੇ ਪੁਰਖਿਆਂ ਦਾ ਇਤਿਹਾਸ ਸੁਣਾਇਆ ਜਾਵੇ ਤਾਂ ਜੋ ਉਹ ਜਿੰਦਗੀ ਵਿੱਚ ਕਿਸੇ ਵੀ ਪਰਸਥਿਤੀ ਦੇ ਅੱਗੇ ਗੋਡੇ ਟੇਕਣ ਦੀ ਬਜਾਇ ਉਸਦਾ ਹਿੰਮਤ ਨਾਲ ਸਾਹਮਣਾ ਕਰੇ ਤਾਂ ਹੀ ਅਸੀਂ ਖੁਦਕੁਸ਼ੀਆਂ ਦੇ ਵੱਧਦੇ ਇਸ ਰੁਝਾਨ ਨੂੰ ਰੋਕ ਸਕਦੇ ਹਾਂ।

*-ਹਰਕੀਰਤ ਕੌਰ*
*9779118066*




## ਪਾਰਲੀਮੈਂਟ ਮੈਂਬਰ ਗੁਰਜੀਤ ਔਜਲਾ ਵੱਲੋਂ ਨਸ਼ੇ ਰੋਕਣ ਲਈ ਡੀ ਜੀ ਪੀ ਪੰਜਾਬ ਨੂੰ ਚਿੱਠੀ



ਅੰਮ੍ਰਿਤਸਰ, 24 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਲਗਾਤਾਰ ਵਧ ਰਹੀ ਨਸ਼ੀਲੇ ਪਦਾਰਤਾਂ ਦੀ ਵਿਕਰੀ ਤੇ ਇਸ ਕਾਰਨ ਹੋਣ ਵਾਲੀਆਂ ਮੌਤਾਂ ਬਾਰੇ ਅੰਮ੍ਰਿਤਸਰ ਤੋਂ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪੰਜਾਬ ਪੁਲਸ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇਸ ਬਾਰੇ ਔਜਲਾ ਨੇ ਪੰਜਾਬ ਦੇ ਡੀ ਜੀ ਪੀ, ਵੀ ਕੇ ਭਾਵੜਾ ਨੂੰ ਇੱਕ ਚਿੱਠੀ ਲਿਖ ਕੇ ਤਰਥੱਲੀ ਮਚਾ ਦਿੱਤੀ ਹੈ। ਉਨ੍ਹਾਂ ਲਿਖਿਆ ਹੈ ਕਿ ਪੁਲਸ ਨਸ਼ੇ ਦੀ ਤਸਕਰੀ ਰੋਕਣ ਵਿੱਚ ਪੂਰੀ ਤਰ੍ਹਾਂ ਅਸਫਲ ਹੋ ਰਹੀ ਹੈ ਅਤੇ ਸਮੇਂ-ਸਮੇਂਲੋਕਲ ਪੁਲਸ ਨੂੰ ਕਹਿਣ ਤੋਂ ਬਾਅਦ ਵੀ ਕੋਈ ਖਾਸ ਕਾਰਵਾਈ ਨਹੀਂ ਹੁੰਦੀ।

ਗੁਰਜੀਤ ਸਿੰਘ ਔਜਲਾ ਵੱਲੋਂ ਏਦਾਂ ਚਿੱਠੀ ਲਿਖਣ ਨਾਲਖੁਦ ਉਨ੍ਹਾਂ ਦੀ ਕਾਂਗਰਸ ਸਰਕਾਰ ਉੱਤੇ ਵੀ ਸਵਾਲੀਆ ਨਿਸ਼ਾਨ ਲੱਗਦੇ ਹਨ, ਕਿਉਂਕਿ ਪਿਛਲੇ ਪੰਜ ਸਾਲਾਂ ਵਿੱਚ ਕਾਂਗਰਸ ਦੀ ਸਰਕਾਰ ਸੀ ਅਤੇ ਇਸ ਦਾ ਪੂਰਾ ਜ਼ਿੰਮਾ ਸਰਕਾਰ ਉੱਤੇ ਵੀ ਹੈ।ਔਜਲਾ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਲੋਕ, ਜਿਹੜੇ ਆਪਣੀ ਬੁੱਧੀ ਅਤੇ ਬਹਾਦਰੀ ਲਈ ਜਾਣੇ ਜਾਂਦੇ ਸਨ, ਅੱਜ ਕੌਮਾਂਤਰੀ ਮੰਚਾਂ ਉੱਤੇ ਨਸ਼ੇੜੀ ਕਹੇ ਜਾ ਰਹੇ ਹਨ ਤੇ ਨਸ਼ੀਲੀਆਂ ਦਵਾਈਆਂ ਨਾਲ ਮੌਤਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਜਿਸ ਦੀ ਜ਼ਿੰਮੇਵਾਰੀ ਪੁਲਸ ਪ੍ਰਸ਼ਾਸਨ ਉੱਤੇ ਹੈ। ਉਨ੍ਹਾਂ ਲਿਖਿਆ ਹੈ ਕਿ ਮੈਂ ਲੰਬੇ ਸਮੇਂ ਤੋਂ ਨਸ਼ੀਲੀਆਂ ਦਵਾਈਆਂ ਦੇ ਖਤਰੇ ਦੇ ਖਿਲਾਫ ਕੰਮ ਕਰ ਰਿਹਾ ਹਾਂ ਤੇ ਕਈ ਮੌਕਿਆਂ ਉੱਤੇ ਜ਼ਿਲ੍ਹਾ ਪੁਲਸ ਨੂੰ ਕਾਰਵਾਈ ਲਈ ਚੌਕਸ ਕੀਤਾ ਹੈ, ਪਰ ਲੋਕਲ ਪੁਲਸ ਨੇ ਚੁੱਪ ਰਹਿਣ ਕਰ ਕੇ ਪੁਲਸ ਨੇ ਲੋਕਾਂ ਵਿੱਚਭਰੋਸਾ ਗਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿਪਿੱਛੇ ਜਿਹੇ ਕਈ ਇਲਾਕਿਆਂ ਵਿਚ ਖੁੱਲ੍ਹੀਆਂ ਦਵਾਈਆਂ ਦੀਆਂ ਦੁਕਾਨਾਂ ਆਦਿ ਕਾਰਨ ਮੈਨੂੰ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੇ ਲੋਕਾਂ ਦਾ ਭਾਰੀ ਵਿਰੋਧ ਝੱਲਣਾ ਪਿਆ, ਜਿਸ ਲਈ ਸਰਕਾਰ ਤੇ ਪੁਲਸ ਦੀਆਂ ਕੁਝ ਕਾਲੀਆਂ ਭੇਡਾਂ ਜ਼ਿੰਮੇਵਾਰ ਹਨ। ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਵਿੱਚ ਕਈ ਸੀਨੀਅਰ ਅਧਿਕਾਰੀਆਂ ਤੇ ਨੇਤਾਵਾਂ ਦੇ ਨਾਂਅ ਕਈ ਮੌਕਿਆਂ ਉੱਤੇ ਸਾਹਮਣੇ ਆਏ ਹਨ, ਪਰ ਉਹ ਕਾਰਵਾਈ ਦੀ ਬਜਾਏ ਸੀਲਬੰਦ ਲਿਫਾਫੇ ਵਿੱਚ ਪਏ ਹਨ।

## ਕਾਂਗਰਸ ਵੱਲੋਂ ਉਚ ਪੱਧਰੀ ਬੈਠਕ ਵਿੱਚ ਚੋਣ ਨਤੀਜਿਆਂ ਦਾ ਮੰਥਨ

* ਨਵਜੋਤ ਸਿੱਧੂ ਬੈਠਕ ਵਿੱਚ ਨਹੀਂ ਆਏ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਹੋਣ ਤੋਂ ਬਾਅਦ ਕਾਂਗਰਸ ਨੇ ਆਤਮ ਮੰਥਨ ਸ਼ੁਰੂ ਕਰ ਦਿੱਤਾ ਹੈ। ਕੱਲ੍ਹ ਏਥੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸਰਕਾਰੀਆ, ਭਾਰਤ ਭੂਸ਼ਣ ਆਸ਼ੂ, ਸੁਖਜਿੰਦਰ ਸਿੰਘ ਰੰਧਾਵਾ, ਪਰਗਟ ਸਿੰਘ, ਵਿਧਾਇਕ ਕੁਲਬੀਰ ਸਿੰਘ ਜੀਰਾ, ਦਾਖਾ ਤੋਂ ਕਾਂਗਰਸ ਉਮੀਦਵਾਰ ਕੈਪਟਨ ਸੰਦੀਪ ਸੰਧੂ ਦੇ ਨਾਲ ਚੋਣਾਂ ਸਬੰਧੀ ਚਰਚਾ ਕੀਤੀ ਅਤੇ ਸਾਰੇ ਜਣੇ ਚੋਣਾਂ ਬਾਰੇ ਕਾਫ਼ੀ ਆਸਵੰਦ ਦਿਖਾਈ ਦਿੱਤੇ।



ਦੱਸਿਆ ਜਾ ਰਿਹਾ ਹੈ ਕਿ ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ੍ਰੀ ਚਮਕੌਰ ਸਾਹਿਬ ਤੇ ਭਦੌੜ ਦੇ ਦੋਵਾਂ ਹਲਕਿਆਂ ਵਿੱਚ ਵੀ ਆਪਣੀ ਜਿੱਤ ਦਾ ਦਾਅਵਾ ਕੀਤਾ ਹੈ। ਉਂਜ ਮਾਝੇ ਦੇ ਕੁਝ ਵਿਧਾਨ ਸਭਾ ਹਲਕਿਆਂ ਵਿੱਚ ਹੋਈ ਵੋਟਿੰਗ ਬਾਰੇ ਮੰਤਰੀਆਂ ਅਤੇ ਵਿਧਾਇਕਾਂ ਦੇ ਮੱਥੇ ਉੱਤੇ ਥੋੜ੍ਹੀ ਸ਼ਿਕਨ ਰਹੀ, ਪਰ ਦੋਆ-ਬੇਬਾਰੇ ਸਾਰਿਆਂ ਦੇ ਚਿਹਰੇ ਖਿੜੇ ਰਹੇ। ਪਰਗਟ ਸਿੰਘ ਤੋਂ ਭਾਰਤ ਭੂਸ਼ਣ ਆਸ਼ੂ ਤੱਕ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਚੰਨੀ ਦੇ ਚਿਹਰੇ ਨੇ ਦੋਆ-ਬੇ ਵਿੱਚ ਬਹੁਜਨ ਸਮਾਜ ਪਾਰਟੀ ਨੂੰ ਕਮਜ਼ੋਰ ਕੀਤਾ ਹੈ। ਇਸ ਲਈ ਦੁਆਬੇ ਵਿੱਚ ਕਾਫ਼ੀ ਸੀਟਾਂ ਉੱਤੇ ਕਾਂਗਰਸ ਜਿੱਤ ਦਾ ਝੰਡਾ ਲਹਿਰਾਏਗੀ। ਇੱਥੇ ਕਾਂਗਰਸ ਪਿਛਲੀ ਵਾਰ 15 ਸੀਟਾਂ ਉੱਤੇ ਜਿੱਤੀ ਸੀ ਅਤੇ ਇਸ ਵਾਰ ਇਹ ਗਿਣਤੀ 20 ਦੇ ਪਾਰ ਪਹੁੰਚ ਸਕਦੀ ਹੈ। ਇਸ ਬੈਠਕ ਦੌਰਾਨ ਕਿਹਾ ਗਿਆ ਕਿ ਮਾਲਵੇ ਵਿੱਚ ਘੱਟ ਤੋਂ ਘੱਟ 15 ਤੋਂ 30 ਸੀਟਾਂ ਉੱਤੇ ਕਾਂਗਰਸ ਦੀ ਜਿੱਤ ਤੈਅ ਹੈ। ਕੁਝ ਨੇਤਾਵਾਂ ਨੇ ਕਿਹਾ ਕਿ ਬੰਪਰ ਵੋਟਿੰਗ ਕਾਂਗਰਸ ਲਈ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਨੇ ਪੂਰੇ ਵਿਸ਼ਵਾਸ ਨਾਲ ਦੁਹਰਾਇਆ ਹੈ ਕਿ ਅਗਲੀ 10 ਮਾਰਚ ਨੂੰ ਪੰਜਾਬ ਵਿੱਚ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਇੱਕ ਬਿਹਤਰ ਸਰਕਾਰ ਬਣੇਗੀ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਬੈਠਕ ਵਿੱਚੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਗੈਰ-ਹਾਜ਼ਰ ਰਹੇ। ਨਵਜੋਤ ਸਿੰਘਸਿੱਧੂ ਦੀ ਗੈਰ ਮੌਜੂਦਗੀ ਬਾਰੇ ਪੰਜਾਬ ਕਾਂਗਰਸ ਵਿੱਚ ਘੁਸਰ-ਮੁਸਰਚੱਲ ਰਹੀ ਹੈ। ਬੇਸ਼ੱਕ ਚੋਣਾਂ ਹੋ ਗਈਆਂ ਹਨ, ਪਰ ਕਾਂਗਰਸ ਦਾ ਅੰਦਰੂਨੀ ਘਮਾਸਾਨ ਅਜੇ ਵੀ ਜਾਰੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਮੰਗ, ਕਰਤਾਰਪੁਰ ਸਾਹਿਬ ਜਾਣ ਲਈ ਪਾਸਪੋਰਟ ਦੀ ਸ਼ਰਤ ਹਟਾਈ ਜਾਵੇ

ਅੰਮ੍ਰਿਤਸਰ, 24 ਫਰਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੀ ਕੇਂਦਰ ਸਰਕਾਰ ਨੂੰ ਕਰਤਾਰਪੁਰ ਲਾਂਘੇ ਲਈ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਅਪੀਲ ਕੀਤੀ ਹੈ।

ਇਸ ਸੰਬੰਧ ਵਿੱਚ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੇ ਇੱਛੁਕ ਵੱਡੀ ਗਿਣਤੀ ਲੋਕਾਂ ਕੋਲ ਪਾਸਪੋਰਟ ਨਹੀਂ ਹਨ, ਪਰ ਉਹ ਸਰਹੱਦ ਪਾਰ ਗੁਰੂ ਘਰ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਹਨ। ਇਸ ਕਰ ਕੇ ਪਛਾਣ ਲਈ ਪਾਸਪੋਰਟ ਦੀ ਥਾਂ ਹੋਰ ਦਸਤਾਵੇਜ਼ ਵਰਤੇ ਜਾ ਸਕਦੇ ਹਨ ਅਤੇ ਖਾਸ

*** ਡੇਰਾ ਮੁਖੀ ਨੂੰ ਵੱਡੀ ਸੁਰੱਖਿਆ ਛਤਰੀ ਦੇਣ ਉੱਤੇ ਇਤਰਾਜ਼**

ਕਰ ਕੇ ਸੀਨੀਅਰ ਸਿਟੀਜ਼ਨਜ਼ ਲਈ ਇਹ ਸ਼ਰਤ ਬਿਲਕੁਲ ਖਤਮ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਡੇਰੀ ਉਮਰ ਦੇ ਕਈ ਲੋਕ ਦੇਸ਼ ਦੀ ਵੰਡ ਦਾ ਸ਼ਿਕਾਰ ਹੋ ਕੇ ਇਧਰ ਆ ਵੱਸੇ ਸਨ, ਉਹ ਆਪਣੀ ਜਨਮ ਭੋਇੰ ਦੇ ਦਰਸ਼ਨ ਕਰਨ ਪਾਕਿ-ਸਤਾਨ ਜਾਣਾ ਚਾਹੁੰਦੇ ਹਨ। ਉਨ੍ਹਾਂ ਦਾ ਵੀ ਖਿਆਲ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਦੇ ਨਾਲ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨੂੰ ਫਰਲੋ ਦੌਰਾਨ ਵੱਡੀ ਸੁਰੱਖਿਆ ਛਤਰੀ ਦੇਣ ਉੱਤੇਵੀ ਇਤਰਾਜ਼ ਪ੍ਰਗਟਾਇਆ ਅਤੇ ਕਿਹਾ ਕਿ ਇਹ ਵਿਅਕਤੀ ਸੰਗੀਨ ਅਪਰਾਧ ਦੀ ਸਜ਼ਾ ਭੁਗਤ ਰਿਹਾ ਹੈ, ਸਿਰਫ ਚਾਰ ਸਾਲ ਦੀ ਸਜ਼ਾ ਪਿੱਛੋਂ ਉਸ ਨੂੰ ਨਾ ਸਿਰਫ ਫਰਲੋ ਦਿੱਤੀ ਗਈ, ਸਗੋਂ ਸੁਰੱਖਿਆਦੇ ਸਖਤ ਪ੍ਰਬੰਧ ਵੀ ਕੀਤੇ ਗਏ ਹਨ ਅਤੇ ਇਹ ਗਲਤ ਰੁਝਾਨ ਹੈ। ਸਰਕਾਰਾਂ ਦੇ ਅਜਿਹੇ ਫੈਸਲੇ ਸਿੱਖਾਂ ਨਾਲ ਵਿਤਕਰਾ ਹਨ। ਇੱਕ ਪਾਸੇ ਢਾਈ ਤੋਂ ਤਿੰਨ ਦਹਾਕੇ ਦੀ ਸਜ਼ਾ ਭੁਗਤ ਕੇ ਕਈ ਸਿੱਖ ਬੰਦੀ ਅਜੇ ਤੱਕ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ ਅਤੇ ਦੂਸਰੇ ਪਾਸੇ ਡੇਰਾ ਮੁਖੀ ਨੂੰ ਫਰਲੋ ਨਾਲ ਸੁਰੱਖਿਆ ਵੀ ਦਿੱਤੀ ਗਈ ਹੈ।

## ਸੈਂਕੜੇ ਕਿਸਾਨਾਂ ਨੂੰ ਉਜਾੜ ਕੇ ਪਠਾਨਕੋਟ ਰੋਡ ਉੱਤੇ ਚਾਰ ਬਾਈਪਾਸ ਬਣਾਏ ਜਾਣ ਦੀ ਯੋਜਨਾ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਪਠਾਨਕੋਟ-ਜਲੰਧਰ ਨੈਸ਼ਨਲ ਹਾਈਵੇ ਉੱਤੇ ਪੈਂਦੇ ਭੋਗਪੁਰ, ਟਾਂਡਾ, ਦਸੂਹਾ ਤੇ ਮੁਕੇਰੀਆਂ ਸ਼ਹਿਰਾਂ ਵਿੱਚੋਂ ਆਵਾਜਾਈ ਸੁਚਾਰੂ ਬਣਾਉਣ ਦੇ ਲਈਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਚਾਰ ਬਾਈਪਾਸ ਕੱਢਣ ਲਈ ਸਰਵੇਖਣ ਚੱਲ ਰਿਹਾ ਹੈ। ਇਹ ਬਾਈਪਾਸ ਭੋਗਪੁਰ ਦੇ ਲਹਿੰਦੇ ਪਾਸੇ, ਟਾਂਡਾ ਉੜਮੁੜ ਸ਼ਹਿਰ ਦੇ ਚੁਫੇਰੇ ਤੇ ਦਸੂਹਾ ਅਤੇ ਮੁਕੇਰੀਆਂ ਦੇ ਚੜ੍ਹਦੇ ਪਾਸੇ ਤੋਂ ਲੰਘਾਉਣ ਦੀ ਯੋਜਨਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਤਿੰਨੇ ਬਾਈਪਾਸ ਬਣਨ ਨਾਲ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਸੈਂਕੜੇ ਛੋਟੇ ਕਿਸਾਨਾਂ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਖੁੱਸ ਜਾਵੇਗੀ। ਜੇ ਰਾਜਪੁਰਾ, ਸਰਹਿੰਦ, ਮੰਡੀ,ਗੋਬਿੰਦਗੜ੍ਹ, ਖੰਨਾ, ਗੁਰ-ਾਇਆ, ਫਗਵਾੜਾ, ਕਰਤਾਰਪੁਰ, ਬਿਆਸ, ਜੰਡਿਆਲਾ ਗੁਰੂ, ਬੰਗਾ, ਖਰੜ ਆਦਿ ਸ਼ਹਿਰਾਂ ਵਿਖੇ ਨੈਸ਼ਨਲ ਹਾਈਵੇਉੱਤੇ ਫਲਾਈਓਵਰ ਬਣਨ ਨਾਲ ਆਵਾਜਾਈ ਸੁਚਾਰੂ ਢੰਗ ਨਾਲ ਚੱਲ ਸਕਦੀ ਹੈ ਤਾਂ ਇਨ੍ਹਾਂ ਸ਼ਹਿਰਾਂ ਵਿੱਚ ਫਲਾਈਓਵਰ ਦੀ ਯੋਜਨਾਛੱਡ ਕੇ ਬਾਈਪਾਸ ਲਈ ਉਪਜਾਊ ਜ਼ਮੀਨ ਖਰਾਬ ਕਰਨਾ ਤਰਕਹੀਣ ਜਾਪਦਾ ਹੈ। ਬਾਈਪਾਸ ਬਣਾਉਣ ਲਈ ਜ਼ਮੀਨ ਪ੍ਰਾਪਤੀ, ਰਿਹਾਇਸ਼ੀ ਅਬਾਦੀ ਨੂੰ ਉਜਾੜਨ ਤੇ ਚਾਰ ਮਾਰਗੀ ਸੜਕ ਬਣਾਉਣ ਦੇ ਖਰਚ ਨਾਲੋਂ ਫਲਾਈਓਵਰ ਦੀ ਲਾਗਤ ਵੀ ਘੱਟ ਹੈ। ਪਠਾਨਕੋਟ ਰੋਡ ਉੱਤੇ ਪੈਂਦੀਆਂ ਜ਼ਮੀਨਾਂ ਦੇ ਕਿਸਾਨਾਂ ਨੂੰ ਆਪਣੀ ਉਪਜਾਊ ਜ਼ਮੀਨ ਖੁੱਸਣ ਦਾ ਡਰ ਪੈ ਗਿਆ ਹੈ। ਹਾਈਵੇ ਦੇ ਨਾਲ ਲੱਗਦੀਆਂ ਜ਼ਮੀਨਾਂ ਦੇ ਮਾਲਕ ਕਿਸਾਨਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਕਿਸਾਨਾਂ ਕੋਲ ਗੁਜ਼ਾਰੇ ਜੋਗੀ ਜ਼ਮੀਨ ਹੈ ਤੇ ਜੇ ਸਰਕਾਰ ਨੇ ਉਹ ਵੀ ਖੋਹ ਲਈ ਤਾਂ ਉਹ ਕਿੱਥੇ ਜਾਣਗੇ।

## ਡੇਰਾ ਮੁਖੀ ਰਾਮ ਰਹੀਮ ਸਿੰਘ ਨੂੰ ਦਿੱਤੀ ਫਰਲੋ ਹਰਿਆਣਾ ਸਰਕਾਰ ਨੇ ਜਾਇਜ਼ ਠਹਿਰਾਈ

* ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਦਾ ਜਵਾਬ ਪੇਸ਼

ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਕਤਲ ਅਤੇ ਬਲਾਤਕਾਰ ਦੇ ਦੋਸ਼ਾਂ ਵਿੱਚ ਅਦਾਲਤ ਵੱਲੋਂ ਮਿਲੀ ਸਜ਼ਾ ਭੁਗਤ ਰਹੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਜੇਲ੍ਹ ਤੋਂ ਫਰਲੋ ਦੇਣ ਦੇ ਕੇਸ ਵਿੱਚਹਰਿਆਣਾ ਸਰਕਾਰ ਨੇ ਹਾਈ ਕੋਰਟ ਵਿੱਚ ਜਵਾਬ ਪੇਸ਼ ਕਰ ਕੇ ਇਸ ਨੂੰ ਜਾਇਜ਼ ਠਹਿਰਾਇਆ ਹੈ।

ਇਸ ਸੰਬੰਧ ਵਿੱਚ ਅੱਜ ਹਾਈ ਕੋਰਟ ਵਿੱਚ ਪੇਸ਼ ਕੀਤੇ ਜਵਾਬ ਵਿੱਚ ਹਰਿਆਣਾ ਸਰਕਾਰ ਨੇ ਕਿਹਾ ਕਿ ਸਿਰਸਾ ਦੇ ਸੱਚਾ ਸੌਦਾ ਡੇਰੇ ਦਾ ਮੁਖੀ ਰਾਮ ਰਹੀਮ ਸਿੰਘ ਕਤਲ ਦੇ ਜੁਰਮ ਵਿੱਚ ਸ਼ਾਮਲ ਨਹੀਂ, ਉਸ ਨੂੰਕਤਲ ਕਰਨ ਦੇ ਦੋਸ਼ੀ ਦੇ ਥਾਂਕਤਲ ਦੇ ਦੋਸ਼ੀਆਂ ਨਾਲ ਅਪਰਾਧਕ ਸਾਜ਼ਿਸ਼ ਰਚਣ ਦਾ ਦੋਸ਼ੀ ਮੰਨਿਆ ਗਿਆ ਸੀ ਤੇ ਉਹ ਹਾਰਡ ਕੋਰ ਅਪਰਾਧੀ ਵੀ ਨਹੀਂ, ਇਸ ਲਈ ਪੰਜ ਸਾਲ ਜੇਲ੍ਹ ਵਿੱਚ ਬਿਤਾਉਣ ਪਿੱਛੋਂ ਉਹ ਫਰਲੋ ਦਾ ਹੱਕਦਾਰ ਹੈ। ਵਰਨਣ ਯੋਗ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ 21 ਦਿਨਾਂ ਦੀ ਫਰਲੋ ਉੱਤੇਛੱਡਣ ਦੇ ਹਰਿਆਣਾ ਸਰਕਾਰ ਦੇ ਫ਼ੈਸਲੇ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਇਸ ਉੱਤੇ ਸੁਣਵਾਈ ਦੌਰਾਨ ਸਰਕਾਰ ਵੱਲੋਂ



ਪੇਸ਼ ਕੀਤੇ ਜਵਾਬ ਵਿੱਚ ਇਹ ਗੱਲ ਵੀ ਸਾਹਮਣੇ ਆਈ ਕਿ ਡੇਰਾ ਮੁਖੀ ਨੂੰ ਖਾਲਿਸਤਾਨ ਸਮਰਥਕਾਂ ਤੋਂ ਉੱਚ ਪੱਧਰ ਦਾ ਖ਼ਤਰਾ ਹੋਣ ਕਾਰਨ ਫਰਲੋ ਉੱਤੇ ਰਿਹਾਈ ਦੌਰਾਨ ਉਸਨੂੰ ਹਰਿਆਣਾ ਸਰਕਾਰ ਨੇ ਜ਼ੈੱਡ ਪਲੱਸ ਕੈਟੇਗਰੀ ਸੁਰੱਖਿਆ ਦਿੱਤੀ ਹੈ। ਰਾਮ ਰਹੀਮ ਸਿੰਘ ਜਿਹੜੀ ਸੁਨਾਰੀਆ ਜੇਲ੍ਹ ਵਿੱਚਸਜ਼ਾ ਕੱਟ ਰਿਹਾ ਸੀ, ਉਸ ਜੇਲ੍ਹ ਦੇ ਸੁਪਰਡੈਂਟ ਸੁਨੀਲ ਸਾਂਗਵਾਨ ਨੇ ਕੋਰਟ ਵਿੱਚ ਰਿਕਾਰਡ ਪੇਸ਼ ਕੀਤਾ ਤਾਂ ਪਤਾ ਲੱਗਾ ਕਿ ਡੇਰਾ ਮੁਖੀ ਦੀ ਰਿਹਾਈ ਦੀ ਪ੍ਰਕਿਰਿਆ ਐਡਵੋਕੇਟ ਜਨਰਲ (ਏਜੀ) ਦੀ ਕਾਨੂੰਨੀ ਰਾਇਨਾਲ ਕੀਤੀ ਸੀ ਅਤੇ 25 ਜਨਵਰੀ ਨੂੰ ਦਿੱਤੀ ਰਾਏ ਵਿੱਚ ਏਜੀ ਨੇਕਿਹਾ ਸੀ ਕਿ ਡੇਰਾ ਮੁਖੀ ਨੂੰ ਹਰਿਆਣਾ ਗੁੱਡ ਕੰਡਕਟ ਪ੍ਰਿਜ਼ਨਰਸ (ਆਰਜ਼ੀ ਰਿਹਾਈ) ਐਕਟ ਹੇਠ ਹਾਰਡ ਕੋਰ ਅਪਰਾਧੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾ ਸਕਦਾ।

ਹਾਈ ਕੋਰਟਨੂੰ ਸੌਂਪੀ ਰਿਪੋਰਟ ਵਿੱਚਹਰਿਆਣਾ ਸਰਕਾਰ ਨੇ ਦਾਅਵਾ ਕੀਤਾ ਕਿ ਜੇ ਇਹ ਵੀ ਮੰਨ ਲਿਆ ਜਾਵੇ ਕਿ ਡੇਰਾ ਮੁਖੀ ਹਾਰਡ ਕੋਰ ਅਪਰਾਧੀ ਹੈ, ਫਿਰ ਵੀ ਉਸਨੂੰ ਫਰਲੋ ਉੱਤੇਰਿਹਾਈ ਦਾ ਹੱਕ ਹੈ, ਕਿਉਂਕਿ ਉਸਨੇ ਜੇਲ੍ਹ ਵਿੱਚ ਪੰਜ ਸਾਲ ਪੂਰੇ ਕਰ ਲਏ ਹਨ। ਅੱਜ ਸੋਮਵਾਰ ਇਸ ਕੇਸ ਉੱਤੇ ਸੁਣਵਾਈ ਨਹੀਂ ਹੋ ਸਕੀ, ਸਰਕਾਰ ਦੇ ਰਿਕਾਰਡ ਅਤੇ ਜਵਾਬ ਉੱਤੇ ਬੁੱਧਵਾਰ ਨੂੰ ਪਟੀਸ਼ਨਰ ਧਿਰ ਆਪਣਾ ਜਵਾਬ ਪੇਸ਼ ਕਰੇਗੀ।

## ਟਾਂਡਾ ਥਾਣੇ ਵਿਖੇ ਮੁਲਜ਼ਮ ਨੇ ਫਾਹਾ ਲੈ ਕੇ ਖੁਦਕੁਸ਼ੀ ਕੀਤੀ

* ਚਾਰ ਪੁਲਸ ਵਾਲਿਆਂ ਉੱਤੇ ਕੇਸ ਦਰਜ

ਟਾਂਡਾ ਉੜਮੁੜ, 24 ਫਰਵਰੀ (ਪੋਸਟ ਬਿਊਰੋ)- ਥਾਣਾ ਟਾਂਡਾ ਵਿੱਚ ਕੱਲ੍ਹ ਸ਼ਾਮ ਚੋਰੀ ਦੇ ਕੇਸ ਵਿੱਚ ਨਾਮਜ਼ਦ ਦੋਸ਼ੀ ਨੇ ਜਾਂਚ ਵਾਲੇ ਕਮਰੇ ਵਿੱਚ ਰੌਸ਼ਨਦਾਨ ਨਾਲ ਬੈਲਟ ਬੰਨ੍ਹ ਕੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਰਾਕੇਸ਼ ਕੁਮਾਰ ਉਰਫ ਜਲੇਬੀ ਪੁੱਤਰ ਰਾਮ ਚੰਦ ਵਾਸੀ ਮੁਹੱਲਾ ਕੈਂਥਾ (ਦਸੂਹਾ) ਵਜੋਂ ਹੋਈ ਹੈ। ਉਸ ਨੂੰ ਦੁਪਹਿਰੇਥਾਣਾ ਟਾਂਡਾ ਦੀ ਪੁਲਸ ਟੀਮ ਕਾਬੂ ਕਰ ਕੇ ਏਥੇ ਲਿਆਈ ਸੀ ਅਤੇ ਕੁਝ ਦੇਰ ਬਾਅਦ ਇਹ ਘਟਨਾ ਵਾਪਰ ਗਈ।

ਇਸ ਘਟਨਾ ਪਿੱਛੋਂ ਡੀ ਐਸ ਪੀ ਟਾਂਡਾ ਦੇ ਬਿਆਨ ਉੱਤੇ ਅਣਗਹਿਲੀ ਕਰਨ ਵਾਲੇ ਪੁਲਸ ਮੁਲਾਜ਼ਮਾਂ ਹਵਾਲਦਾਰ ਪੁਨੀਤ ਕੁਮਾਰ, ਕਾਂਸਟੇਬਲ ਅੰਮ੍ਰਿਤਪਾਲ, ਹਵਾਲਦਾਰ ਸੁਰੇਸ਼ ਕੁਮਾਰ ਅਤੇ ਹੋਮਗਾਰਡ ਕਿਰਪਾਲ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵੱਲੋਂ ਮੈਜਿਸਟਰੇਟੀ ਜਾਂਚ ਦੇ ਹੁਕਮਾਂ ਅਧੀਨ ਦੇਰ ਰਾਤ ਜੱਜ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਮੁਲਾਜ਼ਮਾਂ ਦੇ ਬਿਆਨ ਦਰਜ ਕੀਤੇ।ਇਸ ਦੌਰਾਨ ਡੀ ਐਸ ਪੀ ਨੇ ਦੱਸਿਆ ਕਿ ਪੁਲਸ ਕਰਮਚਾਰੀਆਂ ਪੁਨੀਤ ਅਤੇ ਅੰਮ੍ਰਿਤਪਾਲ ਨੇ ਪੁਲਸ ਅਧਿਕਾਰੀ ਨੂੰ ਸੂਚਨਾ ਦਿੱਤੀ ਕਿ ਰਾਕੇਸ਼ ਨੂੰ ਥਾਣੇ ਦੇ ਪਿਛਲੇ ਪਾਸਿਓਂ ਰੇਲਵੇ ਲਾਈਨ ਤੋਂ ਫੜਿਆ ਸੀ, ਜੋ ਨਸ਼ੇ ਕਰਨ ਤੇ ਚੋਰੀਆਂ ਕਰਨ ਦਾ ਆਦੀ ਹੈ ਅਤੇ 15 ਫਰਵਰੀ ਨੂੰ ਮੋਟਰ ਸਾਈਕਲ ਚੋਰੀ ਦੇ ਕੇਸਦੇ ਦੋਸ਼ੀਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਰਾਕੇਸ਼ ਕੁਮਾਰ ਵੀ ਉਨ੍ਹਾਂ ਨਾਲ ਮੋਟਰਸਾਈਕਲ ਚੋਰੀ ਕਰਦਾ ਹੈ। ਜਦੋਂ ਉਨ੍ਹਾਂ ਨੇ ਉਸ ਨੂੰ ਫੜਿਆ ਤਾਂ ਨਸ਼ੇ ਵਿੱਚ ਹੋਣ ਕਾਰਨ ਜਵਾਬ ਨਹੀਂ ਦੇ ਰਿਹਾ ਸੀ। ਟੀਮ ਨੇ ਪੁੱਛਗਿੱਛ ਲਈ ਉਸ ਦਾ ਨਸ਼ਾ ਉਤਰਨ ਦੀ ਉਡੀਕ ਵਿੱਚ ਉਸ ਨੂੰ ਹਵਾਲਾਤ ਨਾਲ ਲੱਗਦੇ ਜਾਂਚ ਰੂਮ ਵਿੱਚ ਬਿਠਾ ਦਿੱਤਾ। ਇਸ ਤੋਂ ਬਾਅਦ ਜਾਂਚ ਅਧਿਕਾਰੀ, ਸੰਤਰੀ ਅਤੇ ਥਾਣਾ ਮੁਨਸ਼ੀ ਨੂੰ ਦੱਸ ਕੇ ਆਪਣੀ ਡਿਊਟੀ ਉੱਤੇ ਚਲੇ ਗਏ। ਬਾਅਦ ਵਿੱਚ 6.45 ਵਜੇ ਰਾਕੇਸ਼ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ।ਇਸ ਦੌਰਾਨ ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਥਾਣੇ ਸਾਹਮਣੇ ਕੁਝ ਸਮੇਂ ਲਈ ਰੋਸ ਵਿਖਾਵਾ ਕੀਤਾ ਅਤੇ ਦੋਸ਼ ਲਾਇਆ ਕਿ ਉਸ ਨੇ ਖੁਦਕੁਸ਼ੀ ਨਹੀਂ ਕੀਤੀ, ਉਸ ਨੂੰ ਮਾਰਿਆ ਗਿਆ ਹੈ।

## ਬੈਂਕ ਵਿੱਚੋਂ ਹਥਿਆਰਬੰਦ ਨਕਾਬਪੋਸ਼ਾਂ ਨੇ 30 ਲੱਖ ਰੁਪਏ ਲੁੱਟੇ

ਤਰਨ ਤਾਰਨ, 24 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਨੌਸ਼ਹਿਰਾ ਪੰਨੂਆਂ ਵਿਖੇ ਐਚ ਡੀ ਐਫ ਸੀ ਬੈਂਕ ਵਿੱਚੋਂ ਤਿੰਨ ਹਥਿਆਰਬੰਦ ਨਕਾਬਪੋਸ਼ਾਂ ਨੇ ਲੱਖਾਂ ਦੀ ਨਕਦੀ ਲੁੱਟ ਲਈ। ਲੁਟੇਰੇ ਸਟਾਫ ਦੇ ਮੋਬਾਈਲ ਫੋਨ, ਮਹਿਲਾ ਕਰਮਚਾਰੀ ਦੀ ਸੋਨੇ ਦੀ ਚੇਨ ਅਤੇ ਸੀ ਸੀ ਟੀ ਵੀ ਕੈਮਰਿਆਂ ਦੇ ਡੀ ਵੀ ਆਰ ਨਾਲ ਲੈ ਗਏ। ਲੁੱਟੀ ਗਈ ਰਾਸ਼ੀ ਬਾਰੇ ਬੇਸ਼ੱਕ ਅਧਿਕਾਰਤ ਤੌਰ ਉੱਤੇ ਕੋਈ ਪੁਸ਼ਟੀ ਅਜੇ ਨਹੀਂ ਕੀਤੀ ਗਈ।




ਮਿਲੀ ਜਾਣਕਾਰੀ ਅਨੁਸਾਰ ਦੋ ਸਪਲੈਂਡਰ ਮੋਟਰ ਸਾਈਕਲਾਂ ਉੱਤੇ ਸਵਾਰ ਹੋ ਕੇ ਤਿੰਨ ਵਿਅਕਤੀ ਆਏ ਜਿਨ੍ਹਾਂ ਨੇ ਆਪਣੇ ਮੂੰਹ ਉੱਤੇ ਮਾਸਕ ਪਾਏ ਹੋਏ ਸਨ। ਦੋ ਮੋਨੇ ਅਤੇ ਇੱਕ ਸਰਦਾਰ ਦੱਸੇ ਜਾਂਦੇ ਇਨ੍ਹਾਂ ਲੋਕਾਂ ਨੇ ਪਿਸਤੌਲ ਦੀ ਨੋਕ ਉੱਤੇ ਸਭ ਤੋਂ ਪਹਿਲਾਂ ਉਥੇ ਤੈਨਾਤ ਗਾਰਡ ਦੀ ਬੰਦੂਕ ਖੋਹੀ ਤੇ ਫਿਰ ਕੈਸ਼ੀਅਰ ਦੇ ਕਾਊਂਟਰ ਉੱਤੇ ਜਾ ਕੇ ਨਕਦੀ ਇੱਕ ਬੈਗ ਵਿੱਚ ਪਾ ਲਈ। ਉਨ੍ਹਾਂ ਨੇ ਬੈਂਕ ਦੀ ਮਹਿਲਾ ਕਰਮਚਾਰੀ ਦੀ ਸੋਨੇ ਦੀ ਚੇਨ ਝਪਟਣ ਦੀ ਇਲਾਵਾ ਕੁਝ ਕਰਮਚਾਰੀਆਂ ਦੇ ਮੋਬਾਈਲ ਫੋਨ ਵੀ ਖੋਹ ਲਏ। ਜਾਂਦੇ ਜਾਂਦੇ ਉਕਤ ਲੁਟੇਰੇ ਸੀ ਸੀ ਟੀ ਵੀ ਕੈਮਰਿਆਂ ਦਾ ਡੀ ਵੀ ਆਰ ਲਾਹ ਕੇ ਨਾਲ ਲੈ ਗਏ। ਬੈਂਕ ਨੇ ਨਕਦੀ ਬਾਰੇ ਅਧਿਕਾਰਤ ਤੌਰ ਉੱਤੇ ਪੁਸ਼ਟੀ ਅਜੇ ਨਹੀਂ ਕੀਤੀ।

## ਵੱਖ-ਵੱਖ ਆਗੂਆਂ ਵੱਲੋਂ ਚੋਣਾਂ ਪਿੱਛੋਂ ਅਕਾਲੀ ਦਲ ਤੇ ਭਾਜਪਾ ਵਿਚਾਲੇ ਫਿਰ ਗਠਜੋੜ ਦੇ ਸੰਕੇਤ

ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਬੀਤੇ ਐਤਵਾਰ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਉੱਤੇ ਚੋਣਾਂ ਹੋਣ ਦੇ ਬਾਅਦ ਜਦੋਂ ਸਾਰੀਆਂ ਪਾਰਟੀਆਂ 10 ਮਾਰਚ ਨੂੰ ਆਉਣ ਵਾਲੇ ਨਤੀਜਿਆਂ ਦੀ ਉਡੀਕ ਕਰ ਰਹੀਆਂ ਹਨ ਤਾਂ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਨੇ ਇੱਕ ਵਾਰ ਫਿਰ ਗੱਠਜੋੜ ਬਣਾਉਣ ਦੇ ਸੰਕੇਤ ਦੇ ਦਿੱਤੇ ਹਨ।

ਵਰਨਣ ਯੋਗ ਹੈ ਕਿ ਇਸ ਵਾਰ ਪੰਜਾਬ ਦੀਆਂ ਚੋਣਾਂ ਬਹੁਤ ਦਿਲਚਸਪ ਰਹੀਆਂ ਹਨ। ਜਿੱਥੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਪਿੱਛੋਂਕਾਂਗਰਸ ਪਾਰਟੀ ਛੱਡ ਕੇ ਆਪਣੀ ਪੰਜਾਬ ਲੋਕ ਕਾਂਗਰਸ ਪਾਰਟੀ ਬਣਾ ਕੇ ਭਾਜਪਾ ਨਾਲ ਮਿਲ ਕੇ ਚੋਣ ਲੜੀ, ਉਥੇ ਭਾਜਪਾ ਇਸ ਵਾਰ ਪੁਰਾਣੇ ਸਾਥੀਬਾਦਲ ਅਕਾਲੀ ਦਲ ਬਿਨਾਂ ਚੋਣ ਮੈਦਾਨ ਉਤਰੀ ਸੀ।ਇਨ੍ਹਾ ਦੋ ਪਾਰਟੀਆਂ ਦਾ ਚੌਵੀ ਸਾਲ ਪੁਰਾਣਾ ਰਾਜਸੀ ਗਠਜੋੜਕਿਸਾਨੀ ਮੁੱਦੇ ਤੋਂ ਪੰਜਾਬ ਚੋਣਾਂ ਤੋਂ ਪਹਿਲਾਂ ਹੀ ਟੁੱਟ ਗਿਆ ਸੀ, ਪਰ ਅੱਗੋਂ ਫਿਰ ਅਕਾਲੀ ਦਲ ਤੇ ਭਾਜਪਾ ਵਿਚਾਲੇ ਗਠਜੋੜ ਦੀਆਂ ਗੱਲਾਂ ਚੱਲਣ ਲੱਗ ਪਈਆਂ ਹਨ ਅਤੇ ਇਸ ਦੇ ਸੰਕੇਤ ਦੋਵੇਂ ਪਾਰਟੀਆਂ ਦੇ ਆਗੂਆਂ ਨੇ ਖੁਦ ਦਿੱਤੇ ਹਨ।

ਅਕਾਲੀ ਆਗੂ ਅਤੇ ਅੰਮ੍ਰਿਤਸਰ ਪੂਰਬੀ ਸੀਟ ਤੋਂ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਵੱਲੋਂ ਭਾਜਪਾ ਦੇ ਨਾਲ ਗੱਠਜੋੜ ਦੀ ਸੰਭਾਵਨਾ ਬਾਰੇ ਬਿਆਨ ਉੱਤੇ ਭਾਜਪਾ ਦੇ ਜਨਰਲ ਸੈਕਟਰੀ ਤਰੁਣ ਚੁੱਘ ਨੇ ਕਿਹਾ, 'ਪਹਿਲਾਂ ਚੋਣ ਨਤੀਜੇ ਆ ਜਾਣ ਦਿਓ, ਮੈਂ ਹਾਂ ਜਾਂ ਨਾਂਹ ਵਿੱਚ ਕੋਈ ਸੰਭਾਵਨਾ ਪੇਸ਼ ਨਹੀਂ ਕਰ ਰਿਹਾ।' ਇਸ ਤੋਂ ਪਹਿਲਾਂ ਇੱਕ ਮੀਡੀਆ ਅਦਾਰੇ ਨੇ ਮਜੀਠੀਆ ਦੇ ਹਵਾਲੇ ਨਾਲ ਕਿਹਾ ਸੀ ਕਿ ਬਾਦਲ ਅਕਾਲੀ ਦਲ ਚੋਣ ਨਤੀਜਿਆਂ ਤੋਂ ਬਾਅਦ ਭਾਜਪਾ ਨਾਲ ਗੱਠਜੋੜ ਦੇ ਮੁੱਦੇ ਉੱਤੇ ਕੋਈ ਫੈਸਲਾ ਲੈ ਸਕਦਾ ਹੈ, ਪਰ ਮਜੀਠੀਆ ਨੇ ਕਿਹਾ ਸੀ ਕਿ ਉਸ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸੀ ਕਿ ਸਾਡਾ ਗਠਜੋੜ ਬਸਪਾ ਨਾਲ ਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਚੋਣਾਂ ਤੋਂ ਪਹਿਲਾਂ ਪੰਜਾਬਵਿੱਚ ਚੋਣ ਜਲਸਿਆਂ ਦੌਰਾਨ ਕੀਤੇ ਭਾਸ਼ਣਾਂ ਵਿੱਚ ਵੀ ਭਾਜਪਾ ਦੇ ਅਕਾਲੀ ਦਲ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਲੋਕਾਂ ਨੂੰ ਨਜ਼ਰ ਆਈਆਂ ਸਨ। ਜਨਵਰੀ ਵਿੱਚ ਜਦੋਂ ਪ੍ਰਕਾਸ਼ ਸਿੰਘ ਬਾਦਲ ਨੂੰ ਕੋਰੋਨਾ ਦੀ ਲਾਗ ਲੱਗ ਗਈ ਸੀ, ਓਦੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਫ਼ੋਨ ਕਰਕੇ ਹਾਲ-ਚਾਲ ਪੁੱਛਿਆ ਸੀ।

ਅੱਜ ਪੰਜਾਬ ਵਿੱਚ ਭਾਜਪਾ ਦੇ ਸਭ ਤੋਂ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਵੀ ਭਾਜਪਾ ਅਤੇ ਅਕਾਲੀ ਦਲ ਦਾ ਗੱਠਜੋੜ ਨਵੇਂ ਸਿਰਿਉਂ ਬਣਨ ਦੇ ਕੁਝ ਸੰਕੇਤ ਜਿਹੇ ਦਿੱਤੇ ਹਨ।

## ਪੰਜਾਬ ਦੀ ਬਸਪਾ ਦੇ ਪ੍ਰਧਾਨ ਉਤੇ ਦੋ ਵੋਟਾਂ ਬਣਾਉਣ ਦੇ ਦੋਸ਼

ਫਗਵਾੜਾ, 24 ਫਰਵਰੀ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਤੇ ਵਿਧਾਨ ਸਭਾ ਹਲਕਾ ਫਗਵਾੜਾ ਤੋਂ ਬਸਪਾ-ਅਕਾਲੀ ਗੱਠਜੋੜ ਦੇ ਸਾਂਝੇ ਉਮੀਦਵਾਰ ਜਸਬੀਰ ਸਿੰਘ ਗੜ੍ਹੀ ਉੱਤੇ ਦੋ ਵੋਟਾਂ ਬਣਵਾਉਣ ਦੇ ਦੋਸ਼ ਲੱਗੇ ਹਨ।ਕਾਂਗਰਸ ਦੇ ਲੀਗਲ ਸੈਲ ਦੇ ਜ਼ਿਲ੍ਹਾ ਐਡਵਾਈਜ਼ਰ ਕਰਨਜੋਤ ਸਿੰਘ ਝਿੱਕਾ ਦੇ ਮੁਤਾਬਕ ਜਸਬੀਰ ਸਿੰਘ ਗੜ੍ਹੀ ਨੇ ਇੱਕ ਵੋਟ ਪਿੰਡ ਗੜ੍ਹੀ ਕਾਨ੍ਹੂੰਗੋ ਤਹਿਸੀਲ ਬਲਾਚੌਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਣਵਾਈ ਹੈ ਤੇ ਇੱਕ ਵੋਟ ਫਗਵਾੜਾ ਦੇ ਖੇੜਾ ਪਿੰਡ ਵਿਖੇ ਬਣਾਈ ਹੋਈ ਹੈ, ਜਿਸ ਦੀ ਜਾਂਚ ਹੋਣੀ ਚਾਹੀਦੀ ਹੈ।

ਕਰਨਜੋਤ ਸਿੰਘ ਝਿੱਕਾ ਨੇ ਡਿਪਟੀ ਕਮਿਸ਼ਨਰ ਕਪੂਰਥਲਾ, ਐਸ ਡੀ ਐਮ ਫਗਵਾੜਾ, ਚੋਣ ਆਬਜ਼ਰਵਰ ਅਤੇ ਭਾਰਤ ਦੇ ਇਲੈਕਸ਼ਨ ਕਮਿਸ਼ਨ ਦੇ ਨਾਲ ਪੰਜਾਬ ਦੇ ਮੁੱਖ ਚੋਣ ਅਫਸਰ ਨੂੰ ਇਹ ਸ਼ਿਕਾਇਤ ਦਰਜ ਕਰਾਈ ਹੈ ਕਿ ਇੱਕ ਵਿਅਕਤੀ ਦੀਆਂ ਦੋ ਵੋਟਾਂ ਕਿਸ ਤਰ੍ਹਾਂ ਬਣਾਈਆਂ ਜਾ ਸਕਦੀਆਂ ਹਨ। ਇਸ ਸ਼ਿਕਾਇਤ ਹੇਠ ਜਸਵੀਰ ਸਿੰਘ ਗੜ੍ਹੀ ਉੱਤੇ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਦੂਸਰੇ ਪਾਸੇ ਪੰਜਾਬ ਦੀ ਬਸਪਾ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਮੇਰੀ ਵੋਟ ਮੇਰੇ ਜੱਦੀ ਪਿੰਡ ਗੜ੍ਹੀ ਕਾਨ੍ਹੂੰਗੋ ਵਿਖੇ ਬਣੀ ਹੋਈ ਹੈ, ਜਿੱਥੇ ਮੈਂ ਆਪਣੀ ਵੋਟ ਦੀ ਵਰਤੋਂ ਕਰ ਕੇ ਆਇਆ ਹਾਂ। ਖੇੜਾ ਪਿੰਡ ਵਾਲੀ ਵੋਟ ਬਾਰੇ ਮੈਂ 24 ਜਨਵਰੀ ਨੂੰ ਲਿਖਤੀ ਸ਼ਿਕਾਇਤ ਕਰ ਚੁੱਕਾ ਹਾਂ ਤੇ ਸੱਤ ਨੰਬਰ ਲੋਕਲ ਫਾਰਮ ਬੀ ਐਲ ਓ ਨੂੰ ਦੇ ਦਿੱਤਾ ਗਿਆ ਅਤੇ ਇਲੈਕਸ਼ਨ ਐਪ ਉੱਤੇ ਵੀ ਇਸ ਵੋਟ ਬਾਰੇ ਸ਼ਿਕਾਇਤ ਦਰਜ ਕਰਵਾ ਚੁੱਕਾ ਹਾਂ। ਕਾਂਗਰਸੀ ਆਗੂਆਂ ਵੱਲੋਂ ਲਗਾਏ ਜਾ ਰਹੇ ਦੋਸ਼ ਬੇਬੁਨਿਆਦ ਹਨ।




# ਲਸ਼ਕਰੇ ਤੋਇਬਾ ਦੇ ਅੱਤਵਾਦੀਆਂ ਨੂੰ ਸੂਚਨਾਵਾਂ ਦੇਣ ਵਾਲਾ ਐੱਸ ਪੀ ਗ੍ਰਿਫਤਾਰ

ਸ੍ਰੀਨਗਰ, 24 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਕੱਲ੍ਹ ਸ਼ੁੱਕਰਵਾਰ ਨੂੰ ਹਿਮਾਚਲ ਪ੍ਰਦੇਸ਼ ਵਿੱਚ ਐੱਸ ਡੀਆਰਐੱਫ (ਸਟੇਟ ਡਿਜ਼ਾਸਟਰ ਰਿਲੀਫ ਫੋਰਸ) ਦੇ ਪੁਲਿਸ ਸੁਪਰਡੈਂਟ (ਐੱਸ ਪੀ) ਅਰਵਿੰਦ ਦਿਗਵਿਜੇ ਸਿੰਘ ਨੇਗੀ ਨੂੰ ਅੱਤਵਾਦੀ ਜਥੇਬੰਦੀ ਲਸ਼ਕਰ-ਏ-ਤਇਬਾ ਨੂੰ ਅਹਿਮ ਸੂਚਨਾਵਾਂ ਲੀਕ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਹਿਮਾਚਲ ਪ੍ਰਦੇਸ਼ ਕੇਡਰ ਦਾ ਆਈਪੀਐੱਸ ਅਫਸਰ ਨੇਗੀ ਚਾਰ ਕੁ ਮਹੀਨੇ ਪਹਿਲਾਂ ਤੱਕ ਐੱਨ ਆਈ ਏ ਵਿੱਚ ਡੈਪੂਟੇਸ਼ਨ ਉੱਤੇ 11 ਸਾਲ ਆਪਣੀਆਂ ਸੇਵਾਵਾਂ ਦੇ ਚੁੱਕਾ ਹੈ। ਇਸ ਦੌਰਾਨ ਨੇਗੀ ਨੇ ਬਹੁਤਾ ਸਮਾਂ ਜੰਮੂ-ਕਸ਼ਮੀਰ ਵਿੱਚਅੱਤਵਾਦੀ ਸਰਗਰਮੀਆਂ ਅਤੇ ਟੈਰਰ ਫੰਡਿੰਗ ਨਾਲ ਜੁੜੇ ਕੇਸਾਂ ਦੀ ਜਾਂਚ ਵਿੱ-ਚਲਾਇਆ ਸੀ ਅਤੇ ਉਸ ਦੇ ਖ਼ਿਲਾਫ਼ ਨਵੰਬਰ 2021 ਤੋਂ ਜਾਂਚ ਚੱਲਦੀ ਪਈ ਸੀ।

ਜਾਣਕਾਰ ਸੂਤਰਾਂ ਮੁਤਾਬਕ ਅਰਵਿੰਦ ਦਿਗਵਿਜੇ ਸਿੰਘ ਨੇਗੀ ਨੂੰ ਸ਼ੱਕ ਹੋ ਗਿਆ ਸੀ ਕਿ ਖ਼ੁਫ਼ੀਆ ਏਜੰਸੀਆਂ ਦੀ ਉਸ ਉੱਤੇ ਨਜ਼ਰ ਹੈ ਅਤੇ ਇਸ ਮਾਰ ਤੋਂ ਬਚਣ ਲਈ ਉਸ ਨੇ ਸਬੰਧਤ ਵਿਭਾਗ ਨੂੰ ਐੱਨ ਆਈ ਏ ਵਿੱਚਡੈਪੂਟੇਸ਼ਨ ਖ਼ਤਮ ਕਰਨ ਅਤੇ ਆਪਣੇ ਮੂਲ ਵਿਭਾਗ ਹਿਮਾਚਲ ਪ੍ਰਦੇਸ਼ ਪੁਲਿਸ ਵਿੱਚਵਾਪਸ ਭੇਜਣ ਦੀ ਬੇਨਤੀ ਕੀਤੀ ਸੀ।ਐੱਨ ਆਈ ਏ ਤੋਂ ਮੁੜਨਪਿੱਛੋਂ ਉਸ ਨੂੰ ਐੱਸਡੀਆਰਐੱਫ ਦਾ ਐੱਸ ਪੀਲਾਇਆ ਗਿਆ ਸੀ। ਉਸ ਨੂੰ ਨਵੰਬਰ 2021 ਵਿੱਚਐੱਨ ਆਈ ਏ ਨੇ ਦਿੱਲੀਵਿਚਲੇ ਹੈੱਡਕੁਆਰਟਰ ਵਿੱਚ ਤਲਬ ਕੀਤਾ ਸੀ।ਅਰਵਿੰਦ ਦਿਗਵਿਜੇ ਸਿੰਘ ਨੇਗੀ ਨੂੰ ਅੱਤਵਾਦੀ ਫੰਡਿੰਗ ਕੇਸ ਦੀ ਜਾਂਚਲਈਉਚੇਚੇ ਯੋਗਦਾਨ ਲਈ ਸਰਬੋਤਮ ਪੁਲਿਸ ਮੈਡਲ ਨਾਲ ਸਨਮਾਨਿਤਕੀਤਾ ਜਾ ਚੁੱਕਾ ਹੈ ਅਤੇ ਉਸ ਨੂੰ ਐੱਨ ਆਈ ਏ ਵਿੱਚਤਰੱਕੀ ਮਿਲਣ ਪਿੱਛੋਂ ਐੱਸ ਪੀ ਰੈਂਕਮਿਲਿਆ ਸੀ। ਪੁਲਵਾਮਾ ਹਮਲੇ ਦੀ ਜਾਂਚ ਕਰਨ ਵੇਲੇ ਉਹਐੱਨ ਆਈ ਏਦੀ ਜਾਂਚ ਟੀਮਵਿੱਚ ਸ਼ਾਮਲ ਸੀਅਤੇ ਕਸ਼ਮੀਰ ਵਿੱਚਅੱਤਵਾਦੀਆਂ, ਪੁਲਿਸ ਅਤੇ ਸਿਆਸਤ ਵਿਚਾਲੇ ਗਠਜੋੜ ਦੀ ਜਾਂਚਟੀਮ ਵਿੱਚ ਵੀ ਸ਼ਾਮਿਲ ਸੀ।

ਐੱਨ ਆਈ ਏ ਦੇ ਬੁਲਾਰੇ ਨੇ ਦੱਸਿਆ ਕਿ ਅਰਵਿੰਦ ਦਿਗਵਿਜੇ ਸਿੰਘ ਨੇਗੀ ਨੂੰ ਐੱਨ ਆਈ ਏਵੱਲੋਂਦਿੱਲੀ ਵਿੱਚ ਦਰਜ ਕੇਸਵਿੱਚਗ੍ਰਿਫ਼ਤਾਰ ਕੀਤਾ ਗਿਆ ਹੈ। ਭਾਰਤ ਵਿੱਚਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਰਚਣ, ਉਨ੍ਹਾਂ ਨੂੰ ਸਿਰੇ ਚਾੜ੍ਹਨ ਲਈ ਲਸ਼ਕਰ ਨੂੰ ਜ਼ਰੂਰੀ ਸਾਮਾਨ ਤੇ ਹੋਰ ਹਰ ਤਰ੍ਹਾਂ ਮਦਦ ਦੇਣ ਵਾਲੇ ਓਵਰਗਰਾਊਂਡ ਨੈੱਟਵਰਕ ਨਾਲ ਸਬੰਧਤ ਇਹ ਕੇਸ ਛੇ ਨਵੰਬਰ 2021 ਨੂੰ ਦਰਜ ਕੀਤਾ ਗਿਆ ਅਤੇ ਇਸ ਵਿੱਚ ਪਹਿਲਾਂ ਛੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਕੇਸ ਦੀ ਜਾਂਚ ਦੌਰਾਨ ਹੀਨੇਗੀ ਬਾਰੇ ਸੁਰਾਗ ਮਿਲੇ ਸਨ ਤੇ ਨੇਗੀ ਨੇ ਫੜੇ ਗਏ ਲਸ਼ਕਰ ਦੇ ਇੱਕ ਓਵਰਗਰਾਊਂਡ ਵਰਕਰ ਨੂੰ ਐੱਨ ਆਈ ਏ ਦੇ ਕੁਝ ਅਹਿਮ ਅਤੇ ਗੁਪਤ ਦਸਤਾਵੇਜ਼ ਦਿੱਤੇ ਸਨ।

# ਸਰਕਾਰ ਨੇ ਕਿਹਾ, ਭਗੌੜਿਆਂ ਤੋਂ 18 ਹਜ਼ਾਰ ਕਰੋੜ ਜ਼ਬਤ ਕਰ ਕੇ ਬੈਂਕਾਂ ਨੂੰ ਦਿੱਤੇ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਵਿੱਚ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਦੀ ਦੁਰਵਰਤੋਂ ਦੇ ਦੋਸ਼ਾਂ ਨੂੰ ਨਕਾਰਦੇ ਹੋਏ ਇਸ ਕਾਨੂੰਨ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਕਾਨੂੰਨ ਵਿੱਚ ਕਰੜੀ ਵਿਧਾਨਕ ਵਿਵਸਥਾ ਤੇ ਸੇਫਗਾਰਡ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਇਹ ਕਾਨੂੰਨ ਲਾਗੂ ਹੋਇਆ ਹੈ, ਸਾਲ 2002 ਤੋਂ ਅੱਜ ਤਕ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 4700 ਕੇਸਾਂ ਦੀ ਜਾਂਚ ਕੀਤੀ, ਪਰ ਗ੍ਰਿਫਤਾਰੀਆਂ ਸਿਰਫ 313 ਹੋਈਆਂ, ਕਿਉਂਕਿ ਕਾਨੂੰਨ ਵਿੱਚ ਵੱਡੇ ਵਿਧਾਨਕ ਸੇਫਗਾਰਡ ਹਨ।

ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਵਿਜੇ ਮਾਲਿਆ, ਨੀਰਵ ਮੋਦੀ ਅਤੇ ਮੇਹੁਲ ਚੋਕਸੀ ਦੀ 18 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਅਤੇ ਬੈਂਕਾਂ ਨੂੰ ਇਹ ਪੈਸਾ ਵਾਪਸ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਵਿਜੇ ਮਾਲਿਆ, ਨੀਰਵ ਮੋਦੀ ਤੇ ਮੇਹੁਲ ਚੋਕਸੀ ਹਜ਼ਾਰਾਂ ਕਰੋੜ ਰੁਪਏ ਬੈਂਕਾਂ ਤੋਂ ਕਰਜ਼ਾ ਲੈ ਕੇ ਵਾਪਸ ਕੀਤੇ ਬਿਨਾਂ ਵਿਦੇਸ਼ ਭੱਜ ਗਏ ਹਨ, ਜਿਨ੍ਹਾਂ ਦੀ ਹਵਾਲਗੀ ਕਰ ਕੇ ਭਾਰਤ ਲਿਆਉਣ ਲਈ ਵਿਦੇਸ਼ੀ ਅਦਾਲਤਾਂ ਵਿੱਚ ਕਾਨੂੰਨੀ ਲੜਾਈ ਲੜੀ ਜਾ ਰਹੀ ਹੈ। ਸੁਪਰੀਮ ਕੋਰਟ ਵਿੱਚ ਕਰੀਬ 200 ਪਟੀਸ਼ਨਾਂ ਪੈਂਡਿੰਗ ਹਨ ਜਿਨ੍ਹਾਂ ਵਿੱਚ ਪੀ ਐਮ ਐਲ ਏ ਕਾਨੂੰਨਾਂ ਦੀਆਂ ਮੱਦਾਂ ਦੀ ਵਿਧਾਨਕਤਾ ਨੂੰ ਚੁਣੌਤੀ ਦਿੱਤੀ ਗਈ ਹੈ। ਇਨ੍ਹਾਂ ਪਟੀਸ਼ਨਾਂ ਵਿੱਚ ਕਾਨੂੰਨ ਦੀਆਂ ਵੱਖ-ਵੱਖ ਮੱਦਾਂ ਨੂੰ ਸਪੱਸ਼ਟ ਤੇ ਕਾਨੂੰਨ ਦੇ ਤੈਅ ਸਿਧਾਂਤਾਂ ਦੇ ਖਿਲਾਫ ਦੱਸ ਕੇ ਉਨ੍ਹਾਂ ਦੀ ਦੁਰਵਰਤੋਂ ਦੇ ਦੋਸ਼ ਲਾਏ ਗਏ ਹਨ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਕੇਂਦਰ ਸਰਕਾਰ ਵੱਲੋਂ ਪੇਸ਼ ਹੋ ਰਹੇ ਸਨ।

ਇਸ ਕੇਸ ਦੀ ਸੁਣਵਾਈ ਜਸਟਿਸ ਏ ਐਮ ਖਾਨਵਿਲਕਰ ਦੀ ਅਗਵਾਈ ਵਾਲਾ ਤਿੰਨ ਮੈਂਬਰੀ ਬੈਂਚ ਕਰ ਰਿਹਾ ਹੈ। ਕੱਲ੍ਹ ਤੁਸ਼ਾਰ ਮਹਿਤਾ ਨੇ ਪੀ ਐਮ ਐਲ ਏ ਕਾਨੂੰਨ ਆਉਣ ਦੇ ਬਾਅਦ ਈ ਡੀ ਵੱਲੋਂ ਕੀਤੀਆਂ ਜਾਂਚਾਂ ਤੇ ਗ੍ਰਿਫਤਾਰੀਆਂ ਦਾ ਵੇਰਵਾ ਕੋਰਟ ਨੂੰ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ 2002 ਵਿੱਚ ਕਾਨੂੰਨ ਆਉਣ ਪਿੱਛੋਂਹਾਲੇ ਤਕ ਈ ਡੀ ਨੇ ਕੁੱਲ 4700 ਕੇਸਾਂ ਦੀ ਜਾਂਚ ਕੀਤੀ ਹੈ, ਪਰ ਗ੍ਰਿਫਤਾਰੀ ਸਿਰਫ 313 ਹੋਈ ਹੈ, ਕਿਉਂਕਿ ਕਾਨੂੰਨ ਦੇ ਸਖਤ ਸੇਫਗਾਰਡ ਹਨ।ਮਹਿਤਾ ਨੇ ਕਿਹਾ ਕਿ ਵਿਜੇ ਮਾ-ਲਿਆ, ਨੀਰਵ ਮੋਦੀ ਤੇ ਮੇਹੁਲ ਚੋਕਸੀ ਤੋਂ 18 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਅਤੇ ਇਹ ਰਕਮ ਬੈਂਕਾਂ ਨੂੰ ਵਾਪਸ ਕੀਤੀ ਗਈ ਹੈ। ਹਾਲੇ 67 ਹਜ਼ਾਰ ਕਰੋੜ ਦੀ ਜਾਇਦਾਦ ਦੇ ਮਨੀ ਲਾਂਡਰਿੰਗ ਦੇ ਕੇਸ ਸੁਪਰੀਮ ਕੋਰਟ ਵਿੱਚ ਪੈਂਡਿੰਗ ਹਨ।

## ਹਾਈ ਕੋਰਟ ਨੇ ਹਿਜਾਬ ਵਿਵਾਦ ਵਿੱਚ ਸੀ ਐਫ ਆਈ ਬਾਰੇ ਰਿਪੋਰਟ ਮੰਗੀ

ਬੰਗਲੌਰ, 24 ਫਰਵਰੀ (ਪੋਸਟ ਬਿਊਰੋ)- ਹਿਜਾਬ ਕੇਸ ਦੀ ਸੁਣਵਾਈ ਕਰ ਰਹੀ ਕਰਨਾਟਕ ਹਾਈ ਕੋਰਟ ਦੀ ਇੱਕ ਬੈਂਚ ਨੇ ਕੱਲ੍ਹ ਰਾਜ ਸਰਕਾਰ ਤੋਂ ਇਸ ਪੂਰੇ ਵਿਵਾਦ ਵਿੱਚ ਕੈਂਪਸ ਫਰੰਟ ਆਫ ਇੰਡੀਆ (ਸੀ ਐਫ ਆਈ) ਦੀ ਭੂਮਿਕਾਦੇ ਬਾਰੇ ਪੂਰੀ ਜਾਣਕਾਰੀ ਮੰਗੀ ਹੈ।

ਚੀਫ ਜਸਟਿਸ ਰਿਤੂ ਰਾਜ ਅਵਸਥੀ, ਜਸਟਿਸ ਜੇ ਐਸ ਖਜੀ ਅਤੇ ਜਸਟਿਸ ਕ੍ਰਿਸ਼ਨ ਐਸ ਦੀਕਸ਼ਿਤ ਦੀ ਬੈਂਚ ਨੂੰ ਸੀਨੀਅਰ ਵਕੀਲ ਐਸ ਐਸ ਨਾਗਨੰਦ ਨੇ ਦੱਸਿਆ ਕਿ ਸੀ ਐਫ ਆਈ ਨਾਲ ਜੁੜੀਆਂ ਕੁਝ ਵਿਦਿਆਰਥਣਾਂ ਨੇ ਹਿਜਾਬ ਵਿਵਾਦ ਸ਼ੁਰੂ ਕੀਤਾ ਸੀ। ਉਹ ਉਡੂਪੀ ਦੇ ਸਰਕਾਰੀ ਗਰਲਜ਼ ਪੀ ਯੂ ਕਾਲਜ (ਇੰਟਰ ਕਾਲਜ) ਦੇ ਪ੍ਰਿੰਸੀਪਲ ਨਾਲ ਪੇਸ਼ ਹੋਏ ਸਨ। ਇਸ ਉੱਤੇ ਚੀਫ ਜਸਟਿਸ ਨੇ ਜਾਨਣਾ ਚਾਹਿਆ ਕਿ ਸੀ ਐਫ ਆਈ ਕੀ ਹੈ ਅਤੇ ਇਸ ਸੰਸਥਾ ਦੀ ਭੂਮਿਕਾ ਕੀ ਸੀ। ਨਾਗਨੰਦ ਨੇ ਦੱਸਿਆ ਕਿ ਸੀ ਐਫ ਆਈ ਇੱਕ ਵਾਲੰਟਰੀ ਸੰਗਠਨ ਹੈ, ਜੋ ਕਲਾਸ ਵਿੱਚ ਹਿਜਾਬ ਪਹਿਨਣ ਦੀ ਮੰਗ ਕਰਦੀਆਂ ਵਿਦਿਆਰਥਣਾਂ ਦੇ ਸਮਰਥਨ ਵਿੱਚ ਇਸ ਰਾਜ ਵਿੱਚ ਵਿਰੋਧ ਕਰਵਾ ਰਿਹਾ ਹੈ। ਵਰਨਣ ਯੋਗ ਹੈ ਕਿ ਉਡੂਪੀ ਵਿੱਚ ਇੱਕ ਜਨਵਰੀ ਨੂੰ ਸੀ ਐਫ ਆਈ ਦੀ ਪ੍ਰੈੱਸ ਕਾਨਫਰੰਸ ਵਿੱਚ ਛੇ ਵਿਦਿਆਰਥਣਾਂ ਵੀ ਸ਼ਾਮਲ ਸਨ। ਕਲਾਸ ਵਿੱਚ ਹਿਜਾਬ ਪਹਿਨਣ ਦੀ ਇਜਾਜਤ ਮੰਗਣ ਵਾਲੀ ਪਟੀਸ਼ਨਕਰਤਾ ਦੇ ਵਕੀਲ ਮੁਹੰਮਦ ਤਾਹਿਰ ਨੂੰ ਚੀਫ ਜਸਟਿਸ ਰਿਤੂ ਰਾਜ ਅਵਸਥੀ ਨੇ ਕਿਹਾ, ''ਅਸੀਂ ਇਹ ਬਿਲਕੁਲ ਸਾਫ ਕਰ ਰਹੇ ਹਾਂ ਕਿ ਚਾਹੇ ਡਿਗਰੀ ਕਾਲਜ ਹੋਵੇ ਜਾਂ ਪੀ ਯੂ ਕਾਲਜ, ਜੇ ਉਥੇ ਕੋਈ ਯੂਨੀਫਾਰਮ ਤੈਅ ਹੈ ਤਾਂ ਇਸ ਮਾਮਲੇ ਦੇ ਲਟਕੇ ਰਹਿਣ ਤਕ ਉਸਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।''

## ਗੈਰ ਕਾਨੂੰਨੀ ਮਾਈਨਿੰਗ ਰੋਕਣ ਲਈ ਐਨ ਜੀ ਟੀ ਵੱਲੋਂ ਪੰਜਾਬ ਸਰਕਾਰ ਨੂੰ ਕਾਰਵਾਈ ਕਰਨ ਦੇ ਹੁਕਮ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਐਨ ਜੀ ਟੀ ਵੱਲੋਂ ਬਣਾਈ ਕਮੇਟੀ ਦੀ ਰਿਪੋਰਟ ਮੁਤਾਬਕ ਗੈਰ ਕਾਨੂੰਨੀ ਮਾਈਨਿੰਗ ਕਰਨ ਵਿਰੁੱਧ ਕਾਰਵਾਈ ਕੀਤੀ ਜਾਵੇ। ਇਸ ਕਾਰਵਾਈ ਕਰਨਾ ਸਰਕਾਰ ਲਈ ਜ਼ਰੂਰੀ ਹੋ ਗਿਆ ਹੈ।




ਵਰਨਣ ਯੋਗ ਹੈ ਕਿ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਗੈਰ ਕਾਨੂੰਨੀ ਮਾਈਨਿੰਗ ਕਾਰਨ ਵਾਤਾਵਰਣ ਦਾ ਨੁਕਸਾਨ ਹੋ ਰਿਹਾ ਹੈ। ਰਿਪੋਰਟ ਮੁਤਾਬਕ ਕਮੇਟੀ ਨੇ ਖੇਤਾਂ ਵਿੱਚੋਂ ਮਿੱਟੀ ਪੁੱਟਣ ਦਾ ਨੋਟਿਸ ਵੀ ਲਿਆ ਹੈ, ਜਿਸ ਦੀ ਵਰਤੋਂ ਖੇਤਾਂ ਨੂੰ ਲੈਵਲ ਕਰਨ ਲਈ ਹੋ ਰਹੀ ਹੈ। ਜਸਟਿਸ ਆਦਰਸ਼ ਕੁਮਾਰ ਗੋਇਲ ਦਾ ਬੈਂਚ ਚਨਾਰਥਲ ਨੇੜਲੇ ਪਿੰਡ ਭੱਲਮਾਜਰਾ ਵਿੱਚ ਗੈਰ ਕਾਨੂੰਨੀ ਮਾਈਨਿੰਗ ਦੀ ਸੁਣਵਾਈ ਕਰ ਰਿਹਾ ਸੀ, ਜੋ ਪ੍ਰਸ਼ਾਸਨ ਦੀ ਮਦਦ ਨਾਲ ਹੁੰਦੀ ਹੈ। ਇਸ ਰਿਪੋਰਟ ਮੁਤਾਬਕ ਮਾਈਨਿੰਗ ਵਿੱਚ ਭਾਰੇ ਟਿੱਪਰਾਂ, ਟਰੱਕਾਂ, ਜੇ ਸੀ ਬੀ ਮਸ਼ੀਨਾਂ ਅਤੇ ਕਰੇਨਾਂ ਦੀ ਵਰਤੋਂ ਹੋ ਰਹੀ ਹੈ। ਸ਼ਿਕਾਇਤ ਮਿਲਣ ਉੱਤੇ ਟ੍ਰਿਬਿਊਨਲ ਨੇ ਪਿਛਲੇ ਸਾਲ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਜਸਬੀਰ ਸਿੰਘ ਦੀ ਅਗਵਾਈ ਹੇਠ ਇੱਕ ਕਮੇਟੀ ਬਣਾਈ ਸੀ, ਜਿਸ ਨੇ ਉਨ੍ਹਾਂ ਪਿੰਡਾਂ ਦਾ ਦੌਰਾ ਕਰ ਕੇ ਖੇਤਾਂ ਵਿੱਚੋਂ ਮਿੱਟੀ ਪੁੱਟਣ ਤੇ ਮਾਇਨਿੰਗ ਦਾ ਜਾਇਜ਼ਾ ਲਿਆ ਸੀ। ਇਸ ਪਿੱਛੋਂ ਰਿਪੋਰਟ ਤਿਆਰ ਕੀਤੀ ਸੀ। ਕਮੇਟੀ ਨੇ ਕਿਹਾ ਕਿ ਭੱਲਮਾਜਰਾ ਅਤੇ ਸੁਹਾਗਖੇੜੀ ਵਿੱਚ ਇਸ ਜ਼ਮੀਨ ਦੇ ਮਾਲਕਾਂ ਵਿਰੁੱਧ ਕਾਰਵਾਈ ਕਰ ਕੇ ਮੁਆਵਜ਼ਾ ਲਆ ਜਾਵੇ। ਇਹ ਮਾਈਨਿੰਗ ਕਰੀਬ 5.5 ਏਕੜ ਵਿੱਚ ਚੱਲ ਰਹੀ ਸੀ। ਕਮੇਟੀ ਨੇ ਕਿਹਾ ਕਿ ਉਚੀ ਥਾਂ ਤੋਂ ਮਿੱਟੀ ਪੁੱਟ ਕੇ ਇਸ ਨੂੰ ਨੀਵੇਂ ਖੇਤਾਂ ਵਿੱਚ ਲੈਵਲ ਕਰਨ ਲਈ ਪਾਉਣ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

# ਮੁਸਲਿਮ ਲੜਕੀ ਵੱਲੋਂ ਚੈਲੇਂਜ, 'ਸਿੱਖਾਂ ਦੀ ਪੱਗ ਉਤਰਵਾ ਕੇ ਦਿਖਾਊ'

ਕਰਨਾਟਕ, 24 ਫਰਵਰੀ (ਪੋਸਟ ਬਿਊਰੋ)- ਸਥਾਨਕ ਕਾਲਜਾਂ ਵਿੱਚ ਬੁਰਕਾ ਪਾਉਣ ਉੱਤੇ ਪਾਬੰਦੀ ਲੱਗਣ ਨਾਲ ਸ਼ੁਰੂ ਹੋਇਆ ਵਿਵਾਦ ਪੂਰੇ ਭਾਰਤ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਹਰ ਨਾਗਰਿਕ ਦੇ ਮਨ ਵਿੱਚ ਇੱਕੋ ਸਵਾਲ ਹੈ ਕਿ ਕੀ ਸਾਨੂੰ ਆਪਣੇ ਧਰਮ ਮੁਤਾਬਕ ਚੱਲਣ ਦੀ ਇਜਾਜ਼ਤ ਵੀ ਨਹੀਂ ਰਹੀ? ਇਸ ਸਵਾਲ ਦਾ ਜਵਾਬ ਕਰਨਾਟਕ ਦੇ ਕਾਲਜਾਂ ਵਿੱਚ ਪੜ੍ਹਦੀਆਂ ਮੁਸਲਿਮ ਵਿਦਿਆਰਥਣਾਂ ਨੇ ਵੀ ਬਰਾਬਰ ਦਿੱਤਾ। ਉਸ ਵੇਲੇ ਜਦੋਂ ਉਹ ਭਗਵਾਂ ਕੱਪੜਾ ਪਾਈ ਨੌਜਵਾਨ ਮੁੰਡਿਆਂ ਦੇ ਸਾਹਮਣੇ ਆਪਣੇ ਹੱਕ ਲਈ ਡੱਟ ਗਈਆਂ।



ਇਹ ਵਿਵਾਦ ਓਦੋਂ ਵੱਧ ਗਿਆ ਜਦੋਂ ਕਰਨਾਟਕ ਹਾਈ ਕੋਰਟ ਨੇ ਅਗਲੇ ਹੁਕਮਾਂ ਤਕ ਹਿਜਾਬ ਨੂੰ ਯੂਨੀਫਾਰਮ ਦਾ ਹਿੱਸਾ ਰੱਖਣ ਉੱਤੇ ਰੋਕ ਲਾ ਦਿੱਤੀ। ਇਸ ਦੌਰਾਨ ਇੱਕ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਇੱਕ ਮੁਸਲਿਮ ਲੜਕੀ ਨੇ ਭਾਰਤ ਸਰਕਾਰ ਨੂੰ ਤਿੱਖੇ ਸਵਾਲ ਕਰਦਿਆਂ ਚੈਲਿੰਜ ਕਰ ਦਿੱਤਾ।ਉਸ ਵੀਡੀਓ ਵਿੱਚ ਮੁਸਲਿਮ ਲੜਕੀ ਨੇ ਕਿਹਾ ਕਿ ਜੇ ਸਰਕਾਰ ਵਿੱਚ ਇੰਨਾ ਦਮ ਅਤੇ ਹਿੰਮਤ ਹੈ ਤਾਂ ਸਿੱਖਾਂ ਦੀ ਪੱਗ ਉਤਰਵਾ ਕੇ ਦਿਖਾਵੇ ਤੇ ਜੇ ਉਹ ਕਾਮਯਾਬ ਹੋਈ ਤਾਂ ਉਹ ਵੀ ਆਪਣਾ ਹਿਜਾਬ ਉਤਾਰ ਦੇਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਕਾਲਜ ਜਾਂਦੇ ਹਾਂ ਤਾਂ ਉਥੇ ਭਗਵਾ ਕੱਪੜਾ ਪਾਈ ਨੌਜਵਾਨਾਂ ਨਾਹਰੇਬਾਜ਼ੀ ਕਰਦੇ ਹਨ ਕਿ 'ਹਿਜਾਬ ਰੱਖੋ ਜਾਂ ਕਿਤਾਬ ਰੱਖੋ', ਇਹ ਕਿੰਦਾਂ ਦਾ ਰਵੱਈਆ ਹੈ?

# ਸਿੱਖਸ ਫਾਰ ਜਸਟਿਸ ਨਾਲ ਜੁੜੇ ਹੋਏ ਪੰਜਾਬ ਪਾਲਿਟਿਕਸ ਟੀ ਵੀ ਦੇ ਡਿਜੀਟਲ ਸਰੋਤਾਂ ਉੱਤੇ ਪਾਬੰਦੀ ਲਾਗੂ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਪਾਬੰਦੀਸ਼ੁਦਾ ਖਾਲਿਸਤਾਨ ਪੱਖੀ ਸੰਸਥਾ ਸਿੱਖਸ ਫ਼ਾਰ ਜਸਟਿਸਨਾਲ ਜੁੜੇ ਐਪਾਂ ਅਤੇ ਵੈਬਸਾਈਟ ਨੂੰ ਬਲਾਕ ਕਰ ਦਿੱਤਾ ਹੈ।

ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਸੂਚਨਾ ਦੇ ਆਧਾਰ ਉੱਤੇ ਆਪਣੀਆਂ ਐਮਰਜੈਂਸੀ ਤਾਕਤਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਪਾਲਿ-ਟਿਕਸ ਟੀ ਵੀ ਦੇ ਐਪਸ, ਵੈਬਸਾਈਟ ਅਤੇ ਸੋਸ਼ਲ ਮੀਡੀਆ ਅਕਾਊਂਟਸ ਉੱਤੇ ਪਾਬੰਦੀ ਲਾਉਣ ਦਾ ਆਦੇਸ਼ ਦਿੱਤਾ ਹੈ। ਇਸ ਬਾਰੇ ਜਾਰੀ ਬਿਆਨ ਮੁਤਾਬਕ ਪੰਜਾਬ ਪਾਲਿਟਿਕਸ ਟੀ ਵੀ ਦੇ ਸਾਰੇ ਡਿਜੀਟਲ ਪਲੇਟਫਾਰਮਾਂਤੋਂ ਅਜਿਹੀ ਸਮੱਗਰੀ ਅਪਲੋਡ ਹੁੰਦੀ ਸੀ, ਜਿਨ੍ਹਾਂ ਨਾਲ ਫਿਰਕੂ ਹਿੰਸਾ, ਵੱਖਵਾਦ ਨੂੰ ਭੜਕਾਉਣ ਤੇ ਭਾਰਤ ਦੀ ਸੁਰੱਖਿਆ ਤੇ ਜਨਤਕ ਵਿਵਸਥਾ ਦੇ ਵਿਗੜਨ ਦੀ ਸੰਭਾਵਨਾ ਸੀ। ਵਰਨਣ ਯੋਗ ਹੈ ਕਿ ਐਸ ਐਫ਼ ਜੇ ਨੂੰ ਗ਼ੈਰ-ਕਾਨੂੰਨੀ ਕਾਰਵਾਈਆਂ ਤੋਂ ਬਚਾਅ ਦੇ ਕਾਨੂੰਨ (ਯੂ ਏ ਪੀ ਏ) 1967 ਹੇਠ ਗ਼ੈਰ-ਕਾਨੂੰਨੀ ਐਲਾਨਿਆ ਗਿਆ ਹੈ। ਇਸ ਜਥੇਬੰਦੀ ਐਸ ਐਫ਼ ਜੇ ਦੇ ਮੋਢੀ ਗੁਰਪਤਵੰਤ ਸਿੰਘ ਪੰਨੂੰ ਨੂੰ ਵੀ ਵੱਖਵਾਦ ਨੂੰ ਉਤਸ਼ਾਹਤ ਕਰਨ ਲਈ ਯੂ ਏ ਪੀ ਏ ਹੇਠ ਅੱਤਵਾਦੀ ਐਲਾਨਿਆ ਗਿਆ ਸੀ। ਪਤਾ ਲੱਗਾ ਹੈ ਕਿ ਇਸ ਚੈਨਲ ਨੇ ਆਨਲਾਈਨ ਮੀਡੀਆ ਦੀ ਵਰਤੋਂ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ। ਬਲਾਕ ਕੀਤੇ ਗਏ ਐਪਾਂ, ਵੈਬਸਾਈਟਾਂ ਤੇ ਸੋਸ਼ਲ ਮੀਡੀਆ ਅਕਾਊਂਟਸ ਵਿੱਚ ਫ਼ਿਰਕੂ ਹਿੰਸਾ ਤੇ ਵੱਖਵਾਦ ਨੂੰ ਉਤਸ਼ਾਹਿਤ ਕਰਨ ਦੀ ਸਮੱਗਰੀ ਹੈ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ, ਰਾਜਾਂ ਦੀ ਸੁਰੱਖਿਆ ਤੇ ਕਾਨੂੰਨ ਵਿਵਸਥਾ ਨੂੰ ਢਾਹ ਲੱਗ ਸਕਦੀ ਹੈ। ਭਾਰਤ ਸਰਕਾਰ ਨੇ ਐਸ ਐਫ਼ ਜੇ ਉੱਤੇ ਜਨਵਰੀ 2019 ਵਿੱਚ ਪਾਬੰਦੀ ਲਾਈ ਸੀ। ਸਰਕਾਰ ਦੇ ਇਸ ਆਦੇਸ਼ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ। ਟ੍ਰਿਬਿਊਨਲ ਵੱਲੋਂ 2020 ਵਿੱਚ ਪਾਬੰਦੀ ਕਾਇਮ ਰੱਖੀ ਸੀ। ਸਰਕਾਰ ਵੱਲੋਂ 26 ਮਈ, 2021 ਨੂੰ ਨਵੇਂ ਆਈ ਟੀ ਨਿਯਮ ਲਾਗੂ ਕੀਤੇ ਗਏ ਸਨ। ਜਿਨ੍ਹਾਂ ਦੀ ਵਰਤੋਂ ਕਰਦਿਆਂ ਪਹਿਲਾਂ 20 ਯੂ-ਟਿਊਬ ਚੈਨਲਾਂ ਅਤੇ ਦੋ ਵੈਬਸਾਈਟਾਂ ਉੱਤੇ ਅਤੇ ਉਸ ਤੋਂ ਬਾਅਦ 35 ਹੋਰ ਯੂ-ਟਿਊਬ ਚੈਨਲਾਂ ਉੱਤੇ ਪਾਬੰਦੀ ਲਗਾ ਦਿੱਤੀ ਸੀ।

# ਕਰਨਾਟਕ ਵਿੱਚ ਬਜਰੰਗ ਦਲ ਵਰਕਰ ਦਾ ਕਤਲ ਹੋਣ ਪਿੱਛੋਂ ਇਲਾਕੇ ਵਿੱਚ ਤਣਾਅ

* ਘਟਨਾ ਦਾ ਸੰਬੰਧ ਹਿਜਾਬ ਮਾਮਲੇ ਨਾਲ ਜੋੜਿਆ ਜਾਣ ਲੱਗਾ

ਬੈਂਗਲੂਰੂ, 24 ਫਰਵਰੀ, (ਪੋਸਟ ਬਿਊਰੋ)- ਹਿਜਾਬ ਵਿਵਾਦ ਦੇ ਦੌਰਾਨ ਕਰਨਾਟਕ ਦੇ ਸ਼ਿਵਮੋਗਾ ਕਸਬੇ ਵਿੱਚ ਤਣਾਅ ਬਣਿਆ ਹੋਇਆ ਹੈਅਤੇ ਏ ਬਜਰੰਗ ਦਲ ਦੇ ਵਰਕਰ ਦਾ ਕਤਲ ਹੋਣ ਤੋਂ ਬਾਅਦ ਤਣਾਅ ਹੋਰ ਵੀ ਵਧ ਗਿਆ ਤੇ ਕਈ ਥਾਈਂ ਪੱਥਰਬਾਜ਼ੀ ਵੀ ਹੋਈ ਹੈ। ਇਸ ਦੇ ਬਾਅਦ ਪ੍ਰਸ਼ਾਸਨ ਨੇ ਚੌਕਸੀ ਵਜੋਂ ਧਾਰਾ 144 ਲਾਗੂ ਕਰ ਕੇ ਕਤਲ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਬਣਾ ਦਿੱਤੀ ਹੈ। ਇਸ ਕੇਸ ਵਿੱਚਸ਼ੱਕ ਕੀਤਾ ਜਾਂਦਾ ਹੈ ਕਿ ਬਜਰੰਗ ਦਲ ਦੇ ਕਾਰਕੁਨ ਦੀ ਹੱਤਿਆ ਦਾ ਕਾਰਨ ਹਿਜਾਬ ਵਿਵਾਦ ਹੋ ਸਕਦਾ ਹੈ,ਪਰ ਕਰਨਾਟਕ ਦੇ ਇੱਕ ਮੰਤਰੀ ਨੇ ਇਸ ਤੋਂ ਇਨਕਾਰ ਕੀਤਾ ਹੈ। ਫਿਰ ਵੀ ਸ਼ਹਿਰ ਦੇ ਸਾਰੇ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਗਏ ਹਨ।



ਤਣਾਅ ਵਾਲੇ ਇਸ ਮਾਹੌਲ ਦੇ ਦੌਰਾਨ ਕਰਨਾਟਕ ਦੇ ਮੰਤਰੀ ਕੇਐਸ ਈਸ਼ਵਰੱਪਾ ਨੇ ਕਿਹਾ, 'ਬਜਰੰਗ ਦਲ ਦੇ ਵਰਕਰ ਦੇ ਕਤਲ ਤੋਂ ਬਹੁਤ ਦੁਖੀ ਹਾਂ, ਉਸ ਨੂੰ ਮੁਸਲਿਮ ਗੁੰਡਿਆਂ ਨੇ ਮਾਰਿਆ ਸੀ, ਮੈਂ ਸਥਿਤੀ ਦਾ ਜਾਇਜ਼ਾ ਲੈਣ ਲਈ ਸ਼ਿਵਮੋਗਾ ਜਾ ਰਿਹਾ ਹਾਂ ਅਤੇ ਅਸੀਂ ਗੁੰਡਾਗਰਦੀ ਨਹੀਂ ਹੋਣ ਦੇਵਾਂਗੇ।' ਵਰਨਣ ਯੋਗ ਹੈ ਕਿ ਬਜਰੰਗ ਦਲ ਦੇ 23 ਸਾਲਾ ਵਰਕਰ ਹਰਸ਼ ਨੂੰ ਐਤਵਾਰ ਦੀ ਰਾਤ ਚਾਕੂ ਮਾਰੇ ਗਏ ਸਨ। ਉਸ ਨੂੰ ਜ਼ਖਮੀ ਹਾਲਤ ਵਿੱਚ ਮੈਕਗਨ ਜ਼ਿਲਾ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਸੀ।

ਕਰਨਾਟਕ ਦੇ ਗ੍ਰਹਿ ਮੰਤਰੀ ਅਰਾਗਾ ਗਿਆਨੇਂਦਰ ਦੇ ਮੁਤਾਬਕ ਇਸ ਰਾਜਵਿੱਚ ਚੱਲਦੇ ਹਿਜਾਬ ਵਾਲੇ ਵਿਵਾਦ ਨਾਲ ਇਸ ਕਤਲ ਦਾ ਕੋਈ ਲੈਣਾ-ਦੇਣਾ ਨਹੀਂ,ਪਰ ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਸਿੱਟੇ ਉੱਤੇ ਪੁੱਜਣ ਤੋਂ ਪਹਿਲਾਂ ਹੋਰ ਜਾਂਚ ਦੀ ਉਡੀਕ ਕਰਨੀ ਪਵੇਗੀ। ਅਰਾਗਾ ਗਿਆਨੇਂਦਰ ਨੇ ਪੀੜਤ ਪਰਿਵਾਰ ਨੂੰ ਮਿਲਣ ਮਗਰੋਂ ਕਿਹਾ, 'ਪੁਲਿਸ ਨੂੰ ਕੁਝ ਸੁਰਾਗ ਮਿਲੇ ਹਨ,ਛੇਤੀ ਹੀ ਦੋਸ਼ੀ ਗ੍ਰਿਫਤਾਰ ਕਰ ਲਵਾਂਗੇ।' ਉਨ੍ਹਾਂ ਨੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰ ਕੇ ਕਿਹਾ, 'ਅਸੀਂ ਅਜੇ ਤਕ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲਾ ਸਕੇ।' ਸ਼ਿਵਮੋਗਾ ਵਿੱਚ ਰਿਜ਼ਰਵ ਪੁਲਿਸ ਤਾਇਨਾਤ ਕੀਤੀ ਜਾ ਰਹੀ ਹੈ, ਕਤਲ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਈ ਹੈ ਅਤੇ ਰੈਪਿਡ ਐਕਸ਼ਨ ਫੋਰਸ ਦੇ ਜਵਾਨ ਲਾਏ ਹਨ।ਜਾਣਕਾਰ ਸੂਤਰਾਂ ਮੁਤਾਬਕ ਅੱਜ ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੂੰ ਗ੍ਰਹਿ ਮੰਤਰੀ ਗਿਆਨੇਂਦਰ ਨੇ ਦੱਸਿਆ ਹੈ ਕਿ ਇਸ ਨੌਜਵਾਨ ਵਰਕਰ ਦੀ ਹੱਤਿਆਵਿੱਚ 4-5 ਲੋਕ ਸ਼ਾਮਲ ਹੋ ਸਕਦੇ ਹਨ।

## ਚਾਰਾ ਘੁਟਾਲੇ ਦੇ ਇੱਕ ਹੋਰ ਕੇਸ ਵਿੱਚ ਲਾਲੂ ਯਾਦਵ ਨੂੰ 5 ਸਾਲ ਸਜ਼ਾ, 60 ਲੱਖ ਜੁਰਮਾਨਾ

ਰਾਂਚੀ, 24 ਫਰਵਰੀ, (ਪੋਸਟ ਬਿਊਰੋ)- ਝਾਰਖੰਡ ਦੀ ਰਾਜਧਾਨੀ ਰਾਂਚੀ ਵਿੱਚ ਚਾਰਾ ਘੋਟਾਲੇ ਦੇ ਸਭ ਤੋਂ ਵੱਡੇ ਦੋਰਾਂਡਾ ਖਜ਼ਾਨਾ ਕੇਸ ਵਿੱਚ ਰਾਸ਼ਟਰੀ ਜਨਤਾ ਦਲ ਦੇ ਮੁਖੀਲਾਲੂ ਪ੍ਰਸਾਦ ਯਾਦਵ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ ਤੇ ਇਸ ਦੇ ਨਾਲ ਉਸ ਉੱਤੇ 60 ਲੱਖ ਰੁਪਏ ਜੁਰਮਾਨਾ ਵੀ ਲਾਇਆ ਗਿਆ ਹੈ। ਇਸ ਦਾ ਐਲਾਨ ਅੱਜ ਸੋਮਵਾਰ ਦੁਪਹਿਰ ਬਾਅਦ ਕੀਤਾ ਗਿਆ। ਚਾਰਾ ਘੁਟਾਲੇ ਦੇ ਇਸ ਵੱਡੇ ਕੇਸ ਵਿੱਚਲਾਲੂ ਯਾਦਵ ਦੇ ਨਾਲ 37 ਹੋਰ ਦੋਸ਼ੀਆਂ ਨੂੰ ਸਜ਼ਾ ਹੋਈ ਹੈ। ਕੇਸ ਦੀ ਸੁਣਵਾਈ ਤੋਂ ਪਹਿਲਾਂ ਸੀਬੀਆਈ ਕੋਰਟ ਵਿੱਚਲਾਲੂ ਪ੍ਰਸਾਦ ਯਾਦਵ ਰਾਂਚੀ ਮੈਡੀਕਲ ਇੰਸਟੀਚਿਊਟ(ਰਿਮਸ) ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤੇ ਗਏ ਸਨ।



ਲਾਲੂ ਪ੍ਰਸਾਦ ਯਾਦਵ ਹਾਲੇ ਜੇਲ ਨਹੀਂ ਜਾਣਗੇ, ਉਨ੍ਹਾਂ ਦਾ ਰਾਂਚੀ ਦੇ ਰਿਮਸ ਵਿੱਚ ਇਲਾਜ ਚੱਲਦਾ ਹੈ ਤੇ ਉਨ੍ਹਾਂ ਦੀ ਸਿਹਤ ਨੂੰ ਦੇਖ ਕੇ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਉਥੇ ਹੀ ਰੱਖਿਆ ਜਾਵੇਗਾ। ਸਜ਼ਾ ਦੇ ਐਲਾਨ ਪਿੱਛੋਂਲਾਲੂ ਦੇ ਵਕੀਲ ਨੇ ਦੱਸਿਆ ਕਿ ਇਸ ਕੇਸ ਵਿੱਚਲਾਲੂ ਯਾਦਵ ਲਗਭਗ ਅੱਧੀ ਸਜ਼ਾ ਯਾਨੀ 2.5 ਸਾਲ ਕੱਟ ਚੁੱਕੇ ਹਨ, ਇਸ ਲਈ ਉਹ ਅਦਾਲਤ ਵਿੱਚ ਅਪੀਲ ਕਰੇਗਾ ਕਿ ਅੱਧੀ ਸਜ਼ਾ ਪੂਰੀ ਹੋਣ ਦਿੱਤੀ ਜਾਵੇ।ਲਾਲੂ ਪ੍ਰਸਾਦ ਯਾਦਵ ਨੂੰ ਅੱਜ ਸਜ਼ਾ ਦੇ ਐਲਾਨ ਤੋਂ ਪਹਿਲਾਂ ਰਿਮਸ ਤੇ ਝਾਰਖੰਡ ਹਾਈਕੋਰਟ ਦੇ ਬਾਹਰ ਰਾਸ਼ਟਰੀ ਜਨਤਾ ਦਲ ਦੇ ਨੇਤਾਵਾਂ ਤੇ ਸਮਰਥਕਾਂ ਦੀ ਭਾਰੀ ਭੀੜ ਸੀਅਤੇਉਹਆਸ ਕਰਦੇ ਸਨ ਕਿ ਲਾਲੂ ਦੀ ਸਿਹਤ ਖ਼ਰਾਬ ਅਤੇ ਕਈ ਬਿਮਾਰੀਆਂ ਹੋਣ ਕਾਰਨ ਉਨ੍ਹਾਂ ਨੂੰ ਘੱਟ ਤੋਂ ਘੱਟ ਸਜ਼ਾ ਹੋਣੀ ਚਾਹੀਦੀ ਹੈ,ਪਰ 5 ਸਾਲ ਦੀ ਸਜ਼ਾ ਸੁਣਨ ਤੋਂ ਬਾਅਦ ਲਾਲੂ ਪ੍ਰਸਾਦ ਯਾਦਵ ਨਿਰਾਸ਼ ਦਿਖਾਈ ਦਿੱਤੇ ਹਨ।

## ਲਖੀਮਪੁਰ ਖੀਰੀ ਕੇਸ ਵਿਚ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਵੱਲੋਂ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਨੂੰ ਚੁਣੌਤੀ

ਨਵੀਂ ਦਿੱਲੀ, 24 ਫਰਵਰੀ, (ਪੋਸਟ ਬਿਊਰੋ)- ਪਿਛਲੇ ਸਾਲ ਤਿੰਨ ਅਕਤੂਬਰ ਨੂੰ ਉੱਤਰ ਪ੍ਰਦੇਸ਼ ਵਿੱਚ ਲਖੀਮਪੁਰ ਖੀਰੀ ਵਿੱਚਚਾਰ ਕਿਸਾਨਾਂ ਨੂੰ ਕਾਰ ਹੇਠ ਕੁਚਲ ਕੇ ਮਾਰਨ ਦੇ ਦੋਸ਼ੀ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਦੇਵਿਰੁੱਧ ਸੁਪਰੀਮ ਕੋਰਟ ਵਿੱਚ ਇੱਕ ਹੋਰ ਪਟੀਸ਼ਨ ਦਾਇਰ ਹੋਈ ਹੈ। ਇਸ ਘਟਨਾ ਵਿੱਚ 8 ਲੋਕਾਂ ਦੀ ਮੌਤ ਹੋ ਗਈ ਸੀ।



ਭਾਰਤ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੇ ਵਿਰੁੱਧ ਇਹ ਪਟੀਸ਼ਨ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਦਾਇਰ ਕੀਤੀ ਹੈ, ਜਿਸ ਵਿੱਚ ਉਨ੍ਹਾਂ ਕਿਹਾ ਕਿ ਹਾਈਕੋਰਟ ਨੇ ਦੋਸ਼ੀ ਨੂੰ ਜ਼ਮਾਨਤ ਦਿੰਦੇ ਸਮੇਂ ਅਪਰਾਧ ਦੀ ਗੰਭੀਰਤਾ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾ ਕਿਹਾ ਕਿ ਰਾਜ ਸਰਕਾਰ ਨੂੰ ਇਸ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਕਰਨੀ ਚਾਹੀਦੀ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਇਸ ਤੋਂ ਪਹਿਲਾਂ ਵਕੀਲ ਸ਼ਿਵ ਕੁਮਾਰ ਤ੍ਰਿਪਾਠੀ ਤੇ ਸੀਐਸ ਪਾਂਡਾ ਨੇ 17 ਫਰਵਰੀ ਨੂੰ ਇਸ ਜ਼ਮਾਨਤ ਦੇ ਵਿਰੁੱਧ ਪਟੀਸ਼ਨਾਂ ਦਾਇਰ ਕੀਤੀਆਂ ਸਨ। ਅਸ਼ੀਸ਼ ਮਿਸ਼ਰਾ ਨੂੰ ਇਲਾਹਾ-ਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ 10 ਫਰਵਰੀ ਨੂੰ ਜ਼ਮਾਨਤ ਦਿੱਤੀ ਸੀ।

3 ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਵਿੱਚ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਉੱਤੇ ਕਾਰ ਚੜ੍ਹਾ ਦਿੱਤੀ ਗਈ ਸੀ,ਜਿਸ ਕਾਰਨ ਕੁਝ ਕਿਸਾਨਾਂ ਤੇ ਸਥਾਨਕ ਪੱਤਰਕਾਰ ਰਮਨ ਕਸ਼ਯਪ ਦੀ ਮੌਤ ਹੋ ਗਈ ਸੀ। ਇਸ ਕਾਰਨ ਗੁੱਸੇ ਵਿੱਚ ਆਏ ਕਿਸਾਨਾਂ ਦੀ ਕੁੱਟਮਾਰ ਵਿੱਚਤਿੰਨ ਭਾਜਪਾ ਵਰਕਰਾਂ ਦੀ ਵੀ ਮੌਤ ਹੋ ਗਈ ਸੀ।

ਐਡਵੋਕੇਟ ਸ਼ਿਵ ਕੁਮਾਰ ਤ੍ਰਿਪਾਠੀ ਨੇ ਚੀਫ਼ ਜਸਟਿਸ ਐਨਵੀ ਰਾਮੰਨਾ ਨੂੰ ਪੱਤਰ ਭੇਜ ਕੇ ਇਸ ਘਟਨਾ ਦੇ ਬਾਰੇ ਜਾਣਕਾਰੀ ਦਿੱਤੀ ਸੀ, ਜਿਸ ਦਾ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ 17 ਨਵੰਬਰ ਨੂੰ ਸੁਣਵਾਈ ਵੇਲੇ ਹੁਕਮ ਦਿੱਤਾ ਸੀਅਤੇ ਇਸੇ ਤਹਿਤ ਸੁਪਰੀਮ ਕੋਰਟ ਨੇ ਜਾਂਚ ਲਈ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਬਣਾਈ ਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਕੇਸ਼ ਕੁਮਾਰ ਜੈਨ ਨੂੰ ਜਾਂਚ ਦੀ ਨਿਗਰਾਨੀ ਦਾਜ਼ਿੰਮਾ ਸੌਂਪਿਆ ਸੀ।

ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਵਿਰੁੱਧ ਨਵੀਂ ਪਟੀਸ਼ਨ ਦਾਇਰ ਕਰਦਿਆਂ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਹੈ ਕਿ ਹਾਈ ਕੋਰਟ ਨੇ ਜ਼ਮਾਨਤ ਦਿੰਦੇ ਸਮੇਂ ਅਪਰਾਧ ਦੀ ਗੰਭੀਰਤਾ ਦਾ ਧਿਆਨ ਨਹੀਂ ਰੱਖਿਆ ਤੇ ਰਾਜ ਸਰਕਾਰ ਨੂੰ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕਰਨੀ ਚਾਹੀਦੀ ਸੀ, ਪਰ ਉਸਨੇ ਅਜਿਹਾ ਨਹੀਂ ਕੀਤਾ।



# ਬ੍ਰਿਟਨੀ ਸਪੀਅਰਸ ਵੱਲੋਂ ਡੇਢ ਕਰੋੜ ਡਾਲਰ ਦੀ ਇਤਿਹਾਸਕ ਡੀਲ

### * ਦੁਨੀਆ ਦੇ ਸਾਹਮਣੇ ਜ਼ਿੰਦਗੀ ਦੇ ਡੂੰਘੇ ਰਾਜ਼ ਖੋਲ੍ਹੇਗੀ

ਲਾਸ ਏਂਜਲਸ, 24 ਫਰਵਰੀ (ਪੋਸਟ ਬਿਊਰੋ)- ਪੌਪ ਸਟਾਰ ਬ੍ਰਿਟਨੀ ਸਪੀਅਰਸ ਇੱਕ ਵਾਰ ਫਿਰ ਚਰਚਾਵਿੱਚ ਹੈ। ਹਾਲੀਵੁੱਡ ਦੀ ਮੋਸਟ ਫੇਮਸ ਗਾਇਕਾ ਬ੍ਰਿਟੀਅਨ ਸਪੀਅਰ ਇੱਕ ਲੇਖਕ ਬਣਨ ਜਾ ਰਹੀ ਹੈ।



ਤਾਜ਼ਾ ਰਿਪੋਰਟ ਦੇ ਮੁਤਾਬਕ ਪੌਪ ਸਟਾਰ ਬ੍ਰਿਟਨੀ ਸਪੀਅਰਸ ਨੇ ਪਬਲਿਸ਼ਿੰਗ ਦੇ ਸਾਈਮਨ ਐਂਡ ਸਸਟਰ ਨਾਲ ਇੱਕ ਕਿਤਾਬ ਲਈ ਇਤਿਹਾਸਕ ਡੀਲ ਸਾਈਨ ਕੀਤੀ ਹੈ, ਜਿਸ ਵਿੱਚ ਉਹ ਆਪਣੀ ਜ਼ਿੰਦਗੀ ਨੂੰ ਦੁਨੀਆ ਸਾਹਮਣੇ ਪੇਸ਼ ਕਰੇਗੀ।ਪੀਪਲ ਮੈਗਜ਼ੀਨ ਦੀ ਰਿਪੋਰਟ ਮੁਤਾਬਕ ਬ੍ਰਿਟਨੀ ਨੇ ਕਿਤਾਬ ਲਈ 15 ਮਿਲੀਅਨ ਡਾਲਰ ਵਿੱਚ ਡੀਲ ਫਾਈਨਲ ਕੀਤੀ ਹੈ। ਸਾਈਮਨ ਐਂਡ ਸਸਟਰ ਨੇ ਬ੍ਰਿਟਨੀ ਸਪੀਅਰ ਦੀ ਜ਼ਿੰਦਗੀ ਉਤੇ ਲਿਖੀ ਜਾਣ ਵਾਲੀ ਕਿਤਾਬ ਦੇ ਲਈ ਆਪਣੇ ਰਾਈਟਸ ਲੈ ਲਏ ਹਨ। ਇਸ ਵਿੱਚ ਬ੍ਰਿਟਨੀ ਸਪੀਅਰਸ ਦੇ ਕੈਰੀਅਰ, ਰਿਲੇਸ਼ਨਸ਼ਿਪ ਅਤੇ ਕੰਜ਼ਰਵੇਟਰਸ਼ਿਪ ਦੇ ਦੌਰਾਨ ਗਾਇਕਾ ਦੀ ਲਾਈਫ ਵਿੱਚ ਆਏ ਉਤਾਰ-ਚੜ੍ਹਾਅ ਦਾ ਜ਼ਿਕਰ ਕੀਤਾ ਜਾਏਗਾ।ਪੇਜ ਸਿਕਸ ਦੇ ਇੱਕ ਸੂਤਰ ਨੇ ਦੱਸਿਆ ਕਿ ਬ੍ਰਿਟਨੀ ਸਪੀਅਰਸ ਦੀ ਜ਼ਿੰਦਗੀ ਉੱਤੇ ਆਧਾਰਤ ਇਹ ਕਿਤਾਬ ਅੱਜ ਤਕ ਦੀ ਸਭ ਤੋਂ ਮਹਿੰਗੀ ਕਿਤਾਬ ਹੋਵੇਗੀ। ਬ੍ਰਿਟਨੀ ਵੀ ਆਪਣੀ ਕਹਾਣੀ ਨੂੰ ਦੁਨੀਆ ਦੇ ਸਾਹਮਣੇ ਰੱਖਣ ਲਈ ਕਾਫੀ ਜ਼ਿਆਦਾ ਐਕਸਾਈਟਿਡ ਹੈ।

# ਭਾਰਤੀਆਂ ਨਾਲ ਆਨਲਾਈਨ ਧੋਖਾਧੜੀ ਦਾ ਨੇਪਾਲ ਪੁਲਸ ਵੱਲੋਂ ਪਰਦਾਫਾਸ਼

### * ਦੋ ਚੀਨੀ ਤੇ 100 ਤੋਂ ਵੱਧ ਨੇਪਾਲੀ ਗ੍ਰਿਫਤਾਰ

ਕਾਠਮੰਡੂ, 24 ਫਰਵਰੀ (ਪੋਸਟ ਬਿਊਰੋ)- ਭਾਰਤੀਆਂ ਨਾਲ ਕਰਜ਼ਾ ਯੋਜਨਾ ਦੇ ਨਾਂਅ ਉੱਤੇ ਆਨਲਾਈਨ ਧੋਖਾਧੜੀ ਦੇ ਦੋਸ਼ ਵਿੱਚ ਨੇਪਾਲ ਪੁਲਸ ਨੇ ਦੋ ਚੀਨੀਆਂ ਅਤੇ ਸੌ ਤੋਂ ਵੱਧ ਨੇਪਾਲੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ।



ਇਸ ਸੰਬੰਧ ਵਿੱਚ ਨੇਪਾਲ ਦੀ ਪੁਲਸ ਨੇ ਦੱਸਿਆ ਕਿ ਧੋਖਾਧੜੀ ਕਰਨ ਵਾਲੀਆਂ ਸਾਈਬਰ ਸਰਗਰਮੀਆਂ ਦੇ ਕੇਸ ਵਿੱਚ ਸੋਮਵਾਰ ਅਤੇ ਮੰਗਲਵਾਰ ਨੂੰ ਕਾਠਮੰਡੂ ਅਤੇ ਭਕਤਾਪੁਰ ਜ਼ਿਲ੍ਹਿਆਂ ਵਿੱਚ ਮਾਰੇ ਦੋ ਵੱਖ-ਵੱਖ ਛਾਪਿਆਂ ਦੌਰਾਨ ਦੋ ਚੀਨੀ ਅਤੇ 115 ਨੇਪਾਲੀ ਨਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਕਾਠਮੰਡੂ ਮੈਟਰੋਪਾਲੀਟਨ ਪੁਲਸ ਨੇ ਸੋਮਵਾਰ ਰਾਤ ਪਹਿਲੇ ਛਾਪੇ ਵਿੱਚ ਇੱਕ ਚੀਨੀ ਨਾਗਰਿਕ ਸਣੇ ਸੈਂਤੀ ਜਣਿਆਂ ਦੇ ਗਰੁੱਪ ਨੂੰ ਓਲਡ ਬਾਨੇਸ਼ਵਰ ਵਿੱਚੋਂ ਹਿਰਾਸਤ ਵਿੱਚ ਲਿਆ।ਨੇਪਾਲੀ ਪੁਲਸ ਦੇ ਮੁਤਾ-ਬਕ ਚੀਨੀ ਨਾਗਰਿਕ ਦੀ ਪਛਾਣ ਚੇਂਗ ਹੂ ਬਾਓ ਵਜੋਂ ਹੋਈ ਹੈ ਅਤੇ ਉਹ ਨੇਪਾਲੀ ਨੌਜਵਾਨਾਂ ਦੀ ਮਦਦ ਨਾਲ ਗੈਰ ਕਾਨੂੰਨੀ ਕਾਰੋਬਾਰ ਰਾਹੀਂ ਭਾਰਤੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦਾ ਸੀ। ਉਨ੍ਹਾਂ ਨੇ ਨੇਪਾਲੀ ਰਾਜਧਾਨੀ ਵਿੱਚ ਕਾਰੋਬਾਰੀ ਘਰਾਣਿਆਂ ਨੂੰ ਆਈ ਟੀ ਸੇਵਾਵਾਂ ਦੇਣ ਲਈ ਬਾਕ-ਾਇਦਾ ਲੇਵਾਨ ਗਰੁੱਪ ਨਾਂਅ ਦੀ ਕੰਪਨੀ ਰਜਿਸਟਰ ਕਰਵਾ ਰੱਖੀ ਸੀ। ਕਾਠਮੰਡੂ ਤੋਂ 23 ਲੜਕੇ ਅਤੇ 13 ਕੁੜੀਆਂ ਗ੍ਰਿਫਤਾਰ ਕੀਤੀਆਂ ਗਈਆਂ ਸਨ।

ਇਸ ਪਿੱਛੋਂ ਪੁਲਸ ਨੇ ਭਕਤਾਪੁਰ ਜ਼ਿਲ੍ਹੇ ਦੀ ਸਾਨੋ ਥੀਮੀ ਨਗਰ ਪਾਲਿਕਾ ਵਿੱਚ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇੱਥੇ ਤਿੰਨ ਮੰਜ਼ਿਲਾ ਦਫਤਰੀ ਇਮਾਰਤ ਵਿੱਚ ਮਾਰੇ ਗਏ ਦੂਜੇ ਛਾਪੇ ਦੌਰਾਨ ਚੀਨੀ ਨਾਗਰਿਕ ਵਾਂਗ ਜ਼ਿਨਾਓ ਸਣੇ ਅੱਸੀ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚ 47 ਲੜਕੀਆਂ ਅਤੇ 32 ਲੜਕੇ ਸ਼ਾਮਲ ਸਨ। ਪੁਲਸ ਨੇ ਦਫਤਰ ਵਿੱਚੋਂ 48 ਲੈਪਟਾਪ ਅਤੇ 14 ਕੰਪਿਊਟਰ ਜ਼ਬਤ ਕੀਤੇ ਹਨ।

# ਪਹਿਲੀ ਵਾਰ ਮੈਡੀਕਲ ਦਾਖਲਾ ਪ੍ਰੀਖਿਆ ਵਿੱਚ ਪੁਰਸ਼ਾਂ ਉੱਤੇ ਔਰਤਾਂ ਭਾਰੂ

ਟੋਕੀਓ, 24 ਫਰਵਰੀ (ਪੋਸਟ ਬਿਊਰੋ)- ਜਾਪਾਨ ਦੇ ਮੈਡੀਕਲ ਸਕੂਲਾਂ ਦੇਦਾਖਲਾਟੈਸਟ ਵਿੱਚ ਪਹਿਲੀ ਵਾਰ ਔਰਤਾਂ ਨੇ ਪੁਰਸ਼ਾਂ ਨੂੰ ਪਿੱਛੇ ਛੱਡ ਦਿੱਤਾ ਹੈ। ਪੁਰਸ਼ ਪ੍ਰਧਾਨ ਮਾਨਸਿਕਤਾ ਕਾਰਨ ਬੀਤੇ ਸਾਲ ਤਕ ਔਰਤਾਂ ਨੂੰ ਸੋਚੇ-ਸਮਝੇ ਤਰੀਕੇ ਨਾਲ ਫੇਲ ਕਰ ਦਿਤਾ ਜਾਂਦਾ ਸੀ। ਇਸ ਗੜਬੜ ਦਾ ਖੁਲਾਸਾ ਉਦੋਂ ਹੋਇਆ, ਜਦ ਜਪਾਨ ਦੇ ਉਚ ਸਿੱਖਿਆ ਮੰਤਰੀ ਉਤੇ ਦੋਸ਼ ਲੱਗੇ ਕਿ ਉਨ੍ਹਾਂ ਨੇ ਟੋਕੀਓ ਯੂਨੀਵਰਸਿਟੀ ਵਿੱਚ ਸਿਫਾਰਸ਼ ਕਰ ਕੇ ਆਪਣੇ ਪੁੱਤਰ ਦਾ ਦਾਖਲਾ ਕਰਵਾ ਲਿਆ ਹੈ। ਇਸ ਤੋਂ ਪਹਿਲਾਂ ਇੱਕ ਉਮੀਦਵਾਰ ਦਾ ਨਾਂਅ ਦਾਖਲਾ ਸੂਚੀ ਵਿੱਚੋਂ ਕੱਟ ਦਿੱਤਾ ਗਿਆ ਸੀ। ਇਸ ਦੇ ਬਾਅਦ ਦੇਸ਼ ਦੇ 10 ਪ੍ਰਸਿੱਧ ਮੈਡੀਕਲ ਸਕੂਲਾਂ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਨੇ ਪੁਰਸ਼ ਉਮੀਦਵਾਰਾਂ ਨੂੰ ਜ਼ਿਆਦਾ ਦਾਖਲਾ ਦੇਣ ਲਈ ਔਰਤ ਉਮੀਦਵਾਰਾਂ ਨਾਲ ਵਿਤਕਰਾ ਕੀਤਾ ਹੈ। ਇਸ ਨਾਲ ਵਿਵਾਦ ਛਿੜ ਸਕਦਾ ਹੈ।

ਅਸਲ ਵਿੱਚ 2013 ਤੋਂ ਜਾਪਾਨ ਦੇ ਸਿੱਖਿਆ ਮੰਤਰਾਲੇ ਨੇ ਇਸ ਦਾਖਲਾ ਪ੍ਰੀਖਿਆ ਦਾ ਰਿਕਾਰਡ ਰੱਖਣਾ ਸ਼ੁਰੂ ਕੀਤਾ ਸੀ। ਪਿਛਲੇ ਅੱਠ ਸਾਲਾਂ ਦੇ ਰਿਜ਼ਲਟ ਦਾ ਮੁੱਲੰਕਣ ਕਰਨ ਤੋਂ ਪਤਾ ਲੱਗਾ ਕਿ 2021 ਵਿੱਚ ਹੋਏ ਟੈਸਟ ਦੇ ਪਿੱਛੋਂ ਰਿਜ਼ਲਟ ਪੂਰੀ ਤਰ੍ਹਾਂ ਬਦਲ ਗਿਆ। ਔਰਤ ਉਮੀਦਵਾਰ ਦੇ ਮੁਕਾਬਲੇ ਪੁਰਸ਼ ਉਮੀਦਵਾਰ ਹਮੇਸ਼ਾ 2.05 ਫੀਸਦੀ ਨਾਲ ਅੱਗੇ ਰਹਿੰਦੇ ਸਨ, ਪ੍ਰੰਤੂ ਪਹਿਲੀ ਵਾਰ ਔਰਤ ਉਮੀਦਵਾਰ ਅੱਗੇ ਹਨ। ਸਿੱਖਿਆ ਮੰਤਰੀ ਨੇ ਇਸ ਬਾਰੇ ਕਿਹਾ ਕਿ ਇਸ ਵਾਰ ਔਰਤ ਉਮੀਦਵਾਰਾਂ ਦੇ ਨੰਬਰ ਘੱਟ ਨਹੀਂ ਕੀਤੇ ਗਏ। ਇਸੇ ਕਾਰਨ ਔਰਤ ਉਮੀਦਵਾਰਾਂ ਦੇ ਪਾਸ ਹੋਣ ਦੀ ਗਿਣਤੀ ਵੀ ਵੱਧ ਹੈ। ਇਸ ਤੋਂ ਪੁਸ਼ਟੀ ਹੁੰਦੀ ਹੈ ਕਿ ਪਿਛਲੇ ਨਤੀਜਿਆਂ ਵਿੱਚ ਔਰਤ ਉਮੀਦਵਾਰਾਂ ਦੇ ਜਾਣ-ਬੁੱਝ ਕੇ ਨੰਬਰ ਕੱਟ ਦਿੱਤੇ ਜਾਂਦੇ ਸਨ ਜਾਂ ਉਨ੍ਹਾਂ ਨੂੰ ਫੇਲ੍ਹ ਕੀਤਾ ਜਾਂਦਾ ਸੀ।ਜਾਪਾਨ ਦੀਆਂ ਵਿਿ-ਦਅਕ ਸੰਸਥਾਵਾਂ ਓਤੇ ਲਿੰਗ ਭੇਦ ਦੀ ਭਾਵਨਾ ਨੂੰ ਵਧਾਉਣ ਦਾ ਦੋਸ਼ ਲੱਗਣ ਦੇ ਬਾਅਦ ਤੇਜ਼ੀ ਨਾਲ ਪ੍ਰੀਖਿਆ ਵਿਵਸਥਾ ਵਿੱਚ ਪਾਰਦਰਸ਼ਿਤਾ ਵਰਤਣ ਦੀ ਮੰਗ ਉਠਣ ਲੱਗੀ। ਇਸ ਮਾਮਲੇ ਵਿੱਚ ਮੈਡੀਕਲ ਸਕੂਲ ਨੇ ਤਰਕ ਦਿੱਤਾ ਕਿ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਮੈਡੀਕਲ ਸਿੱਖਿਆ ਵਿੱਚ ਔਰਤਾਂ ਆਪਣੇ ਪਰਵਾਰ ਕਾਰਨ ਡਾਕਟਰ ਦੇ ਰੂਪ ਵਿੱਚ ਆਪਣਾ ਕੈਰੀਅਰ ਬਣਾਉਣਾ ਛੱਡ ਦਿੰਦੀਆਂ ਹਨ। ਉਹ ਅਜਿਹਾ ਪਰਵਾਰਕ ਉਲਝਣਾਂ ਕਰ ਕੇ ਕਰਦੀਆਂ ਹਨ।

# ਧੋਖਾਧੜੀ ਦੇ ਕੇਸ ਵਿੱਚ ਪਾਕਿਸਤਾਨੀ ਨੂੰ 12 ਸਾਲ ਦੀ ਕੈਦ

### * ਭਾਰਤੀ-ਅਮਰੀਕੀ ਜੱਜ ਨੇ ਸਜ਼ਾ ਸੁਣਾਈ



ਸਾਨ ਫਰਾਂਸਿਸਕੋ, 24 ਫਰਵਰੀ (ਪੋਸਟ ਬਿਊਰੋ)- ਇੱਕ ਭਾਰਤੀ-ਅਮਰੀਕੀ ਜੱਜ ਮਨੀਸ਼ ਸ਼ਾਹ ਨੇ ਪਾਕਿਸਤਾਨ ਮੂਲ ਦੇ ਰਾਵਲਪਿੰਡੀ ਦੇ 33 ਸਾਲਾ ਮੁਹੰਮਦ ਅਤੀਕ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਤੇ ਲਗਭਗ 48 ਮਿਲੀਅਨ ਡਾਲਰ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਜੱਜ ਨੇ 2.4 ਮਿਲੀਅਨ ਡਾਲਰ ਦੇ ਕੈਸ਼ੀਅਰ ਚੈਕ ਤੇ ਇੱਕ ਮਿਲੀਅਨ ਡਾਲਰ ਤੋਂ ਵੱਧ ਦੀ ਨਕਦੀ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ ਮੁਹੰਮਦ ਅਤੀਕ ਨੇ ਹੋਮ ਹੈਲਥ ਕੇਅਰ ਕੰਸਲਟਿੰਗ ਦੇ ਇਸਲਾਮਾਬਾਦ ਦਫਤਰ ਵਿੱਚ ਕੰਮ ਕੀਤਾ ਸੀ।ਇਹ ਇੱਕ ਅਜਿਹੀ ਸੰਸਥਾ ਹੈ, ਜੋ ਇਲੀਨੋਇਸ, ਇੰਡੀਆਨਾ, ਨੇਵਾਡਾ ਅਤੇ ਟੈਕਸਾਸ ਵਿਚਲੇ 20 ਤੋਂ ਵੱਧ ਘਰੇਲੂ ਸਿਹਤ ਏਜੰਸੀਆਂ ਲਈ ਮੈਡੀਕੇਅਰ ਬਿਲਿੰਗ ਤੇ ਇਲੈਕਟ੍ਰਾਨਿਕ ਮੈਡੀਕਲ ਰਿਕਾਰਡਾਂ ਦੀ ਦੇਖਭਾਲ ਨੂੰ ਕੰਟਰੋਲ ਕਰਦੀ ਹੈ। ਡੀ ਓ ਜੇ ਨੇ ਕਿਹਾ ਕਿ ਹੋਮ ਹੈਲਥ ਕੇਅਰ ਕੰਸਲਟਿੰਗ ਉੱਤੇ ਕੰਮ ਕਰਦੇ ਹੋਏ ਮੁਹੰਮਦ ਅਤੀਕ ਨੇ ਅਮਰੀਕਾ ਵਿੱਚ ਘਰੇਲੂ ਸਿਹਤ ਏਜੰਸੀਆਂ ਨੂੰ ਹਾਸਲ ਕਰਨ ਅਤੇ ਪ੍ਰਬੰਧ ਕਰਨ ਲਈ ਨੀਲੇਸ਼ ਪਟੇਲ, ਸੰਜੇ ਕਪੂਰ, ਤੇ ਰਾਜੇਸ਼ ਦੇਸਾਈ ਸਣੇ ਕਈ ਜਾਅਲੀ ਪਛਾਣਾਂ ਦੀ ਵਰਤੋਂ ਵੀ ਕੀਤੀ ਸੀ। ਇੱਕ ਵਾਰ ਜਦੋਂ ਏਜੰਸੀਆਂ ਮੁਹੰਮਦ ਅਤੀਕ ਦੇ ਕੰਟਰੋਲ ਵਿੱਚ ਸਨ ਤਾਂ ਉਸ ਨੇ ਏਜੰਸੀਆਂ ਨੂੰ ਘਰੇਲੂ ਸਿਹਤ ਸੇਵਾਵਾਂ ਲਈ ਮੈਡੀਕੇਅਰ ਨੂੰ ਧੋਖਾਧੜੀ ਵਾਲੇ ਦਾਅਵੇ ਪੇਸ਼ ਕਰਨ ਲਈ ਵਰਤਿਆ, ਨਤੀਜੇ ਵਜੋਂ ਉਨ੍ਹਾਂ ਸੇਵਾਵਾਂ ਲਈ ਚਾਲੀ ਮਿਲੀਅਨ ਡਾਲਰ ਤੋਂ ਵੱਧ ਭੁਗਤਾਨ ਹੋਇਆ, ਜੋ ਕਦੇ ਪ੍ਰਦਾਨ ਨਹੀਂ ਕੀਤਾ ਗਿਆ ਸੀ। ਮਨੀ ਲਾਂਡਰਿੰਗ ਦੀ ਸਾਜ਼ਿਸ਼ ਦੇ ਹਿੱਸੇ ਵਜੋਂ ਅਤੀਕ ਨੇ ਆਪਣੇ ਯੂ ਐਸ ਕਰਮਚਾਰੀਆਂ ਨੂੰ ਧੋਖਾਧੜੀ ਦੀ ਕਮਾਈ ਦੇ ਚੈਕ ਯੂ ਐਸ ਬੈਂਕ ਖਾਤਿਆਂ ਵਿੱਚ ਜਮ੍ਹਾ ਕਰਨ ਲਈ ਕਿਹਾ ਸੀ, ਜੋ ਵਿਦੇਸ਼ੀ ਮਨੀ ਟ੍ਰਾਂਸਮਿਟ ਕਰਨ ਵਾਲੇ ਕਾਰੋਬਾਰਾਂ ਦੇ ਵਿਦੇਸ਼ੀ ਗਾਹਕਾਂ ਵੱਲੋਂ ਨਾਮਜ਼ਦ ਕੀਤੇ ਹਨ।

# ਦੁਬਈ ਵਿੱਚ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਇਮਾਰਤ ਦਾ ਉਦਘਾਟਨ

### * 77 ਮੀਟਰ ਉਚੀ ਅਤੇ 30 ਹਜ਼ਾਰ ਵਰਗ ਮੀਟਰ ਵਿੱਚ ਬਣੀ ਇਮਾਰਤ

ਦੁਬਈ, 24 ਫਰਵਰੀ (ਪੋਸਟ ਬਿਊਰੋ)- ਦੁਬਈ ਵਿੱਚ ਇੱਕ ਸਾਨਦਾਰ ਸਮਾਗਮ ਦੇ ਦੌਰਾਨ 'ਮਿਊਜ਼ੀਅਮ ਆਫ਼ ਦਾ ਫ਼ਿਊਚਰ' ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਨੂੰ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਇਮਾਰਤ ਕਿਹਾ ਗਿਆ ਹੈ। ਇਸ ਇਮਾਰਤ ਨੂੰ ਬਣਾਉਣ ਵਿੱਚ 9 ਸਾਲ ਲੱਗੇ ਹਨ। ਸੱਤ ਮੰਜ਼ਿਲਾ ਅਤੇ 77 ਮੀਟਰ ਉਚੀ ਇਹਇਮਾਰਤ30 ਹਜ਼ਾਰ ਵਰਗ ਮੀਟਰ ਵਿੱਚ ਬਣਾਈ ਗਈ ਹੈ। ਇਹ ਦੁਨੀਆ ਦੀ ਸਭ ਤੋਂ ਉਚੀ ਇਮਾਰਤ ਬੁਰਜ ਖ਼ਲੀਫ਼ਾ ਤੋਂ ਥੋੜ੍ਹੀ ਦੂਰ ਹੈ।

ਇਹ 'ਭਵਿੱਖ ਦਾ ਅਜਾਇਬ ਘਰ' ਦੁਬਈ ਵਿੱਚ ਬਣੇ ਆਰਕੀਟੈਕਚਰਲ ਨਮੂਨਿਆਂ ਵਿੱਚ ਨਵੀਨਤਮ ਪੇਸ਼ਕਸ਼ ਹੈ,ਜੋ ਮਨੁੱਖਤਾ ਦੇ ਭਵਿੱਖ ਦੀ ਰੂਪਰੇਖਾ ਪੇਸ਼ ਕਰਦਾ ਹੈ ਅਤੇ ਮਨੁੱਖੀ ਵਿਕਾਸ ਵਿੱਚ ਆਉਂਦੀਆਂ ਚੁਣੌਤੀਆਂ ਅਤੇ ਮੌਕਿਆਂ ਦੇ ਨਵੇਂ ਹੱਲ ਲਈ ਪ੍ਰੇਰਤ ਕਰਦਾ ਹੈ।ਯੂ ਏ ਈ ਦੇ ਕੈਬਨਿਟ ਮਾਮਲਿਆਂ ਦੇ ਮੰਤਰੀ ਅਤੇ ਦੁਬਈ ਫ਼ਿਊਚਰ ਫ਼ਾਊਂਡੇਸ਼ਨ ਦੇ ਚੇਅਰਮੈਨ ਮੁਹੰਮਦ ਅਲ ਗਰਗਾਵੀ ਨੇ ਉਦਘਾਟਨੀ ਸਮਾਗਮ ਦੌਰਾਨ ਕਿਹਾ ਕਿ 'ਮਿਊਜ਼ੀਅਮ ਆਫ਼ ਦ ਫ਼ਿਊਚਰ' ਇੱਕ ਜੀਉਂਦਾ-ਜਾਗਦਾ ਅਜਾਇਬ ਘਰ ਹੈ। ਇਹ ਇੰਜੀਨੀਅਰਿੰਗ ਅਤੇ ਕੰਪਿਊਟਰ ਦੀ ਮਦਦ ਤਿਆਰ ਕੀਤੇ ਡਿਜ਼ਾਈਨ ਦਾ ਇੱਕ ਮਾਸਟਰਪੀਸ ਹੈ। ਇਹ ਸਟੇਨਲੈਸ ਸਟੀਲ ਦਾ ਬਣਿਆ ਹੈ ਅਤੇ ਇੱਥੇ ਰੋਬੋਟ ਦੀ ਵਰਤੋਂ ਕਰ ਕੇ ਬਣਾਈਆਂ ਗਈਆਂ 1,024 ਕਲਾਕ੍ਰਿਤੀਆਂ ਰੱਖੀਆਂ ਗਈਆਂ ਹਨ।



# ਲਲਿਤ ਮੋਦੀ ਖਿਲਾਫ ਸਾਬਕਾ ਭਾਰਤੀ ਮਾਡਲ ਵੱਲੋਂ ਬ੍ਰਿਟੇਨ ਵਿੱਚ ਕੇਸ ਦਾਇਰ

ਲੰਡਨ, 24 ਫਰਵਰੀ (ਪੋਸਟ ਬਿਊਰੋ)- ਭਾਰਤੀ ਮਾਡਲ ਤੋਂ ਨਿਵੇਸ਼ਕ ਬਣੀ ਗੁਰਪ੍ਰੀਤ ਗਿੱਲ ਮਾਗ ਨੇ ਲੰਡਨ ਦੀ ਹਾਈ ਕੋਰਟ ਵਿੱਚ ਧੋਖਾਧੜੀ ਤੇ ਕੰਟ੍ਰੈਕਟ ਦੀ ਉਲੰਘਣਾ ਬਾਰੇ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ) ਦੇ ਮੋਢੀ ਲਲਿਤ ਮੋਦੀ ਖਿਲਾਫ ਕੇਸ ਦਰਜ ਕਰਾਇਆ ਅਤੇ ਉਸ ਤੋਂ ਲੱਖਾਂ ਡਾਲਰ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ।



ਜਸਟਿਸ ਮੁਰੇ ਰੋਸੇਨ ਕਿਊਸੀ ਦੀ ਅਗਵਾਈ ਵਿੱਚ ਇਸ ਹਫਤੇ ਚਾਂਸਰੀ ਡਵੀਜ਼ਨ ਵਿੱਚ ਇਹ ਤੈਅ ਕਰਨ ਲਈ ਸੁਣਵਾਈ ਸ਼ੁਰੂ ਹੋਈ ਹੈ ਕਿ ਕੀ ਲਲਿਤ ਮੋਦੀ ਨੇ ਅਪ੍ਰੈਲ 2018 ਵਿੱਚ ਵਿਸ਼ਵ ਵਿਆਪੀ ਕੈਂਸਰ ਇਲਾਜ ਯੋਜਨਾ ਦੇ ਲਈ ਝੂਠੇ ਸਬੂਤ ਦਿੱਤੇ ਸਨ। ਲਲਿਤ ਮੋਦੀ ਨੇ ਲਿਖਤੀ ਸਬੂਤਾਂ ਨਾਲ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ ਅਤੇ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਦੌਰਾਨ ਉਨ੍ਹਾਂ ਦੇ ਜ਼ਬਾਨੀ ਸਬੂਤ ਦੇਣ ਦੀ ਵੀ ਸੰਭਾਵਨਾ ਹੈ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਮਾਗ ਦੇ ਮਾਲਕੀ ਹੱਕ ਵਾਲੀ 'ਕਵਾਂਟਮ ਕੇਅਰ ਲਿਮਟਿਡ' ਨੇ ਲਲਿਤ ਮੋਦੀ ਦੀ ਕੈਂਸਰ ਦੇਖਭਾਲ ਨਾਲ ਜੁੜੀ ਕੰਪਨੀ 'ਆਇਨ ਕੇਅਰ' ਲਈ ਦੁਬਈ ਵਿੱਚ 'ਫੋਰ ਸੀਜਨਸ ਹੋਟਲ' ਵਿੱਚ ਇੱਕ ਆਕਰਸ਼ਕ ਨਿਵੇਸ਼ ਦੀ ਤਜਵੀਜ਼ ਰੱਖੀ ਸੀ। ਅਦਾਲਤ ਨੂੰ ਗੁਰਪ੍ਰੀਤ ਗਿੱਲ ਮਾਗ ਅਤੇ ਉਸ ਦੇ ਪਤੀ ਡੈਨੀਅਲ ਮਾਗ ਨੇ ਕਿਹਾ ਕਿ ਮੋਦੀ ਨੇ ਉਨ੍ਹਾਂ ਨੂੰ ਬੈਠਕ ਦੌਰਾਨ ਦੱਸਿਆ ਸੀ ਕਿ ਕਈ ਮਸ਼ਹੂਰ ਅਤੇ ਪ੍ਰਭਾਵਸ਼ਾਲੀ ਲੋਕਾਂ ਨੇ 'ਆਇਨ ਕੇਅਰ' ਦੇ 'ਸੁਰੱਖਿਅਕ' ਵਜੋਂ ਕੰਮ ਕਰਨ ਤੇ ਉਸ ਦੇ ਪ੍ਰਬੰਧ ਵਿੱਚ ਭਾਈਵਾਲੀ ਕਰਨ ਦੀ ਸਹਿਮਤੀਦਿੱਤੀ ਹੈ। ਮਾਗ ਨੇ ਕਿਹਾ ਕਿ ਮੋਦੀ ਨੇ ਸਾਨੂੰ ਦੱਸਿਆ ਸੀ ਕਿ ਕਈ ਪ੍ਰਭਾਵਸ਼ਾਲੀ ਲੋਕ ਅਤੇ ਮਸ਼ਹੂਰ ਹਸਤੀਆਂ ਆਇਨ ਕੇਅਰ ਦਾ ਬ੍ਰਾਂਡ ਅੰਬੈਸਡਰ ਬਣਨ ਉੱਤੇ ਸਹਿਮਤ ਹੋਈਆਂ ਹਨ।

# ਇਮਰਾਨ ਵੱਲੋਂ ਮੋਦੀ ਨੂੰ ਮਤਭੇਦਾਂ ਉੱਤੇ ਬਹਿਸ ਦੀ ਪੇਸ਼ਕਸ਼

ਲਾਹੌਰ, 24 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਵਾਂ ਦੇਸ਼ਾਂ ਵਿਚਾਲੇ ਮਤਭੇਦ ਸੁਲਝਾਉਣ ਲਈ ਟੀ ਵੀ ਉੱਤੇ ਬਹਿਸ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਇੱਕ ਇੰਟਰਵਿਊ ਵਿੱਚ ਕਿਹਾ ਕਿ ਉਹ ਟੀ ਵੀ ਚੈਨਲ ਉੱਤੇ ਨਰਿੰਦਰ ਮੋਦੀ ਨਾਲ ਬਹਿਸ ਕਰਨਾ ਪਸੰਦ ਕਰਨਗੇ।

ਇਮਰਾਨ ਖ਼ਾਨ ਨੇ ਉਕਤ ਇੰਟਰਵਿਊ ਵਿੱਚ ਇਹ ਵੀ ਕਿਹਾ ਕਿ ਬਹਿਸ ਰਾਹੀਂ ਮਤਭੇਦ ਹੱਲ ਹੋ ਜਾਣ ਤਾਂ ਇਹ ਭਾਰਤੀ ਉਪ-ਮਹਾਂਦੀਪ ਦੇ ਇੱਕ ਅਰਬ ਤੋਂ ਵੱਧ ਲੋਕਾਂ ਲਈ ਲਾਭਦਾਇਕ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੁਸ਼ਮਣ ਦੇਸ਼ ਬਣ ਗਿਆ, ਇਸ ਲਈ ਉਸ ਨਾਲ ਵਪਾਰ ਘੱਟ ਹੋ ਗਿਆ ਹੈ, ਜਦਕਿ ਸਾਡੀ ਸਰਕਾਰ ਦੀ ਨੀਤੀ ਸਾਰੇ ਦੇਸ਼ਾਂ ਨਾਲ ਵਪਾਰਕ ਸੰਬੰਧ ਬਣਾਈ ਰੱਖਣ ਦੀ ਹੈ।



ਭਾਰਤ ਨਾਲ ਸੰਬੰਧਾਂ ਬਾਰੇ ਪੁੱਛੇ ਸਵਾਲ ਉੱਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕਸ਼ਮੀਰ ਵਿਵਾਦ ਦੇ ਹੱਲ ਲਈ ਸੱਤਾ ਵਿੱਚ ਆਉਣ ਤੋਂ ਬਾਅਦ ਭਾਰਤ ਤਕ ਪਹੁੰਚ ਕੀਤੀ ਸੀ। ਉਨ੍ਹਾਂ ਨੇ ਨਾਲ ਇਸ ਗੱਲ ਉੱਤੇ ਅਫ਼ਸੋਸ ਵੀ ਜ਼ਾਹਿਰ ਕੀਤਾ ਕਿ ਭਾਰਤ ਨੂੰ 'ਨਾਜ਼ੀਆਂ ਤੋਂ ਪ੍ਰੇਰਿਤ ਨਸਲਵਾਦੀ ਵਿਚਾਰਧਾਰਾ' ਨੇ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਹੈ। ਦੱਸਣਯੋਗ ਹੈ ਕਿ ਭਾਰਤ ਪਹਿਲਾਂ ਹੀ ਪਾਕਿ ਨੂੰ ਸਪੱਸ਼ਟ ਕਰ ਚੁੱਕਾ ਹੈ ਕਿ ਅੱਤਵਾਦ ਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।

# ਅਮਰੀਕੀ ਸਮਝੌਤੇ ਦਾ ਨੇਪਾਲ ’ਚ ਹਿੰਸਕ ਵਿਰੋਧ, ਦਰਜਨਾਂ ਜ਼ਖਮੀ

ਕਾਠਮੰਡੂ, 24 ਫਰਵਰੀ (ਪੋਸਟ ਬਿਊਰੋ)- ਅਮਰੀਕਾ ਨਾਲ ਕੀਤੇ ਗਏ ਸਮਝੌਤੇ ਦੀ ਮਨਜ਼ੂਰੀ ਲਈਮਤਾਪਾਰਲੀਮੈਂਟ ਵਿੱਚ ਪੇਸ਼ ਹੋਣ ਦੇ ਬਾਅਦ ਨੇਪਾਲ ਵਿੱਚ ਹੋਏ ਭਾਰੀ ਵਿਰੋਧ ਪ੍ਰਦਰਸ਼ਨਾਂ ਵਿੱਚ ਦਰਜਨਾਂ ਲੋਕ ਜ਼ਖਮੀ ਹੋ ਗਏ ਹਨ। ਇਸ ਸਮਝੌਤੇ ਹੇਠ ਨੇਪਾਲ ਨੂੰ ਅਮਰੀਕਾ ਤੋਂ ਪੰਜਾਹ ਕਰੋੜ ਡਾਲਰ ਮਿਲਣੇ ਹਨ ਤੇ ਇਸ ਰਕਮ ਨਾਲ ਉਸ ਨੇ ਗਰੀਬੀ ਖਤਮ ਕਰਨ ਵਾਲੇ ਅਤੇ ਹੋਰ ਕੰਮ ਕਰਵਾਉਣੇ ਹਨ। ਚੀਨ ਨੇ ਇਸ ਦਾਨ ਦਾ ਵਿਰੋਧ ਕੀਤਾ ਹੈ ਅਤੇ ਇਸ ਸਮਝੌਤੇ ਨੂੰ ਨੇਪਾਲ ਦੀ ਖੁਦਮੁਖਤਿਆਰੀ ਉੱਤੇ ਹਮਲਾ ਦੱਸਿਆ ਹੈ ਅਤੇ ਲੋਕ ਵੀ ਭੜਕੇ ਪਏ ਹਨ।



ਕੱਲ੍ਹਪਾਰਲੀਮੈਂਟਦੇ ਨੇੜੇ ਹੋਏ ਹਿੰਸਕ ਪ੍ਰਦਰਸ਼ਨ ਵਿੱਚ ਨੇਪਾਲ ਪੁਲਸ ਦੇ 17 ਜਵਾਨ ਤੇ ਹਥਿਆਰਬੰਦ ਫੌਜ ਦੇ ਸੱਤ ਜਵਾਨ ਜ਼ਖਮੀ ਹੋਏ ਹਨ। ਇਸ ਦੌਰਾਨ ਦਰਜਨਾਂ ਪ੍ਰਦਰਸ਼ਨਕਾਰੀ ਵੀ ਜ਼ਖਮੀ ਹੋਏ ਹਨ ਅਤੇ ਚਾਰ ਦਰਜਨ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸੈਂਕੜਿਆਂ ਦੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਜਲੂਸ ਦੇ ਰੂਪ ਵਿੱਚ ਪਾਰਲੀਮੈਂਟਪਹੁੰਚੇ ਸਨ ਅਤੇ ਉਨ੍ਹਾਂ ਨੇ ਉਥੇ ਨਾਅਰੇਬਾਜ਼ੀ ਕਰਦੇ ਹੋਏ ਪਥਰਾਓ ਸ਼ੁਰੂ ਕਰ ਦਿੱਤਾ। ਇਸ ਦੇ ਬਾਅਦ ਸੁਰੱਖਿਆ ਬਲਾਂ ਨੇ ਹਾਲਾਤ ਕਾਬੂ ਕਰਨ ਲਈ ਤੀਹ ਰਾਊਂਡ ਰਬੜ ਬੁਲੇਟ ਚਲਾਈਆਂ ਤੇ ਅੱਥਰੂ ਗੈਸ ਦੇ 115 ਗੋਲੇ ਛੱਡੇ। ਸੁਰੱਖਿਆ ਬਲਾਂ ਨੂੰ ਹਾਲਾਤ ਕਾਬੂ ਕਰਨ ਵਿੱਚ ਅੱਠ ਘੰਟੇ ਲੱਗੇ। ਕੁਝ ਹੋਰ ਥਾਵਾਂ ਉੱਤੇ ਵੀ ਵਿਰੋਧ ਪ੍ਰਦਰਸ਼ਨ ਹੋਣ ਦੀ ਸੂਚਨਾ ਹੈ। ਪਤਾ ਲੱਗਾ ਹੈ ਕਿ ਪ੍ਰਦਰਸ਼ਨਕਾਰੀ ਇਸ ਗਲਤ ਜਾਣਕਾਰੀ ਤੋਂ ਭੜਕੇ ਸਨ ਕਿ ਨੇਪਾਲ ਸਰਕਾਰ ਨੇ ਅਮਰੀਕਾ ਨਾਲ ਫੌਜੀ ਸਮਝੌਤਾ ਕਰ ਲਿਆ ਹੈ। ਸ਼ੇਰ ਬਹਾਦਰ ਦੇਉਬਾ ਸਰਕਾਰ ਨੇ ਅਮਰੀਕਾ ਦੇ ਨਾਲ ਹੋਏ ਸਮਝੌਤੇ ਨੂੰ ਪਾਰਲੀਮੈਂਟਦੀ ਮਨਜ਼ੂਰੀ ਲੈਣ ਲਈ ਪੇਸ਼ ਕੀਤਾ ਸੀ, ਪ੍ਰੰਤੂ ਦੇਸ਼ ਵਿੱਚ ਚੀਨੀ ਸਮਰਥਕਾਂ ਕਾਰਨ ਲੋਕ ਭੜਕ ਕੇ ਸੜਕਾਂ ਉੱਤੇ ਆ ਗਏ ਅਤੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕਰਦੇ ਹੋਏ ਹਿੰਸਾ ਉੱਤੇ ਉਤਾਰੂ ਹੋ ਗਏ।

# ਅੰਗਰੇਜ਼ੀ ਰਾਜ ਦੌਰਾਨ ਲੰਡਨ ਲਿਆਂਦੀਆਂ ਭਾਰਤੀ ਨਰਸਾਂ ਦੇ ਘਰਾਂ ਨੂੰ ਇਤਿਹਾਸਕ ਦਰਜਾ

ਲੰਡਨ, 24 ਫਰਵਰੀ (ਪੋਸਟ ਬਿਊਰੋ)- ਬ੍ਰਿਟਿਸ਼ ਪਰਵਾਰਾਂ ਵੱਲੋਂ ਭਾਰਤ ਤੋਂ ਲਿਆਂਦੀਆਂ ਗਈਆਂ ਨਰਸਾਂ ਦੇ ਲੰਡਨ ਦੇ ਇੱਕ ਘਰ ਨੂੰ ਇਤਿਹਾਸਕ ਦਰਜਾ ਦੇ ਕੇ 'ਨੀਲੀ ਤਖ਼ਤੀ' ਲਾ ਕੇ ਸਨਮਾਨਤ ਕੀਤਾ ਜਾਣਾ ਹੈ। ਇਹ ਲੰਡਨ ਵਿੱਚ ਮਜ਼ਦੂਰ ਵਰਗ ਦੇ ਤਜ਼ਰਬਿਆਂ ਨੂੰ ਪੇਸ਼ ਕਰਨ ਵਾਲੀ ਇੱਕ ਲੜੀ ਦਾ ਹਿੱਸਾ ਹੈ।

26 ਕਿੰਗ ਐਡਵਰਡ ਰੋਡ, ਲੰਡਨ ਵਾਲਾ ਇਹ ਘਰ 'ਗਵਰਨੈੱਸ ਹੋਮਜ਼' ਵਜੋਂ ਜਾਣਿਆਂ ਜਾਂਦਾ ਸੀ। ਇੰਗਲਿਸ਼ ਹੈਰੀਟੇਜ ਚੈਰਿਟੀ ਵੱਲੋਂ ਚਲਾਈ ਗਈ 'ਬਲੂ ਪਲੇਕ' ਸਕੀਮ ਹੇਠ ਲੰਡਨ ਦੀਆਂ ਇਤਿਹਾਸਕ ਮਹੱਤਵ ਦੀਆਂ ਇਮਾਰਤਾਂ ਨੂੰ ਦਰਜਾ ਦਿੱਤਾ ਜਾਂਦਾ ਹੈ। ਪੂਰਬੀ ਲੰਡਨ ਦੇ ਇਸ ਖੇਤਰ ਵਿੱਚ ਇਸ ਇਮਾਰਤ ਵਿੱਚ ਭਾਰਤ ਤੇ ਦੱਖਣ-ਪੂਰਬੀ ਏਸ਼ੀਆ ਦੀਆਂ ਹੋਰ ਕਾਲੋਨੀਆਂ ਤੋਂ ਆਈਆਂ ਨਰਸਾਂ ਨੂੰ ਰੱਖਿਆ ਗਿਆ ਸੀ। ਇਹ ਘਰ 1900-1921 ਵਿੱਚ ਬਣਿਆ ਸੀ।

ਇੰਗਲਿਸ਼ ਹੈਰੀਟੇਜ ਨੇ ਦੱਸਿਆ ਕਿ ਬ੍ਰਿਟਿਸ਼ ਪਰਵਾਰਾਂ ਵੱਲੋਂ ਲੰਡਨ ਲਿਆਂਦੀਆਂ ਗਈਆਂ ਕਈ ਔਰਤਾਂ ਨੂੰ 'ਦ ਆਯਾਜ਼' ਘਰ ਵਿੱਚ ਪਨਾਹ ਅਤੇ ਸੁਰੱਖਿਆ ਦਿੱਤੀ ਗਈ ਸੀ। ਇਨ੍ਹਾਂ ਦੇ ਮਾਲਕਾਂ ਨੇ ਇਨ੍ਹਾਂ ਬੀਬੀਆਂ ਨੂੰ ਵਾਪਸ ਭੇਜਣ ਦਾ ਵਾਅਦਾ ਨਹੀਂ ਨਿਭਾਇਆ। ਇਹ ਸਾਂਝੇ ਆਸਰਾ ਘਰ ਜਾਂ ਕੰਮ ਵਾਲੀਆਂ ਥਾਵਾਂ ਉਤੇ ਰਹਿਣ ਲਈ ਮਜ਼ਬੂਰ ਸਨ। ਕੁਝ ਇਤਿਹਾਸਕ ਹਵਾਲਿਆਂ ਅਨੁਸਾਰ ਲੰਡਨ ਵਿੱਚ 'ਆਯਾ ਹਾਊਸ' 1825 ਵਿੱਚ ਬਣਾਏ ਗਏ ਸਨ, ਜਿਸ ਦੀ ਸ਼ੁਰੂਆਤ ਵਿਕਟੋਰੀਆ ਰਾਜ ਤੋਂ ਦੋ ਸਾਲ ਪਹਿਲਾਂ ਹੋਈ ਮੰਨੀ ਜਾਂਦੀ ਹੈ। ਬ੍ਰਿਟਿਸ਼ ਭਾਰਤੀ ਜਾਸੂਸ ਨੂਰ ਇਨਾਇਤ ਖ਼ਾਨ ਦੇ ਲੰਡਨ ਵਾਲੇ ਘਰ ਨੂੰ ਵੀ 'ਨੀਲੀ ਪਲੇਟ' ਨਾਲ ਸਨਮਾਨਤ ਕੀਤਾ ਜਾਣਾ ਹੈ। ਇੰਗਲਿਸ਼ ਹੈਰੀਟੇਜ ਦੀ ਬਲੂ ਪਲੇਕ ਕਮੇਟੀ ਦੀ ਸੈਕਟਰੀ ਅੰਨਾ ਆਵਿਸ ਨੇ ਕਿਹਾ ਕਿ ਇਸ ਸਾਲ ਅਸੀਂ ਜੋ ਕਹਾਣੀਆਂ ਸੁਣਾ ਰਹੇ ਹਾਂ, ਉਨ੍ਹਾਂ ਵਿੱਚੋਂ ਬਹੁਤੀਆਂ ਲੰਡਨ ਦੇ ਮਜ਼ਦੂਰ ਵਰਗ ਦੀਆਂ ਹਨ। 15 ਤੋਂ 20 ਸਾਲ ਦੀ ਉਮਰ ਦੀਆਂ ਔਰਤਾਂ ਦੇ ਗਰੁੱਪਵੱਲੋਂ ਕੀਤੀ ਇਹ ਹੜਤਾਲ ਸੰਗਠਕ ਮਜ਼ਦੂਰ ਅਤੇ ਔਰਤ ਅੰਦੋਲਨ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ। 1888 ਦੀ ਮਸ਼ਹੂਰ 'ਮੈਚ ਗਰਲਜ਼' ਹੜਤਾਲ ਨੇ ਆਧੁਨਿਕ ਬ੍ਰਿਟਿਸ਼ ਲੇਬਰ ਇਤਿਹਾਸ ਨੂੰ ਬਦਲ ਦਿੱਤਾ ਸੀ। ਇਹ ਅੰਦੋਲਨ ਪੂਰਬੀ ਲੰਡਨ ਵਿੱਚ ਇੱਕ ਮਾਚਿਸ ਬਣਾਉਣ ਵਾਲੀ ਫੈਕਟਰੀ ਵਿੱਚ ਕੰਮ ਕਰਦੀਆਂ ਲੱਗਭਗ 1400 ਔਰਤਾਂ ਨੇ ਕੀਤਾ ਸੀ। ਤਿੰਨ ਹਫ਼ਤਿਆਂ ਦੀ ਹੜਤਾਲ ਤੋਂ ਬਾਅਦ ਉਨ੍ਹਾਂ ਦੀਆਂ ਲੱਗਭਗ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਸਨ।

# ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ: ਮੁੱਖ ਮੰਤਰੀ ਖੱਟਰ ਅਤੇ ਗ੍ਰਹਿ ਮੰਤਰੀ ਵਿੱਜ ਦੇ ਬਿਆਨ ਆਪਸ ਵਿੱਚ ਮੇਲ ਨਹੀਂ ਖਾਂਦੇ

## * ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਤੇ ਪਟੀਸ਼ਨਰ ਨੂੰ ਨਵੇਂ ਆਦੇਸ਼

ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਹਰਿਆਣਾ ਦੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮਨੂੰ ਜ਼ੈੱਡ ਪਲੱਸਸੁਰੱਖਿਆ ਦੇਣ ਦੇ ਕੇਸ ਵਿਚ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਜਿਹੜਾ ਬਿਆਨ ਦਿੱਤਾ ਹੈ, ਉਸ ਨਾਲ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਕਟਹਿਰੇ ਵਿਚ ਖੜਾ ਕਰ ਦਿੱਤਾ ਹੈ।

ਅੱਜ ਏਥੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਡੇਰਾ ਮੁਖੀ ਦੀ ਜਾਨ ਨੂੰ ਖ਼ਤਰਾ ਤੇ ਜ਼ੈੱਡ ਪਲੱਸਸੁਰੱਖਿਆ ਦੇਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ, ਪਰ ਉਨ੍ਹਾਂ ਨੇ ਡੇਰਾ ਮੁਖੀ ਨੂੰ ਫਰਲੋ ਦਿੱਤੇ ਜਾਣ ਨੂੰ ਹਰ ਕੈਦੀ ਦਾ ਅਧਿਕਾਰ ਦੱਸਿਆ ਹੈ। ਵਿੱਜ ਨੇ ਫਰਲੋ ਅਤੇ ਪੈਰੋਲ ਦੇਣ ਦੇ ਕੇਸ ਵਿੱਚ ਸਰਕਾਰ ਦਾ ਪੱਖ ਪੂਰਿਆ ਹੈ, ਪਰ ਜ਼ੈੱਡ ਪਲੱਸਸੁਰੱਖਿਆ ਦੇਣ ਦੇ ਮੁੱਦੇ ਉੱਤੇਉਸ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟਰਨੂੰ ਫਸਾਉਣ ਵਾਲਾ ਬਿਆਨ ਦੇ ਦਿੱਤਾ। ਉਸ ਦੇ ਇਸ ਬਿਆਨ ਨਾਲ ਹਰਿਆਣਾ ਸਰਕਾਰ ਦੀ ਸਥਿਤੀ ਹਾਸਹੋਣੀ ਹੋ ਗਈ ਹੈ।

ਰਾਜ ਦੇ ਗ੍ਰਹਿ ਮੰਤਰੀ ਅਨਿਲ ਵਿਜ ਵੱਲੋਂ ਇਹ ਕਹਿਣ ਕਿ ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ ਦੇਣ ਦਾ ਉਸ ਨੂੰ ਪਤਾ ਹੀ ਨਹੀਂ ਅਤੇ ਇਸ ਬਾਰੇ ਸਿਰਫ ਮੁੱਖ ਮੰਤਰੀ ਨੂੰ ਪਤਾ ਹੋਵੇਗਾ, ਦੇ ਬਾਅਦ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਹਰਿਆਣਾ ਸਰਕਾਰ ਉੱਤੇ ਨਿਸ਼ਾਨੇਸਾਧੇ ਹਨ।ਦੂਸਰੇ ਪਾਸੇ ਮੁੱਖ ਮੰਤਰੀ ਮਨੋਹਰ ਲਾਲ ਨੇ ਆਪਣੇ ਗ੍ਰਹਿ ਮੰਤਰੀ ਅਨਿਲ ਵਿੱਜ ਦੇ ਬਿਆਨ ਪਿੱਛੋਂ ਸਪੱਸ਼ਟ ਕੀਤਾ ਕਿ ਸਰਕਾਰ ਨੂੰ ਡੇਰਾ ਮੁਖੀ ਦੀ ਜਾਨ ਨੂੰ ਖ਼ਤਰਾ ਹੋਣ ਬਾਰੇ ਜਾਣਕਾਰੀ ਮਿਲੀ ਸੀ, ਇਸ ਪਿੱਛੋਂ ਸੁਰੱਖਿਆ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ, ਚਾਹੇ ਉਹ ਕੈਦੀ ਹੋਵੇ, ਦੀ ਸੁਰੱਖਿਆ ਕਰਨਾ ਰਾਜ ਸਰਕਾਰ ਦਾ ਫ਼ਰਜ਼ ਹੈ।ਮੁੱਖ ਮੰਤਰੀ ਨੇ ਕਿਹਾ ਕਿ ਡੇਰਾ ਮੁਖੀ ਨੂੰ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਦੇ ਮੁਤਾ-ਬਕ ਹੀ ਸੁਰੱਖਿਆਦਿੱਤੀ ਗਈ ਹੈ ਅਤੇ ਕੁਝ ਵੀ ਗਲਤ ਨਹੀਂ ਕੀਤਾ ਗਿਆ।



ਵਰਨਣ ਯੋਗ ਹੈ ਕਿ ਗ੍ਰਹਿ ਮੰਤਰੀ ਅਨਿਲ ਵਿੱਜ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਸਬੰਧ ਸੁਖਾਵੇਂ ਕਦੀ ਨਹੀਂ ਰਹੇ। ਪਹਿਲਾਂ ਵੀ ਕਈ ਗੱਲਾਂ ਵਿੱਚ ਅਨਿਲ ਵਿੱਜ ਅਤੇ ਮਨੋਹਰ ਲਾਲ ਖੱਟਰ ਆਹਮੋ ਸਾਹਮਣੇ ਹੋ ਚੁੱਕੇ ਹਨ। ਓਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਹਰਿਆਣਾ ਦੀ ਭਾਜਪਾ ਸਰਕਾਰ ਦੀ ਕਾਰਜਸ਼ੈਲੀ ਉੱਤੇ ਸਵਾਲ ਕਰਦਿਆਂ ਕਿਹਾ ਕਿ ਪਹਿਲਾਂ ਡੇਰਾ ਮੁਖੀ ਨੂੰ ਫਰਲੋ ਦਿੱਤੀ ਤੇ ਫਿਰ ਜ਼ੈੱਡ ਪਲੱਸਸੁਰੱਖਿਆ ਦੇ ਦਿੱਤੀ ਹੈ। ਧਾਮੀ ਨੇ ਕਿਹਾ ਕਿ ਜਿਹੜਾ ਵਿਅਕਤੀ ਜੇਲ੍ਹ ਵਿੱਚ ਰੱਖਣਾ ਹੈ, ਉਸ ਨੂੰ ਸੁਰੱਖਿਆ ਕਿਉਂ ਦੇਣੀਪਈ ਹੈ? ਉਨ੍ਹਾਂ ਕਿਹਾ ਕਿ ਸਿੱਖ ਕੈਦੀਆਂ ਨੂੰ ਪੈਰੋਲ ਨਹੀਂ ਦਿੱਤੀ ਜਾਂਦੀ, ਪਰ ਬਲਾਤਕਾਰ ਅਤੇ ਕਤਲ ਕਰਨ ਦੇ ਕੇਸਾਂ ਵਿੱਚ ਦੋਸ਼ੀ ਮੰਨੇ ਜਾ ਚੁੱਕੇ ਵਿਅਕਤੀ ਨੂੰ ਫਰਲੋ ਅਤੇ ਸੁਰੱਖਿਆਦਿੱਤੀ ਗਈ ਹੈ।

ਤੀਸਰੇ ਪਾਸੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਫਰਲੋ ਤੋਂ ਬਾਅਦ ਹਰਿਆਣਾ ਸਰਕਾਰ ਵੱਲੋਂ ਉਸ ਨੂੰ ਜ਼ੈੱਡ ਪਲਸ ਸੁਰੱਖਿਆਦੇਣ ਦੇ ਕੇਸਦੀ ਅਗਲੀ ਸੁਣਵਾਈ 25 ਫਰਵਰੀ ਨੂੰ ਹੋਵੇਗੀ। ਅੱਜ ਬੁੱਧਵਾਰ ਨੂੰ ਪੰਜਾਬਅਤੇ ਹਰਿਆਣਾ ਹਾਈ ਕੋਰਟ ਵਿੱਚਇਸ ਬਾਰੇ ਦਾਇਰ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਹਰਿਆਣਾ ਸਰਕਾਰ ਤੇ ਪਟੀਸ਼ਨਰ ਨੂੰ ਹਾਈ ਕੋਰਟ ਨੇ ਕੇਸਬਾਰੇ ਕੁਝ ਜੱਜਮੈਂਟਾਂ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਇਸ ਤੋਂ ਪਹਿਲਾਂ ਇਹ ਗੱਲ ਪਤਾ ਲੱਗੀ ਸੀ ਕਿ ਹਰਿਆਣਾ ਸਰਕਾਰ ਨੇ ਡੇਰਾ ਮੁਖੀ ਦੀ ਜਾਨ ਨੂੰ ਖਤਰੇ ਕਾਰਨ ਜ਼ੈੱਡ ਪਲਸ ਸ਼੍ਰੇਣੀ ਦੀ ਸੁਰੱਖਿਆਦਿੱਤੀ ਹੈ। ਇਸ ਬਾਰੇ ਹਰਿਆਣਾ ਸਰਕਾਰ ਉੱਤੇ ਸਵਾਲ ਉਠਾਏ ਗਏ ਸਨ। ਕੋਰਟ ਨੂੰ ਹਰਿਆਣਾ ਸਰਕਾਰ ਨੇ ਦੱਸਿਆ ਕਿ ਡੇਰਾ ਮੁਖੀ ਦੀ ਜਾਨ ਨੂੰ ਖਾਲਿਸਤਾਨੀਆਂ ਤੋਂ ਖ਼ਤਰਾ ਹੋਣ ਕਾਰਨ ਸਖ਼ਤ ਸੁਰੱਖਿਆਦਿੱਤੀ ਗਈ ਹੈ। ਚਰਚਾ ਦਾ ਕੇਂਦਰ ਬਣਿਆ ਡੇਰਾ ਸੱਚਾ ਸੌਦਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਰੋਹਤਕ ਵਾਲੀ ਸੁਨਾਰੀਆ ਜੇਲ੍ਹ ਵਿੱਚ ਤਿੰਨ ਵੱਖ-ਵੱਖਕੇਸਾਂਦੀ ਸਜ਼ਾ ਭੁਗਤ ਰਿਹਾ ਹੈ। ਹਰਿਆਣਾ ਸਰਕਾਰ ਨੇ ਪੰਜਾਬ ਅਸੈਂਬਲੀ ਚੋਣਾਂ ਤੋ ਪਹਿਲਾਂ ਉਸ ਨੂੰ 21 ਦਿਨਾਂ ਲਈ ਫਰਲੋ ਦਿੱਤੀ ਸੀ ਅਤੇ ਉਸ ਦੀ ਫਰਲੋ 28 ਫਰਵਰੀ ਨੂੰ ਖ਼ਤਮ ਹੋ ਰਹੀ ਹੈ।

# ਬੈਂਕ ਘਪਲੇ ਵਾਲਾ ਸੇਠ ਅਦਾਲਤ ਨੇ ਜੁਡੀਸ਼ਲ ਹਿਰਾਸਤ ’ਚ ਭੇਜਿਆ

ਮੋਹਾਲੀ, 24 ਫਰਵਰੀ (ਪੋਸਟ ਬਿਊਰੋ)- ਸਾਲ 2015 ਵਿੱਚ ਬੈਂਕ ਆਫ ਬੜੌਦਾ ਨਾਲ 21.31 ਕਰੋੜ ਰੁਪਏ ਦੇ ਕਰਜ਼ੇ ਲੈ ਕੇ ਘਪਲਾ ਕਰਨ ਦੇ ਦੋਸ਼ਾਂ ਵਿੱਚਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਫਗਵਾੜਾ ਦੇ ਵਪਾਰੀ ਸੁਰੇਸ਼ ਸੇਠ ਨੂੰ ਗ੍ਰਿਫਤਾਰ ਕਰ ਕੇ ਕੱਲ੍ਹ ਈ ਡੀ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਜੇਲ੍ਹ ਭੇਜ ਦਿੱਤਾ ਹੈ। ਵਰਨਣ ਯੋਗ ਹੈ ਕਿ ਈ ਡੀ ਨੇ ਸੁਰੇਸ਼ ਕੋਲੋਂ ਪੁੱਛ ਪੜਤਾਲ ਲਈ ਵਾਰ ਵਾਰ ਸੰਮਨ ਭੇਜੇ ਸਨ, ਪਰ ਉਹ ਪੇਸ਼ ਨਹੀਂ ਹੋ ਰਿਹਾ ਸੀ। ਇਸ ਲਈ ਈ ਡੀ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਤੋਂ ਪਹਿਲਾਂ ਮੁੱਖ ਦੋਸ਼ੀਅਤੇ ਉਸ ਦੇ ਭਰਾ ਵਿਕਰਮ ਸੇਠ ਨੂੰ 22 ਸਤੰਬਰ 2021 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਵਿਕਰਮ ਇਸ ਵੇਲੇ ਜੇਲ੍ਹ ਵਿੱਚ ਹੈ।ਸੀ ਬੀ ਆਈ ਵੱਲੋਂ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐਮ ਐਲ ਏ) ਹੇਠ ਵਿਕਰਮ ਅਤੇ ਉਸ ਦੇ ਪਰਵਾਰਕ ਮੈਂਬਰਾਂ ਵਿਰੁੱਧ ਕੇਸ ਦਰਜ ਕੀਤੇ ਜਾਣ ਮਗਰੋਂ ਈ ਡੀ ਨੇ ਜਾਂਚ ਆਪਣੇ ਹੱਥ ਲੈ ਲਈ ਸੀ। ਈ ਡੀ ਦੀ ਜਾਂਚ ਮੁਤਾਬਕ ਦੋਸ਼ੀਆਂਨੇ ਕਰਜ਼ੇ ਦੇ ਪੈਸਿਆਂ ਨਾਲ ਫਗਵਾੜਾ ਤੇ ਆਸਪਾਸ ਦੇ ਇਲਾਕੇ ਵਿੱਚ 20 ਰਿਹਾਇਸ਼ੀ ਪਲਾਟ, ਛੇ ਸਨਅਤੀ ਪਲਾਟ, ਤਿੰਨ ਜਗ੍ਹਾ ਖੇਤੀਯੋਗ ਜ਼ਮੀਨ ਖਰੀਦੀ ਅਤੇ ਇੱਟਾਂ ਦੇ ਦੋ ਭੱਠਿਆਂ ਉੱਤੇ ਕਰੀਬ 18.17 ਕਰੋੜ ਰੁਪਏ ਖਰਚੇ। ਨਵਾਂ ਸ਼ਹਿਰ ਦੇ ਬੰਗਾ ਵਿੱਚ 42 ਅਚੱਲ ਜਾਇਦਾਦਾਂ ਅਤੇ ਹਿਮਾ-ਚਲ ਦੇ ਅੰਬ (ਊਨਾ) ਵਿੱਚ ਜ਼ਮੀਨ ਖਰੀਦੀ। 32 ਲੱਖ 97 ਹਜ਼ਾਰ ਰੁਪਏ ਖਰਚ ਕੇ ਸਫਾਰੀ, ਜੈਜ਼, ਸਕੌਡਾ ਆਦਿ ਕਾਰਾਂ ਖਰੀਦੀਆਂ। ਵਿਕਰਮ ਵੱਲੋਂ ਖਰਚੇ ਧਨ ਦੇ ਆਧਾਰ ਉੱਤੇ ਈ ਡੀ ਨੇ 42 ਅਚੱਲ ਜਾਇਦਾਦਾਂ ਉੱਤੇ 18 ਕਰੋੜ ਰੁਪਏ ਦੀ ਚੱਲ ਜਾਇਦਾਦ ਕੁਰਕ ਕੀਤੀ ਹੈ।

# ਪਰਸ ਖੋਹਣ ਦੌਰਾਨ ਰਿਕਸ਼ੇ ਤੋਂ ਡਿੱਗੀ ਔਰਤ ਦੀ ਮੌਤ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਸ਼ਹੀਦ ਊਧਮ ਸਿੰਘ ਨਗਰ ਤੋਂ ਰਿਕਸ਼ੇ ਉੱਤੇ ਆਪਣੇ ਘਰ ਵੱਲ ਜਾਂਦੀਆਂ ਦੋ ਔਰਤਾਂ ਨੂੰ ਐਕਟਿਵਾ ਸਵਾਰ ਲੁਟੇਰਿਆਂ ਨੇ ਨਿਸ਼ਾਨਾ ਬਣਾਇਆ। ਉਨ੍ਹਾਂ ਇੱਕ ਔਰਤ ਦੇ ਹੱਥੋਂ ਪਰਸ ਖੋਹ ਲਿਆ। ਖਿੱਚ-ਧੂਹ ਦੌਰਾਨ ਔਰਤ ਰਿਕਸ਼ੇ ਤੋਂ ਹੇਠਾਂ ਡਿੱਗ ਕੇ ਗੰਭੀਰ ਜ਼ਖ਼ਮੀ ਹੋ ਗਈ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੇ ਅਣਪਛਾਤੇ ਲੁਟੇਰਿਆਂ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ।

ਅਰੁਣ ਆਨੰਦ ਵਾਸੀ ਮੁਹੱਲਾ ਚਰਨਜੀਤਪੁਰਾ ਜਲੰਧਰ ਨੇ ਦੱਸਿਆ ਕਿ ਕੱਲ੍ਹ ਦੁਪਹਿਰੇ ਉਸਦੀ ਆਂਟੀ ਕੰਚਨ ਬਾਲਾ ਵਾਸੀ ਸਵਰਨ ਮਾਰਕੀਟ ਆਪਣੀ ਸਹੇਲੀ ਅਪਰਨਾ ਨਾਲ ਰਿਕਸ਼ੇ ਉੱਤੇ ਸ਼ਹੀਦ ਊਧਮ ਸਿੰਘ ਨਗਰ ਤੋਂ ਆਪਣੇ ਘਰ ਜਾ ਰਹੀ ਸੀ ਅਤੇ ਉਹ ਵੀ ਆਪਣੀ ਆਂਟੀ ਦੇ ਪਿੱਛੇ ਐਕਟਿਵਾ ਉੱਤੇ ਆ ਰਿਹਾ ਸੀ। ਇਸ ਦੌਰਾਨ ਪਿੱਛਿਓਂ ਦੋ ਐਕਟਿਵਾ ਸਵਾਰ ਅਣਪਛਾਤੇ ਲੁਟੇਰਿਆਂ ਨੇ ਪਾਰਵਤੀ ਜੈਨ ਸਕੂਲ ਵਿਜੇ ਨਗਰ ਨੇੜੇ ਆਂਟੀ ਦਾ ਪਰਸ ਖੋਹਿਆ। ਖਿੱਚ-ਧੂਹ ਦੌਰਾਨ ਆਂਟੀ ਹੇਠਾਂ ਡਿੱਗ ਗਈ ਅਤੇ ਉਸ ਨੂੰ ਕਾਫ਼ੀ ਗੰਭੀਰ ਸੱਟਾਂ ਲੱਗੀਆਂ। ਲੁਟੇਰੇ ਉਸਦਾ ਪਰਸ ਖੋਹ ਕੇ ਫ਼ਰਾਰ ਹੋ ਗਏ, ਜਿਸ ਵਿੱਚ ਪੰਜ ਹਜ਼ਾਰ ਰੁਪਏ ਅਤੇ ਮੋਬਾਇਲ ਫੋਨ ਸੀ।ਪੁਲਸ ਨੇ ਦੱਸਿਆ ਕਿ ਘਟਨਾ ਸਥਾਨ ਦੇ ਆਸ-ਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਰਹੀ ਹੈ ਅਤੇ ਛੇਤੀ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਦਿਨ-ਦਿਹਾੜੇ ਔਰਤ ਅਗਵਾ, ਪੁਲਸ ਨੇ ਕਿਹਾ: ਛੇਤੀ ਲੱਭ ਲਵਾਂਗੇ

ਮੋਗਾ, 24 ਫਰਵਰੀ (ਪੋਸਟ ਬਿਊਰੋ)- ਕੱਲ੍ਹ ਦਿਨ-ਦਿਹਾੜੇ ਮੋਗਾ ਸ਼ਹਿਰ ਦੇ ਬਾਹਰੀ ਇਲਾਕੇ ਲਾਲ ਸਿੰਘ ਰੋਡ ਉੱਤੇ ਕਾਰ ਸਵਾਰ ਨਕਾਬਪੋਸ਼ ਦੋਸ਼ੀਇੱਕ ਤਲਾਕਸ਼ੁਦਾ ਅਗਵਾ ਕਰ ਕੇ ਫਰਾਰ ਹੋ ਗਏ।

ਪੁਲਸ ਨੇ ਅਗਵਾ ਹੋਈ ਔਰਤ ਦੇ ਭਰਾ ਰੋਹਿਤ ਸਿੰਘ ਪਿੰਡ ਮੰਗੇ ਖਾਂ (ਫ਼ਿਰੋਜ਼ਪੁਰ) ਦੀ ਸ਼ਿਕਾਇਤ ਉੱਤੇ ਚਾਰ ਅਣਪਛਾਤੇ ਅਗਵਾਕਾਰਾਂਖ਼ਿਲਾਫ਼ ਕੇਸ ਦਰਜ ਕੀਤਾ ਹੈ।ਰੋਹਿਤ ਸਿੰਘ ਨੇ ਦੱਸਿਆ ਕਿ ਉਹ ਪਿੰਡ ਮੰਗੇ ਖਾਂ ਵਿੱਚ ਨਾਈ ਦੀ ਦੁਕਾਨ ਕਰਦਾ ਹੈ ਅਤੇਉਸ ਦੀ ਵੱਡੀ ਭੈਣ ਕੁਲਦੀਪ ਕੌਰ, ਜੋ ਤਲਾਕਸ਼ੁਦਾ ਤੇ ਦੋ ਬੱਚਿਆਂ ਦੀ ਮਾਂ ਹੈ, ਉਸਦੇ ਪਿੰਡ ਹੀ ਰਹਿਣ ਲੱਗ ਪਈ ਸੀ। ਉਹ ਕਰੀਬ 7-8 ਮਹੀਨੇ ਤੋਂ ਮੋਗਾ ਵਿਖੇ ਪ੍ਰੀਤ ਨਾਂ ਦੀ ਔਰਤ ਕੋਲ ਘਰੇਲੂ ਕੰਮ ਕਰਦੀ ਸੀ ਤੇ



ਜ਼ਿਆਦਾਤਰ ਮੋਗੇ ਹੀ ਰਹਿੰਦੀ ਸੀ। ਕੁਝ ਦਿਨਾਂ ਤੋਂ ਉਹ ਆਪਣੇ ਬੱਚਿਆਂ ਨੂੰ ਮਿਲਣ ਲਈ ਪਿੰਡ ਆਈ ਸੀ। ਉਸ ਨੇ ਮੈਨੂੰ ਕਿਹਾ ਕਿ ਮੈਂ ਪ੍ਰੀਤ ਕੋਲੋਂ ਪੈਸੇ ਲੈਣੇ ਹਨ, ਜਿਸ ਉੱਤੇ ਮੈਂ ਉਸ ਨੂੰ ਨਾਲ ਲੈ ਕੇ ਕੱਲ੍ਹ 8.30 ਵਜੇ ਕਰੀਬ ਲਾਲ ਸਿੰਘ ਰੋਡ ਮੋਗਾ ਉੱਤੇ ਪੁੱਜਾ। ਰੋਹਿਤ ਦੇ ਅਨੁਸਾਰ ਉਸ ਦੀ ਭੈਣ ਪ੍ਰੀਤ ਦੀ ਉਡੀਕ ਕਰਨ ਲੱਗ ਪਈ ਅਤੇ ਉਹ ਫੋਨ ਸੁਣਦਾ-ਸੁਣਦਾ ਸ਼ਮਸ਼ਨਾਘਾਟ ਵੱਲ ਚਲਾ ਗਿਆ। ਇਸਦੌਰਾਨਹਰਿਆਣਾ ਦੀ ਇੱਕ ਅਲਟੋ ਕਾਰ ਉਥੇ ਪੁੱਜੀ ਅਤੇ ਮੇਰੀ ਭੈਣ ਉਚੀ-ਉਚੀ ਬੋਲਣ ਲੱਗ ਪਈ। ਜਦ ਮੈਂ ਮੌਕੇ ਉੱਤੇ ਪੁੱਜਾ ਤਾਂ ਵੇਖਿਆ ਕਿ ਕਾਰ ਵਿੱਚ 2-3 ਨੌਜਵਾਨ ਅਤੇ ਇੱਕ ਔਰਤ ਬੈਠੀ ਸੀ, ਜਿਨ੍ਹਾਂ ਨੇ ਮੇਰੀ ਭੈਣ ਨੂੰ ਜ਼ਬਰਦਸਤੀ ਕਾਰ ਵਿੱਚ ਸੁੱਟਿਆ ਅਤੇ ਪਹਾੜਾ ਸਿੰਘ ਚੌਕ ਵੱਲ ਲੈ ਗਏ। ਐਸ ਪੀ ਡੀ ਦੀ ਅਗਵਾਈ ਵਿੱਚ ਵੱਖ-ਵੱਖ ਪੁਲਸ ਟੀਮਾਂ ਬਣਾਈਆਂ ਗਈਆਂ ਹਨ, ਜੋ ਆਸ-ਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ਼ ਨੂੰ ਫੋਲ ਰਹੀਆਂ ਹਨ ਅਤੇ ਕਈ ਸ਼ੱਕੀ ਟਿਕਾਣਿਆਂ ਉੱਤੇ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ।

# ਕੰਗਣਾ ਰਣੌਤ ਨੂੰ ਮਾਣਹਾਨੀ ਕੇਸ ਵਿੱਚ ਬਠਿੰਡਾ ਅਦਾਲਤ ਵੱਲੋਂ ਸੰਮਨ ਜਾਰੀ

ਬਠਿੰਡਾ, 24 ਫਰਵਰੀ (ਪੋਸਟ ਬਿਊਰੋ)- ਏਥੋਂ ਦੀ ਇੱਕ ਅਦਾਲਤ ਨੇ ਮਾਣਹਾਨੀ ਕੇਸ ਵਿੱਚ ਬਾਲੀਵੁੱਡ ਦੀ ਅਦਾਕਾਰਾ ਕੰਗਣਾ ਰਣੌਤ ਨੂੰ ਸੰਮਨ ਜਾਰੀ ਕਰ ਕੇ 19 ਅਪ੍ਰੈਲ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਕੀਤੇ ਹਨ। ਇਹ ਸੰਮਨ ਕਿਸਾਨ ਔਰਤ ਮਾਤਾ ਮਹਿੰ-ਦਰ ਕੌਰ ਵੱਲੋਂ ਕੰਗਣਾ ਰਣੌਤ ਦੇ ਖ਼ਿਲਾਫ਼ ਬਠਿੰਡਾ ਦੀ ਅਦਾਲਤ ਵਿੱਚਕੀਤੇ ਮਾਣਹਾਨੀ ਕੇਸ ਵਿੱਚ ਜਾਰੀ ਕੀਤੇ ਗਏ ਹਨ ਅਤੇ ਕੰਗਣਾ ਨੂੰ ਪੇਸ਼ੀ ਲਈ ਕਿਹਾ ਗਿਆ ਹੈ।



ਵਰਨਣ ਯੋਗ ਹੈ ਕਿ ਕਿਸਾਨ ਅੰਦੋਲਨ ਦੇ ਦੌਰਾਨ ਕੰਗਣਾ ਰਣੌਤ ਨੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਕਿਸਾਨ ਬੀਬੀ ਮਹਿੰਦਰ ਕੌਰ ਦੀ ਫੋਟੋ ਆਪਣੇ ਟਵਿੱਟਰ ਅਕਾਊਂਟਤੋਂ ਸਾਂਝੀ ਕਰ ਕੇ ਟਿੱਪਣੀ ਕੀਤੀ ਸੀ ਕਿ ਇਹ ਦਾਦੀ ਦਿੱਲੀ ਦੇ ਸ਼ਾਹੀਨ ਬਾਗ਼ ਵਿੱਚ ਚੱਲੇ ਅੰਦੋਲਨ ਵਿੱਚ ਵੀ ਸ਼ਾਮਲ ਹੋਈ ਸੀ ਅਤੇ ਅਜਿਹੀਆਂ ਔਰਤਾਂ ਸੌ-ਸੌ ਰੁਪਏ ਦਿਹਾੜੀ ਲੈ ਕੇ ਅਜਿਹੇ ਅੰਦੋਲਨਾਂ ਦਾ ਹਿੱਸਾ ਬਣਦੀਆਂ ਹਨ। ਇਸ ਟਿੱਪਣੀ ਪਿੱਛੋਂ ਕੰਗਨਾ ਰਣੌਤ ਦੇ ਖ਼ਿਲਾਫ਼ ਦੇਸ਼ ਭਰ ਦੇ ਕਿਸਾਨਾਂ ਅਤੇ ਔਰਤਾਂ ਵਿੱਚ ਰੋਸ ਉਠਿਆ ਸੀ। ਇਸੇ ਰੋਸ ਵਜੋਂ ਮਾਣਹਾਨੀ ਦਾ ਕੇਸ ਕੀਤਾ ਗਿਆ ਸੀ।

ਮਾਤਾ ਮਹਿੰਦਰ ਕੌਰ ਦੇ ਵਕੀਲ ਨੇ ਦੱਸਿਆ ਕਿ ਬਠਿੰਡਾ ਦੇ ਜੁਡੀਸ਼ਲ ਮੈਜਿਸਟ੍ਰੇਟ ਤਾਨਵੀ ਗੁਪਤਾ ਦੀ ਅਦਾਲਤ ਵਿੱਚ 4 ਜਨਵਰੀ 2021 ਨੂੰ ਕੰਗਣਾ ਦੇ ਖ਼ਿਲਾਫ਼ ਮਾਣਹਾਨੀ ਦਾ ਕੇਸ ਕੀਤਾ ਗਿਆ ਸੀ। ਜੇ ਉਕਤ ਸੰਮਨ ਉੱਤੇ ਕੰਗਣਾ ਅਦਾਲਤ ਵਿੱਚ ਪੇਸ਼ ਨਹੀਂ ਹੁੰਦੀ ਤਾਂ ਫਿਰ ਅਦਾਲਤ ਵੱਲੋਂ ਉਸਦੇ ਜ਼ਮਾਨਤੀ ਵਾਰੰਟ ਜਾਰੀ ਕੀਤੇ ਜਾਣਗੇ, ਜੇ ਉਹ ਫਿਰ ਵੀ ਅਦਾਲਤੀ ਹੁਕਮਾਂ ਨੂੰ ਨਹੀਂ ਮੰਨਦੀ ਤਾਂ ਉਸ ਦੇ ਗ਼ੈਰ-ਜ਼ਮਾਨਤੀ ਵਰੰਟ ਜਾਰੀ ਹੋਣਗੇ। ਇਸ ਮੁਕੱਦਮੇ ਤਹਿਤ ਕੰਗਣਾ ਰਣੌਤ ਨੂੰ ਅਦਾਲਤ ਵੱਲੋਂ ਦੋ ਸਾਲਾਂ ਦੀ ਸੁਣਾਈ ਜਾ ਸਕਦੀ ਹੈ।

# ਮੋਟਰ ਸਾਈਕਲ ਸਵਾਰ ਇਨੋਵਾ ਵਿੱਚੋਂ ਅਟੈਚੀ ਲੈ ਕੇ ਫਰਾਰ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਗੁਰੂ ਗੋਬਿੰਦ ਸਿੰਘ ਐਵੇਨਿਊ ਨੇੜੇ ਇੱਕ ਆਦਮੀ ਨੇ ਇਨੋਵਾ ਦਾ ਤੇਲ ਲੀਕ ਹੋਣ ਦੀ ਗੱਲ ਕਹਿ ਕੇ ਗੱਡੀ ਰੁਕਵਾਈ ਅਤੇ ਗੱਡੀ ਵਿੱਚ ਬਦਬੂਦਾਰ ਚੀਜ਼ ਸੁੱਟ ਦਿੱਤੀ। ਜਦ ਡਰਾਈਵਰ ਤੇ ਮਾਲਕ ਕਾਰ ਵਿੱਚੋਂ ਬਾਹਰ ਨਿਕਲੇ ਤਾਂ ਮੌਕਾ ਮਿਲਦੇ ਸਾਰ ਦੋਸ਼ੀ ਕਾਰ ਵਿੱਚ ਪਿਆ ਅਟੈਚੀ ਚੁੱਕ ਕੇ ਫਰਾਰ ਹੋ ਗਿਆ। ਇਸ ਅਟੈਚੀ ਕੇਸ ਵਿੱਚ ਆਈਪੈਡ ਅਤੇ ਸਮਾਰਟਫੋਨ ਵੀ ਸੀ। ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਰਣਜੀਤ ਨਗਰ, ਬਾਰਾਦਰੀ ਦੇ ਰਹਿਣ ਵਾਲੇ ਪੀੜਤ ਜੈ ਕਿਸ਼ਨ ਸੈਣੀ (78) ਨੇ ਦੱਸਿਆ ਕਿ ਕੱਲ੍ਹ ਉਹ ਆਪਣੀ ਇਨੋਵਾ ਕਾਰ ਵਿੱਚ ਜਾ ਰਹੇ ਸਨ ਅਤੇ ਗੱਡੀ ਡਰਾਈਵਰ ਚਲਾ ਰਿਹਾ ਸੀ। ਜਦੋਂ ਉਹ ਗੁਰੂ ਗੋਬਿੰਦ ਸਿੰਘ ਐਵੇਨਿਊ ਨੇੜੇ ਪਹੁੰਚੇ ਤਾਂ ਕਾਲੇ ਰੰਗ ਦੀ ਐਫ ਜ਼ੈਡ ਮੋਟਰ ਸਾਈਕਲ ਉੱਤੇ ਆਏ ਨੌਜਵਾਨ ਨੇ ਉਨ੍ਹਾਂ ਨੂੰ ਕਿਹਾ ਕਿ ਕਾਰਦਾ ਤੇਲ ਲੀਕ ਹੋ ਰਿਹਾ ਹੈ। ਡਰਾਈਵਰ ਗੱਡੀ ਸਾਈਡ ਉੱਤੇ ਲਾ ਕੇ ਤੇਲ ਚੈਕ ਕਰਨ ਲੱਗਾ ਤਾਂ ਉਸ ਵਿਅਕਤੀ ਨੇ ਕੋਈ ਬਦਬੂਦਾਰ ਚੀਜ਼ ਕਾਰ ਅੰਦਰ ਸੁੱਟ ਦਿੱਤੀ। ਬਦਬੂ ਕਾਰਨ ਉਹ ਵੀ ਕਾਰ ਵਿੱਚੋਂ ਬਾਹਰ ਆ ਗਏ। ਤਦ ਦੋਸ਼ੀ ਨੇ ਮੌਕਾ ਪਾ ਕੇ ਗੱਡੀ ਵਿੱਚ ਪਿਆ ਇੱਕ ਅਟੈਚੀ ਚੋਰੀ ਕਰ ਲਿਆ ਅਤੇ ਫਰਾਰ ਹੋ ਗਿਆ।

# ਸਫੈਦੇ ਨਾਲ ਕਾਰ ਟਕਰਾਈ, ਚਾਲਕ ਦੀ ਮੌਤ

ਮੱਲ੍ਹੀਆਂ ਕਲਾਂ, 24 ਫਰਵਰੀ (ਪੋਸਟ ਬਿਊਰੋ)- ਨਕੋਦਰ-ਕਪੂਰਥਲਾ ਰੋਡ ਉੱਤੇ ਅੱਡਾ ਟੁੱਟ ਕਲਾਂ ਨੇੜੇ ਇੱਕ ਕਾਰ ਦੇ ਸਫੈਦੇ ਨਾਲ ਟਕਰਾਉਣ ਕਾਰਨ ਚਾਲਕ ਗੰਭੀਰ ਜ਼ਖਮੀ ਹੋ ਗਿਆ। ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਗੁਲਜ਼ਾਰ ਸਿੰਘ (67) ਪਿੰਡ ਡੱਲਾ ਥਾਣਾ ਨੂਰਮਹਿਲ ਆਪਣੀ ਕਾਰ ਵਿੱਚ ਆਪਣੀ ਪਤਨੀ ਨੂੰ ਕਪੂਰਥਲਾ ਵਿਖੇ ਛੱਡ ਕੇ ਵਾਪਸ ਆਪਣੇ ਪਿੰਡ ਡੱਲਾ ਜਾ ਰਿਹਾ ਸੀ। ਜਦੋਂ ਉਹ ਅੱਡਾ ਟੁੱਟ ਕਲਾਂ ਨੇੜੇ ਕਿਸੇ ਗੱਡੀ ਨੂੰ ਕਰਾਸ ਕਰਨ ਲੱਗਾ ਤਾਂ ਗੱਡੀ ਦਾ ਸੰਤੁਲਨ ਵਿਗੜ ਗਿਆ ਤੇ ਉਹ ਸੜਕ ਕਿਨਾਰੇ ਲੱਗੇ ਸਫੈਦੇ ਨਾਲ ਜਾ ਟਕਰਾਈ, ਜਿਸ ਕਾਰਨ ਗੁਲਜ਼ਾਰ ਸਿੰਘ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਜਲੰਧਰ ਹਸਪਤਾਲ ਵਿਖੇ ਲਿਜਾਂਦੇ ਸਮੇਂ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਇਸ ਮੌਕੇ ਉਸ ਦਾ ਪੋਤਰਾ ਵੀ ਉਸ ਨਾਲ ਸੀ, ਜੋ ਵਾਲ-ਵਲ ਬਚ ਗਿਆ। ਮ੍ਰਿਤਕ ਦੇ ਦੋਵੇਂ ਬੇਟੇ ਬਾਹਰ ਹਨ, ਜਿਨ੍ਹਾਂ ਦੇ ਆਉਣ ਉੱਤੇ ਹੀ ਉਨ੍ਹਾਂ ਦਾ ਸਸਕਾਰ ਕੀਤਾ ਜਾਵੇਗਾ।

# ਸੁਪਰੀਮ ਕੋਰਟ ਨੇ ਕਿਹਾ: ਕਾਰੋਬਾਰੀ ਕੰਮ ਲਈ ਬੈਂਕ ਦੀ ਸੇਵਾ ਲੈਣ ਵਾਲਾ ਵਿਅਕਤੀ ਕੰਜ਼ਿਊਮਰ ਨਹੀਂ ਹੁੰਦਾ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਕਿ ਕਾਰੋਬਾਰੀ ਉਦੇਸ਼ ਲਈ ਬੈਂਕ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲਾ ਵਿਅਕਤੀ ਕੰਜ਼ਿਊਮਰ ਪ੍ਰੋਟੈਕਸ਼ਨ ਐਕਟ ਹੇਠ ਕੰਜ਼ਿਊਮਰ ਨਹੀਂ। ਅਦਾਲਤ ਨੇ ਸਾਫ ਕੀਤਾ ਕਿ ਕੰਜ਼ਿਊਮਰ ਦੇ ਘੇਰੇ ਵਿੱਚਆਉਣ ਲਈ ਇੱਕ ਵਿਅਕਤੀ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਸੇਵਾਵਾਂ ਦੀ ਵਰਤੋਂ ਕੇਵਲ ਸਵੈ-ਰੁਜ਼ਗਾਰ ਦੇ ਮਾਧਿਅਮ ਰਾਹੀਂ ਰੋਜ਼ੀ-ਰੋਟੀ ਕਮਾਉਣ ਲਈ ਕੀਤੀ ਗਈ ਸੀ। ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਕਿਹਾ ਕਿ ਇਸ ਦਾ ਕੋਈ ਸਿੱਧਾ-ਸਪਾਟ ਫਾਰਮੂਲਾ ਨਹੀਂ ਹੋ ਸਕਦਾ ਤੇ ਏਦਾਂ ਦਾ ਨਿਰਧਾਰਨ ਹਰ ਕੇਸ ਵਿੱਚ ਰੱਖੇ ਗਏ ਸੂਤਰਾਂ ਦੇ ਆਧਾਰ ਉੱਤੇ ਕਰਨਾ ਹੋਵੇਗਾ। ਅਦਾਲਤ ਨੇ ਕਿਹਾ ਕਿ ਜਦੋਂ ਕੋਈ ਵਿਅਕਤੀ ਇਸ ਨਿਯਮ ਵਿੱਚ‘ਕੰਜ਼ਿਊਮਰ’ ਸ਼ਬਦ ਦੇ ਦਾਇਰੇ ਵਿੱਚ ਆਉਣ ਲਈ ਕਾਰੋਬਾਰੀ ਉਦੇਸ਼ ਨਾਲ ਸੇਵਾ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਸਾਬਤ ਕਰਨਾ ਹੋਵੇਗਾ ਕਿ ਸੇਵਾਵਾਂ ਦੀ ਵਰਤੋਂ ਕੇਵਲ ਸਵੈ-ਰੁਜ਼ਗਾਰ ਦੇ ਮਾਧਿਅਮ ਨਾਲ ਰੋਜ਼ੀ-ਰੋਟੀ (ਅਜੀਵਿਕਾ) ਕਮਾਉਣ ਦੇ ਮਕਸਦ ਨਾਲ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਕੰਜ਼ਿਊਮਰ ਪ੍ਰੋਟੈਕਸ਼ਨ ਐਕਟ-2020 ਸਾਫ ਦੱਸਦਾ ਹੈ ਕਿ ਕਾਰੋਬਾਰੀ ਲੈਣ-ਦੇਣ ਨੂੰ ਉਸ ਨਿਯਮ ਦੇ ਘੇਰੇਤੋਂ ਬਾਹਰ ਰੱਖਣਾ ਵਿਧਾਨਕ ਸੋਚ ਹੈ। ਅਦਾਲਤ ਨੇ ਕਿਹਾ ਕਿ ਨਿਯਮ ਦਾ ਉਦੇਸ਼ ਉਸ ਵਿਅਕਤੀ ਨੂੰ ਲਾਭ ਦੇਣਾ ਵੀ ਹੈ ਜੋ ਅਜਿਹੇ ਕਾਰੋਬਾਰੀ ਲੈਣ-ਦੇਣ ਦਾ ਹਿੱਸਾ ਉਦੋਂ ਬਣਦਾ ਹੈ ਜਦੋਂ ਉਹ ਇਨ੍ਹਾਂ ਵਸਤਾਂ ਤੇ ਸੇਵਾਵਾਂ ਦਾ ਇਸਤੇਮਾਲ ਕੇਵਲ ਸਵੈ-ਰੁਜ਼ਗਾਰ ਦੇ ਮਾਧਿਅਮ ਨਾਲ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਕਰਦਾ ਹੈ।






ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149


ਸ਼ਗਨਾਂ ਵਾਲੀ ਥੈਲੀ


ਡੀਜ਼ਾਈਨਰ ਸੂਟ
ਸ਼ਾਲ



# ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਦੋ ਹਰਫ਼ ਰਸੀਦੀ ਦੇ ਦੂਜੇ ਐਡੀਸ਼ਨ ਦਾ ਲੋਕ ਅਰਪਣ

ਲੁਧਿਆਣਾ 24 ਫਰਵਰੀ (ਗਿਆਨ ਸਿੰਘ): ਬੀਤੇ ਦਿਨੀਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਗੁਰਭਜਨ ਗਿੱਲ ਦੇ ਕਾਵਿ ਸੰਗ੍ਰਹਿ ਦੋ ਹਰਫ਼ ਰਸੀਦੀ ਦੇ ਦੂਜੇ ਐਡੀਸ਼ਨ ਨੂੰ ਲੋਕ ਅਰਪਨ ਕਰਦਿਆਂ ਉੱਘੇ ਸਭਿਆਚਾਰਕ ਕਾਮੇ ਤੇ ਵਿਰਾਸਤ ਫਾਉਂਡੇਸ਼ਨ ਬ੍ਰਿਟਿਸ਼ ਕੋਲੰਬੀਆ ਦੇ ਪ੍ਰਤੀਨਿਧ ਸਃ ਭੁਪਿੰਦਰ ਸਿੰਘ ਮੱਲ੍ਹੀ ਨੇ ਕਿਹਾ ਹੈ ਕਿ ਮਨੁੱਖ ਨੂੰ ਲਗਾਤਾਰ ਸੰਵੇਦਨਸ਼ੀਲ ਬਣਾਈ ਰੱਖਣ ਲਈ ਸ਼ਬਦ, ਸੁਰ ਸੰਗੀਤ ਤੇ ਚਿਤਰਕਾਰੀ ਨਾਲ ਸਬੰਧਿਤ ਕਲਾਕਾਰਾਂ ਨੂੰ ਸਿਰ ਜੋੜ ਕੇ ਤੁਰਨਾ ਚਾਹੀਦਾ ਹੈ ਤਾਂ ਜੋ ਸਰਮਾਏ ਦੀ ਅੰਨ੍ਹੀ ਦੌੜ ਸਾਨੂੰ ਪੱਥਰ ਜੂਨ ਵਿੱਚ ਨਾ ਪਾ ਦੇਵੇ। ਉਨ੍ਹਾਂ ਕਿਹਾ ਕਿ ਸਾਹਿੱਤ ਸੰਗੀਤ ਤੇ ਨਾਟਕ ਚੇਟਕ ਨਾਲ ਸਬੰਧਿਤ ਸੰਸਥਾਵਾਂ ਤੋਂ ਬਿਨਾ ਸਾਨੂੰ ਵਿਅਕਤੀਗਤ ਪੱਧਰ ਤੇ ਵੀ ਸੰਗਠਿਤ ਕਾਫ਼ਲੇ ਬੰਨ੍ਹਣ ਦੀ ਲੋੜ ਹੈ।

ਉਨ੍ਹਾਂ ਗੁਰਭਜਨ ਗਿੱਲ ਨੂੰ ਮੁਬਾਰਕ ਦਿੱਤੀ ਜਿੰਨ੍ਹਾਂ ਨੇ ਦੇਸ਼ ਬਦੇਸ਼ ਚ ਵੱਸਦੇ ਲੇਖਕਾਂ ਕਲਾਕਾਰਾਂ ਤੇ ਬੁੱਧੀਜੀਵੀਆਂ ਨੂੰ ਪੰਜਾਬ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਜੋੜਨ ਦੇ ਨਾਲ ਨਾਲ ਸਾਹਿੱਤਕ ਸਭਿਆਚਾਰਕ ਸਰਗਰਮੀਆਂ ਵਿੱਚ ਵੀ ਭਾਈਵਾਲ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਵਿਖੇ ਲੋਕ ਮੰਚ ਵੱਲੋਂ ਕਰਵਾਏ ਸਮਾਗਮ ਵਿੱਚ ਮੈਨੂੰ ਗ਼ਜ਼ਲ ਗੁਲਜ਼ਾਰਃ ਵਾਘਿਉਂ ਪਾਰ ਪੁਸਤਕ ਸਃ ਸੁਰਿੰਦਰ ਸਿੰਘ ਸੁੱਨੜ ਨੇ ਆਪਣੀ ਆਵਾਜ਼ ਪ੍ਰਕਾਸ਼ਨ ਵੱਲੋਂ ਭੇਂਟ ਕੀਤੀ ਜਿਸ ਚ ਪਾਕਿਸਤਾਨ ਦੇ 101 ਪੰਜਾਬੀ ਗ਼ਜ਼ਲਕਾਰਾਂ ਦਾ ਕਲਾਮ ਸ਼ਾਮਿਲ ਸੀ। ਇਸ ਕਿਤਾਬ ਦੇ ਮੁੱਖ ਬੰਦ ਤੋਂ ਮੈਨੂੰ ਪਤਾ ਲੱਗਾ ਕਿ ਨੂਰ ਮੁਹੰਮਦ ਨੂਰ ਜੀ ਦੇ ਇਸ ਮਹੱਤਵਪੂਰਨ ਕਾਰਜ ਨੂੰ ਪ੍ਰਕਾਸ਼ ਨਸੀਬ ਨਹੀਂ ਸੀ ਹੋਣਾ ਜੇਕਰ ਗੁਰਭਜਨ ਦੀ ਪ੍ਰੇਰਨਾ ਸ਼ਕਤੀ ਨਾ ਹੁੰਦੀ।



ਭੁਪਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਮੈਂ ਗੁਰਭਜਨ ਗਿੱਲ ਦੀਆਂ ਲਿਖਤਾਂ ਅਕਸਰ ਪੜ੍ਹਦਾ ਹਾਂ ਅਤੇ ਉਸ ਦੀਆਂ ਪਿਛਲੇ ਸਮੇਂ ਚ ਛਪੀਆਂ ਸੱਜਰੀਆਂ ਕਿਤਾਬਾਂ ਪੱਤੇ ਪੱਤੇ ਲਿਖੀ ਇਬਾਰਤ, ਚਰਖ਼ੜੀ, ਸੁਰਤਾਲ ਤੇ ਮੋਰਪੰਖ ਦੀਆਂ ਕਾਪੀਆਂ ਖ਼ਰੀਦ ਕੇ ਵੱਡੀ ਗਿਣਤੀ ਚ ਕੈਨੇਡਾ ਲਿਜਾ ਰਿਹਾ ਹਾਂ ਤਾਂ ਜੋ ਸ਼ਬਦ ਸਭਿਆਚਾਰ ਦਾ ਪਸਾਰ ਹੋ ਸਕੇ।

ਉਨ੍ਹਾਂ ਦੱਸਿਆ ਕਿ ਜਿਵੇਂ ਡਾਃ ਪ੍ਰੇਮ ਪ੍ਰਕਾਸ਼ ਸਿੰਘ ਜੀ ਦਾ ਸਿਮਰਤੀ ਗਰੰਥ ਉਨ੍ਹਾਂ ਦੀ ਸੰਸਥਾ ਸਾਉਥ ਏਸ਼ੀਅਨ ਰੀਵੀਉ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ ਉਵੇਂ ਹੀ ਹੁਣ ਡਾਃ ਕਰਨੈਲ ਸਿੰਘ ਥਿੰਦ ਜੀ ਦੀ ਯਾਦ ਵਿੱਚ ਸਿਮਰਤੀ ਗਰੰਥ ਤਿਆਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਪਿਛਲੇ ਦਿਨੀਂ ਵਿੱਛੜੇ ਮਨੁੱਖੀ ਹੱਕਾਂ ਦੇ ਰਖਵਾਲੇ ਜਸਟਿਸ ਅਜੀਤ ਸਿੰਘ ਬੈਂਸ ਨਾਲ ਸਬੰਧਿਤ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਹ ਉਨ੍ਹਾਂ ਨੂੰ ਅਕਾਲ ਚਲਾਣਾ ਕਰਨ ਤੋਂ ਸਿਰਫ਼ ਪੰਜ ਦਿਨ ਪਹਿਲਾਂ ਹੀ ਮਿਲ ਕੇ ਆਏ ਸਨ ਅਤੇ ਉਨ੍ਹਾਂ ਤਿੰਨ ਮਹੀਨਿਆਂ ਤੀਕ ਸੌ ਸਾਲ ਦੀ ਉਮਰ ਪੂਰੀ ਕਰ ਲੈਣੀ ਸੀ।

ਗੁਰਭਜਨ ਗਿੱਲ ਨੇ ਭੁਪਿੰਦਰ ਸਿੰਘ ਮੱਲ੍ਹੀ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਉਨ੍ਹਾਂ ਦੀ ਗ਼ਜ਼ਲ ਪੁਸਤਕ ਦੋ ਹਰਫ਼ ਰਸੀਦੀ ਨੂੰ ਲੋਕ ਅਰਪਣ ਕਰਨ ਦਾ ਮਾਣ ਬਖ਼ਸ਼ਿਆ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਕੈਨੇਡਾ ਅਮਰੀਕਾ ਤੇ ਹੋਰ ਪਰਦੇਸੀ ਧਰਤੀਆਂ ਤੇ ਵੱਸਦੇ ਪੰਜਾਬੀਆਂ ਨੂੰ ਮਾਂ ਬੋਲੀ ਵਿਕਾਸ ਲਈ ਆਪੋ ਆਪਣੇ ਘਰਾਂ ਵਿੱਚ ਨਿੱਕੀਆਂ ਨਿੱਕੀਆਂ ਲਾਇਬਰੇਰੀਆਂ ਵਿਕਸਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਅਗਲੀ ਪੀੜ੍ਹੀ ਆਪਣੇ ਵਿਰਾਸਤੀ ਮਾਣ ਨਾਲ ਅੱਗੇ ਵਧ ਸਕੇ।

ਇਸ ਮੌਕੇ ਸਃ ਚੰਦਨ ਸਿੰਘ ਮੱਲ੍ਹੀ ਤੇ ਸਰਬ ਅਕਾਲ ਫਾਉਂਡੇਸ਼ਨ ਕੈਨੇਡਾ ਦੇ ਭਾਰਤ ਵਿੱਚ ਪ੍ਰਤੀਨਿਧ ਗੁਰਵਿੰਦਰ ਸਿੰਘ ਨਾਮਧਾਰੀ ਵੀ ਹਾਜ਼ਰ ਸਨ।

ਮੀਟਿੰਗ ਵਿੱਚ ਵਿੱਛੜੇ ਮਹਾਨ ਪੰਜਾਬੀ ਖੋਜੀ ਲੋਕਧਾਰਾ ਵਿਦਵਾਨ ਡਾਃ ਕਰਨੈਲ ਸਿੰਘ ਥਿੰਦ, ਲੋਕ ਹੱਕਾਂ ਦੇ ਪਹਿਰੇਦਾਰ ਜਸਟਿਸ ਅਜੀਤ ਸਿੰਘ ਬੈਂਸ ਤੇ ਪੰਜਾਬੀ ਆਲੋਚਕ ਤੇ ਪ੍ਰਬੁੱਧ ਅਧਿਆਪਕ ਆਗੂ ਡਾਃ ਰਜਨੀਸ਼ ਬਹਾਦਰ ਸਿੰਘ ਸੰਪਾਦਕ ਪ੍ਰਵਚਨ ਦੇ ਵਿਛੋੜੇ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769










ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013






ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਲੜਕਾ, ਉਮਰ 33 ਸਾਲ ਕੱਦ 5'11'', 16 ਏਕੜ ਜ਼ਮੀਨ, +12 ਪਾਸ, ਵੈਸ਼ਨੂੰ ਪਰਿਵਾਰ, ਲਈ ਪੜ੍ਹੀ ਲਿਖੀ, ਨੈਨੀ ਬੇਸ ਕੈਨੇਡਾ ਜਾਣ ਵਾਲੀ ਲੜਕੀ ਦੀ ਲੋੜ ਹੈ। ਲੜਕੀ ਦੀ ਉਮਰ 28 ਸਾਲ ਤੋਂ ਘੱਟ ਨਾ ਹੋਵੇ। ਲੜਕੇ ਦੀ ਭੈਣ ਉਮਰ 36 ਸਾਲ, ਕੱਦ 5'5'', ਕੈਨੇਡਾ ਪੀਆਰ, ਪੜ੍ਹੀ ਲਿਖੀ ਲੜਕੀ ਲਈ, ਪੜ੍ਹੇ ਲਿਖੇ 15 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਮਾਪਿਆਂ ਦੀ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 780-236-5046 (ਵਟਸਐਪ ਨੰਬਰ), 780-203-5406, 9463429782

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7'', ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









For more info Call 905-793-2202 or e-mail ads@punjabipost.ca

# ਪੌਣੀ ਸਦੀ ਦਾ ਪੰਜਾਬ ਦੇਖਲਿਆ ਹੁਣ ਪੰਜਾਂ ਸਾਲਾਂ ਦਾ ਪੰਜਾਬ ਦੇਖਾਂਗੇ

ਆਜ਼ਾਦੀ ਬਾਅਦ ਇਹ ਲਹਿਰ ਫੈਲ ਗਈ ਸੀ ਕਿ ਸਿੱਖ ਭਾਈਚਾਰਾ ਖਾਲਿਸਤਾਨ ਦੀ ਮੰਗ ਕਰ ਰਿਹਾ ਹੈ। ਇਹ ਅਫਵਾਹ ਸਿੱਖ ਭਾਈਚਾਰੇ ਦੀ ਸੀ ਜਾਂ ਕੁੱਝ ਰਾਜਸੀ ਲੋਕਾਂ ਦੀ ਕਾਢ ਸੀ ਇਹ ਰੱਬ ਹੀ ਜਾਣੇ, ਪਰ ਇਸ ਲਹਿਰ ਚੋਂ ਹੀ ਪਹਿਲਾਂ ਇਹ ਪੰਜਾਬੀ ਸੂਬੇ ਦੀ ਮੰਗ ਆਈ ਅਤੇ ਫਿਰ ਅਸਾਂ ਦੇਖਿਆ ਕਿ ਇਸ ਲਹਿਰ ਵਿਚੋਂ ਹੀ ਅੱਤਵਾਦ ਵੀ ਆਇਆ, ਨੀਲਾ ਤਾਰਾ ਕਾਰਵਾਈ ਵੀ ਹੋਈ, ਸ੍ਰੀਮਤੀ ਇੰਦਰਾ ਗਾਂਧੀ ਜੀ ਦਾ ਕਤਲ ਕਰ ਦਿਤਾ ਗਿਆ, ਦਿਲੀ ਦੰਗੇ ਹੋਏ, ਸਿਖਕਤਲੇਆਮ ਕੀਤਾ ਗਿਆ ਅਤੇ ਕਿਤਨੇ ਹੀ ਸਿਖਨੌਜਾਵਨ ਮਾਰ ਦਿਤੇ ਗਏ, ਕਿ4ਤਨੇ ਹੀ ਸਿਖਨੌਜਵਾਨਾਂ ਨੂੰ ਫਾਂਸੀਆਂ ਉਤੇ ਟੰਗ ਦਿਤਾ ਗਿਆ, ਕਿਤਨੇ ਹੀ ਸਿਖ ਨੌਜਵਾਨਾਂ ਉਤੇ ਮੁਕਦਮੇ ਚਲਾਏ ਗਏ ਅਤੇ ਕਿਤਨੇ ਹੀ ਅਜ ਤਕ ਸਜ਼ਾਵਾਂ ਭੁਗਤ ਰਹੇ ਹਨ। ਸਾਡੇ ਦੇਖਦਿਆਂ ਦੇਖਦਿਆਂ ਬੜੇ ਹੀ ਖਾਸ ਢੰਗ ਨਾਲ ਇਹ ਪੰਜਾਬ ਛੋਟਾਂ ਕਰ ਦਿੱਤਾ ਗਿਆ ਅਤੇ ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ ਪੰਜਾਬ ਦਾ ਹਿੱਸਾ ਨਹੀਂ ਹਨ, ਅਰਥਾਤ ਅੱਜ ਪੰਜਾਬ ਪਾਸ ਆਪਣੇ ਉਸਾਰੀ ਰਾਜਧਾਨੀ ਵੀ ਖੋਹ ਲਿਤੀ ਗਈ ਹੈ। ਅੱਜ ਪੰਜਾਬ ਪਾਸ ਆਪਣਾ ਭਾਖੜਾ ਡੈਮ ਨਹੀਂ ਹੈ। ਅਜ ਪੰਜਾਬ ਪਾਸ ਆਪਣਾ ਬਿਜਲੀ ਘਰ ਨਹੀਂ ਹੈ। ਅਸੀਂ ਇਹ ਵੀ ਦੇਖ ਲਿਆ ਹੈ ਕਿ ਪੰਜਾਬ ਵਿਚੋਂ ਸਾਰੇ ਵਡੇ ਉਦਯੋਗ ਉਠਾ ਲਿਤੇ ਗਏ ਹਨ ਅਤੇ ਬਹੁਤ ਸਾਰੀਆਂ ਵਡੀਆਂ ਕੰਨੀਆਂ ਨੇ ਆਪਣਾ ਕਾਰੋਬਾਰ ਪੰਜਾਬ ਵਿਚੋਂ ਚੁੱਕ ਲਿਆ ਹੈ।

ਪਿਛਲੀ ਪੌਣੀ ਸਦੀ ਵਿੱਚ ਪੰਜਾਬ ਦੀ ਹਾਲਤ ਐਸੀ ਬਣਾ ਦਿੱਤੀ ਗਈ ਹੈ ਕਿ ਅੱਜ ਇਹ ਵਾਲਾ ਪੰਜਾਬ ਇਕ ਪਿੰਡ ਬਣ ਗਿਆ ਹੈ। ਇਹ ਪ੍ਰੰਗਰਨਯੋਗ ਪ੍ਰਾਂਤ ਨਹੀਂ ਰਿਹਾ ਹੈ। ਇਹ ਸਵੈਨਿਰਭਰ ਪ੍ਰਾਂਤ ਨਹੀਂ ਹੈ। ਇਸ ਵਿੱਚ ਬਸ ਖੇਤੀ ਬਾੜੀ ਹੀ ਹੈ ਅਤੇ ਇਸ ਵਿੱਚ ਵੀ ਅਜ ਰੁਜ਼ਗਾਰ ਦੇ ਮੌਕੇ ਬਹੁਤ ਹੀ ਘਟ ਗਏ ਹਨ ਅਤੇ ਅੱਜ ਪੰਜਾਬੀਆਂ ਦਾ ਰੋਜ਼ਾਨਾ ਦਾ ਜੀਵਨ ਵੀ ਦੂਜੇ ਪ੍ਰਾਂਤਾਂ ਉਤੇ ਨਿਭਰ ਹੋ ਗਿਆ ਹੈ।



ਅੱਜ ਪੰਜਾਬ ਦੇ ਨੌਜਵਾਨਾਂ ਨੂੰ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਨਹੀਂ ਮਿਲ ਰਹੇ ਹਨ ਅਤੇ ਸਰਟੀਫਿਕੇਟ, ਡਿਪਲੋਮੇ, ਡਿਗਰੀਆਂ ਲੈਕੇ ਨੌਜਾਵਨ ਭਟਕ ਰਿਹਾ ਹੈ, ਕਿਤਨੇ ਹੀ ਜ਼ਮੀਨ ਜਾਇਦਾਦਾ ਵੇਚਕੇ ਲਖਾਂ ਰੁਪੈ ਖਰਚ ਕੇ ਵਿਦੇਸ਼ਾਂ ਵਲ ਰੁਜ਼ਗਾਰ ਦੀ ਭਾਲ ਵਿੱਚ ਪਜ ਰਹੇ ਹਨ ਜਾਂ ਭਾਰ ਵਿੱਚ ਹੀ ਦੂਜੇ ਪ੍ਰਾਂਤਾਂ ਵਿੱਚ ਰੁਜ਼ਗਾਰ ਦੀ ਭਾਲ ਕਰ ਹੇ ਹਨ। ਕਿਤਨੇ ਹੀ ਅਪ੍ਰਾਧੀ ਬਣ ਗਏ ਹਨ, ਕਿਤਨੇ ਹੀ ਅਮਲੀ ਬਣ ਗਏ ਹਨ? ਇਹ ਅਤਵਾਦ ਲਈ ਵੀ ਮੁਲਕ ਵਿੱਚ ਨੌਜਵਾਨਾ ਦੀ ਕਮੀ ਨਹੀਂ ਹੈ।

ਇਹ ਹੈ ਪਿਛਲੀ ਪੌਣੀ ਸਦੀ ਦਾ ਪੰਜਾਬ ਦਾ ਇਤਿਹਾਸ ਅਤੇ ਕੋਈ ਇਹ ਆਖੇ ਇਹ ਪੰਜਾਬ ਤਰਕੀ ਕਰਦਾ ਰਿਹਾਹੈ ਤਾਂ ਇਹ ਸਾਰਾ ਕੁੱਝ ਹੀ ਗਲਤ ਹੈ। ਇਸ ਲਈ ਪੰਜਾਬੀ ਜ਼ਿਮੇਵਾਰ ਹਨ, ਸਿੱਖ ਭਾਈ ਚਾਰਾ ਜ਼ਿਮੇਵਾਰ ਹੈ ਜਾਂ ਰਾਜਸੀ ਲੋਕੀਂ ਜ਼ਿਮੇਵਾਰ ਹਨ ਇਹ ਗੱਲਾਂ ਬਸ ਵਿਚਾਰਨ ਵਾਲੀਆਂ ਹੀ ਹਨ ਅਤੇ ਵਿਚਾਰ ਵੀ ਲਈਏ ਤਾਂ ਵੀ ਕੋਈ ਫਾਇਦਾ ਨਹੀਂ ਹੈ। ਇਹ ਗੱਲ ਅੱਜ ਸਪਸ਼ਟ ਹੋ ਆਈ ਹੈ ਕਿ ਇਹ ਨੁਕਸਾਨਾਂ ਕਿਸੇ ਦੀ ਸਮਝ ਵਿੱਚ ਆ ਗਏ ਹਨ ਅਤੇ ਲੋਕਾਂ ਦੀ ਸਮਝ ਵਿੱਚ ਇਹ ਵੀ ਆ ਗਿਆ ਹੈ ਕਿ ਜ਼ਿਮੇਵਾਰ ਕੌਣ ਹੈ। ਹੈ।

ਇਸ ਵਾਰੀਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਆਵਾਜ਼ ਆਈ ਹੈ ਕਿ ਨਵਾਂ ਪੰਜਾਬ ਉਸਾਰਿਆ ਜਾਵੇਗਾ। ਅਰਥਾਤ ਰਾਜਸੀ ਪਾਰਟੀਆਂ ਦੀ ਸਮਝ ਵਿੱਚ ਵੀ ਇਹ ਗੱਲ ਆ ਗਈ ਹੈ ਕਿ ਪਿਛਲੀ ਪੌਣੀ ਸਦੀ ਵਿੱਚ ਬੜੀ ਹੀ ਸੋਚ ਸਮਝੀ ਸਾਜ਼ਿਸ਼ ਨਾਲ ਪੰਜਾਬ ਦਾ ਜਿਹੜਾ ਹਾਲ ਬਣਾ ਦਿਤਾ ਗਿਆ ਹੈ ਇਹ ਪ੍ਰਾਂਤ ਨਹੀਂ ਰਿਹਾ ਹੈ ਅਤੇ ਨਾਂ ਹੀ ਇਹ ਹੁਣ ਖਾਲਿਸਤਾਨ ਹੀ ਬਣ ਸਕਦਾ ਹੈ। ਅੱਜ ਜਿਹੜਾ ਵੀ ਦੇਸ਼ ਜਾਂ ਪ੍ਰਾਂਤ ਛੋਟਾ ਹੈ ਸਵੈਰਿਭਰ ਨਹੀਂ ਹੈ ਪ੍ਰੰਗਰਨਯੋਗ ਅਤੇ ਉਸਾਰੂ ਨਹੀਂ ਬਣ ਸਕਦਾ ਅਤੇ ਇਸ ਲਈ ਇਹ ਜਿਹੜਾ ਵੀ ਅੱਜ ਵਾਲਾ ਪੰਜਾਬ ਹੈ ਅਤੇ ਤਕ ਇਸਦਾ ਜਿਤਨਾ ਵੀ ਨੁਕਸਾਨ ਕਰ ਦਿੱਤਾ ਗਿਆ ਹੈ ਇਹ ਅਗਰ ਇਸੇ ਤਰ੍ਹਾਂ ਰਹਿ ਜਾਂਦਾ ਹੈ ਤਾਂ ਇਹ ਪ੍ਰਾਂਤ ਹੁਣ ਬਸ ਇਕ ਪਿੰਡ ਹੀ ਹੈ। ਇਹ ਅਜ ਚੋਣਾ ਤੋਂ ਪਹਿਲਾਂ ਰਾਜਸੀ ਲੋਕਾਂ ਨੇ ਇਹ ਜਿਹੜੀ ਨਵਾਂ ਪੰਜਾਬ ਖੜਾ ਕਰਨ ਦੀ ਗੱਲ ਤੋਰੀ ਹੈ ਇਹ ਹਾਲਾਂਕਿ ਸਪੱਸ਼ਟ ਹੋ ਕੇ ਸਾਹਮਣੇ ਨਹੀਂ ਆਈ ਹੈ। ਕੀ ਮੁੜ ਪੰਜਾਬ ਵਿੱਚੋਂ ਕਢੇ ਇਲਾਕੇ ਪੰਜਾਬ ਵਿੱਚ ਵਾਪਸ ਲਿਆਂਦੇ ਜਾਣਗੇ, ਕੀ ਪੰਜਾਬ ਨੂੰ ਰਾਜਧਾਨੀ ਮਿਲ ਜਾਵੇਗੀ, ਕੀ ਸਿਖ ਭਾਈਚਾਰੇ ਸਿਰ ਜਿਹੜੀ ਗਲਤ ਗਲ ਪਾ ਦਿਤੀ ਗਈ ਹੈ ਕਿ ਇਹ ਖਾਸਿਤਾਨ ਚਾਹ ਰਹੇ ਹਨ, ਖਤਮ ਕਰ ਦਿਤੀ ਜਾਵੇਗੀ ਇਹ ਗਲਾਂ ਹਾਲਾਂ ਬਸ ਸਵਾਲ ਹੀ ਹਨ ਅਤੇ ਬਣੇਗਾ ਕੀ ਇਹ ਗੱਲਾਂ ਸਪਸ਼ਟ ਨਹੀਂ ਕੀਤੀਆਂ ਗਈਆਂ ਹਨ। । ਸਿਖਾਂ ਖਿਲਾਫ ਇਤਨਾ ਪ੍ਰਚਾਰ ਕਰਦੇਣ ਦੇ ਬਾਵਜੂਦ ਸਿਖ ਭਾਈਚਾਰਾ ਭਾਰਤ ਵਿੱਚ ਕਾਇਮ ਹੈ। ਉਤਪਾਦਨ, ਉਦਯੋਗ, ਵਪਾਰ, ਰਖਿਆ, ਪ੍ਰਸ਼ਾਸਨ, ਪੁਲਿਸ, ਅਦਾਲਤਾਂ ਅਤੇ ਹੋਰ ਹਰ ਉਸਾਰੂ ਖੇਤਰ ਵਿੱਚ ਹਾਜ਼ਰ ਹੈ। ਭਾਰਤ ਦੇ ਲੋਕਾਂ ਨੇ ਇਤਨਾ ਪ੍ਰਚਾਰ ਹੋਣ ਦੇ ਬਾਵਜੂਦ ਸਿਖਾਂ ਉਤੇ ਵਿਸ਼ਵਾਸ ਕਰਨਾ ਛਡਿਆ ਨਹੀਂ ਹੈ। ਦੰਗਿਆਂ ਬਾਅਦ ਜਿਤਨੇ ਵੀ ਸਿਖਾਂ ਦਾ ਉਜਾੜਾ ਹੋਇਆ ਸੀ ਸਾਰੇ ਵਪਸ ਚਲੇ ਗਏ ਹਨ ਅਤੇ ਠੀਕ ਠਾਕ ਰਹਿ ਰਹੇ ਹਨ। ਹਰ ਕੋਈ ਜਾਣਦਾ ਹੈ ਕਿ -ਸੱਖ ਭਾਈਚਾਰਾ ਗਤੀਸ਼ੀਲ ਹੈ, ਪ੍ਰਗਤੀਸ਼ੀਲ ਹੈ ਅਤੇ ਦਬਕੇ ਕਮਾ ਅਤੇ ਰੱਜ ਕੇ ਖਾ ਅਛੇ ਹੰਦਾਂ ਵਿੱਚ ਵਿਸਵਾਸ ਰੱਖਦਾ ਹੈ ਅਤੇ ਅੱਜ ਸਿਖ ਭਾਈਚਾਰਾ ਜਿਥੇ ਵੀ ਚਲਾ ਗਿਆ ਹੈ ਉਥੇ ਹੀ ਸਥਾਪਿਤ ਹੈ ਅਤੇ ਮੌਜਾਂ ਪਿਆ ਕਰਦਾ ਹੈ। ਸਿਖਾਂ ਹਿੰਦੂਆਂ ਵਿੱਚ ਦੋਸਤੀਆਂ ਹਨ, ਰਿਸ਼ਤੇਦਾਰੀਆਂ ਹਨ ਅਤੇ ਭਾਈਚਾਰਿਕ ਅਤੇ ਧਾਰਮਿਕ ਸਾਂਝ ਵੀ ਹੈ।

ਸਿੱਖ ਭਾਈਚਾਰਾ ਹਿੰਦੁਸਤਾਨ ਦੀ ਆਜ਼ਾਦੀ ਲਈ ਸਥਾਪਿਤ ਹੋਇਆ ਸੀ ਅਤੇ ਗੁਰੂ ਨਾਨਕ ਦੇਵ ਜੀ ਨੇ ਹੀ ਬਾਬਰ ਦੇ ਹਮਲੇ ਵਕਤ ਆਖ ਦਿਤਾ ਸੀ ਕਿ ਇਹ ਜਿਹੜਾ ਰਾਜ ਆ ਰਿਹਾ ਹੈ ਇਹ ਬਹੁਤ ਹੀ ਮਾੜਾ ਹੈ। ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਕਤਾਂ ਤਕ ਬਾਕਾਇਦਾ ਹਥਿਆਰਬੰਦ ਹੋ ਕੇ ਮੁਗਲਾਂ ਖਿਲਾਫ ਜੰਗ ਸ਼ੁਰੂ ਕਰਨ ਵਿੱਚ ਸਿਖ ਭਾਈਚਾਰ ਮੋਹਰੀ ਰਿਹਾ ਹੈ।

ਹੁਣ ਵਕਤ ਆ ਗਿਆ ਹੈ ਕਿ ਸਿੱਖਾਂ ਵਿਰੁਧ ਇਹ ਜਿਹੜਾ ਵੀ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਇਹ ਖਤਮ ਕੀਤਾ ਜਾਵੇ ਅਤੇ ਇਸ ਦਾ ਬਦਲ ਪੰਜਾਬੀਆਂ ਪਾਸੋਂ ਨਾ ਲਿਤਾ ਜਾਵੇ। ਅੱਜ ਜਦ ਸਾਡੇ ਪ੍ਰਧਾਨ ਮੰਤਰੀ ਜੀ ਮੋਦੀ ਸਾਹਿਬ ਜਦ ਇਹ ਨਵਾਂ ਪੰਜਾਬ ਦੀ ਗਲ ਪਏ ਕਰਦੇ ਹਨ ਤਾਂ ਉਹ ਵੀ ਬਾਕਇਦਾ ਪੰਜਾਬੀ ਅਤੇ ਖਾਸ ਕਰਕੇ ਸਿੱਖਾਂ ਦੀ ਗੱਲ ਕਰਦੇ ਹਨ ਅਤੇ ਇਹ ਸੰਕੇਤ ਵਧੀਆ ਹਨ। ਜੱਦ ਤਕ ਸਿੱਖਾਂ ਉਤੇ ਸ਼ੰਕਾ ਬਣਿਆ ਰਵੇਗਾ, ਪੰਜਾਬ ਦਾ ਕੁੱਝ ਵੀ ਸੰਵਰਨਾਂ ਨਹੀਂ ਹੈ।

ਪ੍ਰਧਾਨ ਮੰਤਰੀ ਮੋਦੀ ਜਿਹਾ ਰਵੱਈਆ ਵੀ ਸਿੱਖਾਂ ਬਾਰੇ ਬਦਖਿਆਲਾ ਲਗਦਾ ਹੈ ਅਤੇ ਇਹ ਕਰਕੇ ਇਹ ਖਾਲਿਸਤਾਤਾਨ ਦੀ ਗੱਲਾਂ ਹੁਣ ਭੁਲਕੇ ਸਾਨੂੰ ਪੰਜਾਬ ਬਾਰੇ ਸੋਚਣਾ ਪਵੇਗਾ। ਅੱਜ ਵਕਤ ਆ ਗਿਆ ਹੈ ਵਡਾ ਪੰਜਾਬ ਬਣਾਉਣ ਦਾ ਅਤੇ ਅਗਰ ਜੰਮੂ ਕਸ਼ਮੀਰ ਵੀ ਪੰਜਾਬ ਵਿੱਚ ਰਲਾ ਦਿਤਾ ਜਾਵੇ ਤਾਂ ਕੋਈ ਫਰਕ ਨਹੀਂ ਪੈਣਾ। ਇਹ ਵੀ ਸੋਚਿਆ ਜਾ ਸਕਦਾ ਹੈ ਕਿ ਦਿਲੀ ਵੀ ਪੰਜਾਬ ਦਾ ਹਿਸਾ ਬਣਾ ਦਿਤੀ ਜਾਵੇ ਅਤੇ ਪੰਜਾਬ ਦੀ ਰਾਜਧਾਨੀ ਦਿਲੀ ਬਣਾਈ ਜਾ ਸਕਦੀ ਹੈ। ਪੰਜਾਬ ਨੂੰ ਸਵੈਨਿਰਭਰ, ਪ੍ਰੰਗਰਨਯੋਗ ਬਣਾਉਣਾ ਪਵੇਗਾ ਅਤੇ ਅਗਰ ਇਹੀ ਪੰਜਾਬ ਬਣਿਆ ਰਹਿ ਜਾਂਦਾ ਹੈ ਤਾਂ ਇਸਦਾ ਬੇੜਾ ਗ਼ਰਕ ਤਾਂ ਪਹਿਲਾਂ ਹੀ ਹੋ ਚੁਕਾ ਹੈ ਕੁਝ ਵੀ ਸੰਵਰਨ ਦੀ ਉਮੀਦ ਨਹੀਂ ਰੱਖੀ ਜਾ ਸਕਦੀ।

*-ਦਲੀਪ ਸਿੰਘ ਵਾਸਨ,*
*ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ*
*ਫੋਨ- 0175 5191856*

# ਘੁੰਡ ਤਾਂ ਬਸ ਇੱਕ ਲੋਕ ਵਿਖਾਵਾ ਏ ਵੇਖਦੀ ਤਾਂ ਮੈ ਤੇਰੇ ਵੱਲ ਹਾਂ

ਅੱਜ ਤੋਂ ਤਿੰਨ ਚਾਰ ਦਹਾਕੇ ਪਹਿਲਾਂ ਦੋਗਾਣਾ ਜੋੜੀਆਂ ਨੂੰ ਲੋਕ ਬਹੁਤ ਸੁਣਦੇ ਹੁੰਦੇ ਸੀ। ਦੋਗਾਣਾ ਜੋੜੀਆਂ ਨੇ ਜੇਠ ਭਰਜਾਈ ਦੀ ਮਸ਼ਕਰੀ ਤਾਹਨੇ ਮਿਹਣੇ ਗੀਤਾਂ ਰਾਹੀਂ ਪੇਸ਼ ਕਰਨੇ। ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਚੁਟਕਲੇ ਵੀ ਬੋਲੇ ਜਾਂਦੇ ਸੀ। ਕਿਸੇ ਕਲਾਕਾਰ ਨੇ ਇੱਕ ਜੇਠ ਭਰਜਾਈ ਦਾ ਗੀਤ ਗਾਉਣ ਤੋਂ ਪਹਿਲਾਂ ਇੱਕ ਸਕਿੱਟ ਜਿਹੀ ਬੋਲੀ। ਜਿਹੜੀ ਮੈਨੂੰ ਅੱਜ ਵੀ ਚੰਗੀ ਤਰਾਂ ਯਾਦ ਹੈ। ਉਹ ਇਹ ਸੀ ਕਿ ਇੱਕ ਛੜਾ ਜੇਠ ਆਪਣੀ ਛੋਟੀ ਭਰਜਾਈ ਨੂੰ ਕਹਿੰਦਾ ਹੈ। ਕਿ ਭਰਜਾਈ ਆਹ ਘੁੰਡ ਘੰਡ ਕੱਢਣ ਦੀ ਕੀ ਲੋੜ ਸੀ। ਅੱਗੋ ਉਹ ਵੀ ਮਜ਼ਾਕ ਨਾਲ ਕਹਿੰਦੀ ਕਿ ਭਾਜੀ ਘੁੰਡ ਤਾਂ ਬਸ ਇੱਕ ਲੋਕ ਵਿਖਾਵਾ ਏ ਵੇਖਦੀ ਤਾਂ ਮੈ ਤੇਰੇ ਵੱਲ ਹੀ ਹਾਂ। ਬੱਸ ਉਹੀ ਗੱਲ ਅੱਜ ਪੰਜਾਬ ਦੀਆਂ ਰਿਵਾਇਤੀ ਪਾਰਟੀਆਂ ਕਰ ਰਹੀਆਂ ਹਨ। ਵਿਧਾਨ ਸਭਾ ਦੀਆਂ ਵੋਟਾਂ ਪੈ ਚੁੱਕੀਆਂ ਹਨ। ਨਤੀਜੇ ਆਉਣੇ ਅਜੇ ਬਾਕੀ ਹਨ। ਪਹਿਲਾਂ ਤੋੜ ਵਿਛੋੜੇ ਤੇ ਹੁਣ ਗਠਜੋੜ ਦੀਆਂ ਨਵੀਆਂ ਨਵੀਆਂ ਹਰ ਰੋਜ਼ ਖਬਰਾਂ ਸੁਣਨ ਨੂੰ ਮਿਲ ਰਹੀਆਂ ਹਨ। ਇਹ ਗੱਲ ਕਿਸੇ ਇੱਕ ਧਿਰ ਦੀ ਨਹੀਂ ਸਗੋਂ ਸਾਰੀਆਂ ਹੀ ਪਾਰਟੀਆਂ ਅੰਦਰੋਂ ਅੰਦਰੀ ਆਪਣਾ ਆਪਣਾ ਦਾਅ ਪੇਚ ਖੇਡ ਰਹੀਆਂ ਹਨ .ਜੇਕਰ ਗੱਲ ਕਰੀਏ ਤਾਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਲਟਕਵੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਮੁੜ ਗੱਠਜੋੜ ਕਰਨ ਲਈ ਤਿਆਰ ਹੋ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਅਕਾਲੀ ਦਲ ਦੇ ਆਗੂਆਂ ਨੇ ਵੀ ਇਹ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਨਤੀਜਿਆਂ ਦੇ ਸਾਹਮਣੇ ਆਉਣ ਤੋਂ ਬਾਅਦ ਜੇਕਰ ਗੱਠਜੋੜ ਦੀ ਜ਼ਰੂਰਤ ਪੈਂਦੀ ਹੈ ਤਾਂ ਦੋਵੇਂ ਪਾਰਟੀਆਂ ਇਸ ਦੇ ਲਈ ਸਰਗਰਮੀ ਨਾਲ ਕੰਮ ਕਰਨਗੀਆਂ। ਸੂਬੇ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਜ਼ਿਆਦਾਤਰ ਵਿਧਾਨ ਸਭਾ ਹਲਕਿਆਂ ਅੰਦਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੇ ਗੱਠਜੋੜ ਦੇ ਉਮੀਦਵਾਰਾਂ ਦਰਮਿਆਨ ਟੱਕਰ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਸਾਰੀਆਂ ਪਾਰਟੀਆਂ ਵੱਲੋਂ ਭਾਵੇਂ ਸਪੱਸ਼ਟ ਬਹੁਮਤ ਮਿਲਣ ਦੀ ਆਸ ਪ੍ਰਗਟਾਈ ਜਾ ਰਹੀ ਹੈ ਪਰ ਇਹ ਸਿਆਸੀ ਧਿਰਾਂ ਗੱਠਜੋੜ ਲਈ ਵੀ ਸੋਚਣ ਲਈ ਮਜਬੂਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਲਟਵਕੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਕਾਂਗਰਸ ਜਾਂ ਆਮ ਆਦਮੀ ਪਾਰਟੀ ਨਾਲ ਤਾਂ ਗੱਠਜੋੜ ਸੰਭਵ ਨਹੀਂ ਹੈ। ਇਸ ਕਾਰਨ ਗੱਠਜੋੜ ਲਈ ਭਾਜਪਾ ਨਾਲ ਹੀ ਰਾਹ ਤਲਾਸ਼ਿਆ ਜਾ ਸਕਦਾ ਹੈ। ਇਸੇ ਤਰ੍ਹਾਂ ਦੀ ਦਲੀਲ ਭਾਜਪਾ ਆਗੂਆਂ ਵੱਲੋਂ ਵੀ ਦਿੱਤੀ ਜਾ ਰਹੀ ਹੈ। ਇੱਥੇ ਮਹੱਤਵਪੂਰਨ ਤੱਥ ਇਹ ਵੀ ਹੈ ਕਿ ਦੋਵਾਂ ਪਾਰਟੀਆਂ ਨੇ ਭਵਿੱਖ ਲਈ ਬਦਲ ਖੁੱਲ੍ਹੇ ਰੱਖੇ ਹੋਏ ਸਨ। ਜਿਸ ਕਰਕੇ ਅਕਾਲੀ ਦਲ ਦੇ ਐਨ.ਡੀ.ਏ. ਤੋਂ ਬਾਹਰ ਆਉਣ ਤੋਂ ਬਾਅਦ ਵੀ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਨੇ ਇੱਕ ਦੂਜੇ ਖਿਲਾਫ਼ ਸੰਜਮ ਭਰੀ ਭਾਸ਼ਾ ਵਾਲੀ ਬਿਆਨਬਾਜ਼ੀ ਹੀ ਕੀਤੀ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਨਵੀਂ ਦਿੱਲੀ ਵਿੱਚ ਕਈ ਸਿਆਸੀ ਆਗੂਆਂ ਵੱਲੋਂ ਦੋਵਾਂ ਪਾਰਟੀਆਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਭਾਜਪਾ ਨੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਨਾਲ ਗੱਠਜੋੜ ਕੀਤਾ ਸੀ। ਭਾਵੇਂ ਨਤੀਜੇ ਕੁੱਝ ਵੀ ਹੋਣ ਪਰ ਗਠਜੋੜ ਹੋਣਾ ਸੰਭਵ ਹੈ ਕਿਉਂਕਿ ਜੋ ਰੁਝਾਨ ਸਾਹਮਣੇ ਆ ਰਹੇ ਹਨ। ਉਹਨਾਂ ਤੋਂ ਜਾਹਿਰ ਹੁੰਦਾ ਹੈ ਕਿ ਇਸ ਵਾਰ ਕਿਸੇ ਇੱਕ ਧਿਰ ਦੇ ਹੱਥ ਵਿੱਚ ਅਗਰ ਕਮਾਨ ਨਹੀਂ ਜਾਵੇਗੀ। ਅਗਰ 30-30 , 35 -35 ਸੀਟਾਂ ਵੀ ਹਰ ਇੱਕ ਪਾਰਟੀ ਕੋਲ ਆਉਂਦੀਆਂ ਹਨ। ਤਾਂ ਫਿਰ ਜਾਂ ਗਠਜੋੜ ਵਾਲੀ ਸਰਕਾਰ ਬਣੇਗੀ , ਨਹੀਂ ਤੇ ਗਵਰਨਰੀ ਰਾਜ ਲਾਗੂ ਕਰਨਾ ਪਵੇਗਾ। ਜੋ ਕਿ ਪੰਜਾਬ ਨੇ ਪਹਿਲਾਂ ਹੀ ਗਵਰਨਰੀ ਰਾਜ ਦਾ ਸੰਤਾਪ ਬਹੁਤ ਹੰਢਾਇਆ ਹੋਇਆ ਹੈ। ਖਰੀਦੋ ਪਰੋਖ ਦਾ ਵੀ ਸਿਲਸਿਲਾ ਸ਼ੁਰੂ ਹੋਵੇਗਾ। ਹੁਣ ਅਖੀਰ ਵਿੱਚ ਫਿਰ ਗੱਲ ਇੱਥੇ ਆ ਕੇ ਮੁਕਦੀ ਹੈ ਕਿ ਜੇਕਰ ਤੋੜ ਮਰੋੜ ਤੋਂ ਬਾਹਦ ਗਠਜੋੜ ਹੀ ਕਰਨਾ ਸੀ। ਤੇ ਫਿਰ ਕਿਉਂ ਇੱਕ ਦੂਸਰੇ ਤੋਂ ਦੂਰੀਆਂ ਬਣਾਈਆਂ ਸਨ। ਫਿਰ ਉਹੀ ਗੱਲ ਸੱਚੀ ਜਾਪਦੀ ਹੈ ਕਿ ਘੁੰਡ ਤਾਂ ਇੱਕ ਲੋਕ ਵਿਖਾਵਾ ਹੈ ਵੇਖਦੇ ਵੇਖਦੀ ਤਾਂ ਮੈ ਤੇਰੇ ਵਲ ਹਾਂ। ਹੁਣ ਆਉਣ ਵਾਲੀ 10 ਮਾਰਚ ਦੱਸੇਗੀ ਕਿਹੜੀ ਪਾਰਟੀ ਕਿਹੜੀ ਪਾਰਟੀ ਤੋਂ ਘੁੰਡ ਕੱਢ ਕੇ ਰੱਖੇਗੀ ਤੇ ਕਿਹੜੀ ਪਾਰਟੀ ਕਿਹੜੀ ਪਾਰਟੀ ਦਾ ਘੁੰਡ ਚੁਕਾਏਗੀ।

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ, (ਫਿਰੋਜ਼ਪੁਰ )*
*7589155501*

## ਪੰਜਾਬ ਵਿੱਚ ਕਦੋ ਤੱਕ ਚਲਦੀ ਰਹੇਗੀ ਹਨ੍ਹੇਰਗਰਦੀ...

ਪੰਜਾਬ ਦੇ ਹਲਾਤ ਦਿਨੋ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਕਨੂੰਨ ਦਾ ਕਿਸੇ ਨੂੰ ਕੋਈ ਡਰ ਭੈ ਹੀ ਨਹੀਂ ਰਿਹਾ। ਗੈਂਗਸਟਰ ਤਬਕਾ ਲੋਕਾਂ ਤੇ ਭਾਰੂ ਹੁੰਦਾ ਜਾ ਰਿਹਾ ਹੈ। ਚੋਰਾਂ ਦੇ ਹੌਸਲੇ ਬੁਲੰਦ ਹੋ ਚੁਕੇ ਹਨ। ਗੁੰਡਾ ਗਰਦੀ ਇਸ ਸਮੇ ਪੂਰੇ ਜੋਰਾਂ ਤੇ ਹੋ ਰਹੀ ਹੈ। ਗੈਂਗ ਰੈਪ, ਬਲਾਤਕਾਰ ਕਰਨੇ ਤੇ ਕਿਸੇ ਦੀ ਇੱਜਤ ਨਾਲ ਖਿਲਵਾੜ ਕਰਨਾ ਆਮ ਜਿਹੀ ਗੱਲ ਹੋ ਚੁਕੀ ਹੈ। ਆਹ ਇੱਕ ਬੀਤੇ ਦਿਨ ਦੀ ਹੀ ਘਟਨਾ ਸਾਡੇ ਸਾਹਮਣੇ ਆਈ ਹੈ ਕਿ ਮੋਗਾ ਸ਼ਹਿਰ ਦੀ ਸਲੱਮ ਬਸਤੀ ਲਾਲ ਸਿੰਘ ਰੋਡ ਦੇ ਕੰਢੇ ਬੈਠੀ ਨਵਵਿਆਹੁਤਾ ਨੂੰ ਅਗਵਾ ਕਰ ਲਿਆ। ਲੋਕਾਂ ਮੁਤਾਬਕ ਵਿਆਹੁਤਾ ਲਾਲ ਸਿੰਘ ਰੋਡ ਕੰਢੇ ਬੈਠੀ ਸੀ। ਇਸ ਦੌਰਾਨ ਹਰਿਆਣਾ ਰਾਜ ਦੀ ਰਜਿਸਟਰੇਸ਼ਨ ਨੰਬਰ ਵਾਲੀ ਅਲਟੋ ਕਾਰ ’ਤੇ ਆਏ ਨਕਾਬਪੋਸ਼ ਨੌਜਵਾਨ ਉਸ ਨੂੰ ਜਬਰਨ ਕਾਰ ’ਚ ਬਿਠਾ ਕੇ ਮੌਕੇ ਤੋਂ ਫ਼ਰਾਰ ਹੋ ਗਏ। ਵਾਰਦਾਤ ਸੀਸੀਟੀਵੀ ਕੈਮਰਿਆਂ ’ਚ ਕੈਦ ਹੋ ਗਈ। ਕਾਰ ਵਿੱਚ ’ਚ ਤਿੰਨ ਨਕਾਬਪੋਸ਼ ਨੌਜਵਾਨ ਅਤੇ ਇਕ ਔਰਤ ਸੀ। ਬੇਸ਼ਕ ਪੁਲਿਸ ਇਹ ਦਾਅਵੇ ਕਰ ਰਹੀ ਹੈ ਕਿ ਉਹ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਅਗਵਾ ਮੁਟਿਆਰ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਉਸ ਨੌਜਵਾਨ ਮੁਟਿਆਰ ਦਾ ਕੁਝ ਚਿਰ ਪਹਿਲਾਂ ਵਿਆਹ ਹੋਇਆ ਸੀ। ਪਹਿਲਾਂ ਇਸ ਤਰਾਂ ਦੀਆਂ ਘਿਨਾਉਣੀਆਂ ਘਟਨਾਵਾਂ ਬਾਹਰਲੇ ਸੂਬਿਆਂ ਵਿੱਚ ਹੁੰਦੀਆਂ ਸੀ। ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਲੋਕਾਂ ਤੇ ਨੱਥ ਪਾਈ ਜਾਵੇ। ਸਖਤ ਤੋਂ ਸਖਤ ਸਜ਼ਾ ਇਹੋ ਜਿਹੇ ਹਰਕਤ ਕਰਨ ਵਾਲਿਆ ਨੂੰ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਆਉਣ ਵਾਲੇ ਸਮੇ ਵਿੱਚ ਕੋਈ ਵੀ ਇਹੋ ਜਿਹੀ ਘਿਨਾਉਣੀ ਹਰਕਤ ਕਰਨ ਤੋਂ ਡਰੇ।

-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

# ਮਾੜੀ ਪੜ੍ਹਾਈ ਲਈ ਅਧਿਆਪਕਾਂ ਨੂੰ ਦੋਸ਼ੀ ਨਾ ਠਹਿਰਾਓ

ਸਵਾਲ ਇਹ ਹੈ ਕਿ ਬੱਚੇ ਉਹ ਕਿਉਂ ਨਹੀਂ ਸਿੱਖ ਰਹੇ ਜੋ ਉਨ੍ਹਾਂ ਨੂੰ ਸਕੂਲ ਵਿੱਚ ਸਿੱਖਣਾ ਚਾਹੀਦਾ ਹੈ? ਆਉ ਅਸੀਂ ਪੜਚੋਲ ਕਰੀਏ ਕਿ ਅਧਿਆਪਕਾਂ ਨੂੰ ਸਾਡੇ ਕਲਾਸਰੂਮਾਂ ਵਿੱਚ ਸਿੱਖਣ ਜਾਂ ਸਿਖਾਉਣ ਦੀ ਕਮੀ ਵਿੱਚ ਯੋਗਦਾਨ ਪਾਉਣ ਲਈ ਕਿਉਂ ਕਿਹਾ ਜਾਂਦਾ ਹੈ। ਪਹਿਲਾ ਕਾਰਨ, ਸ਼ਾਇਦ, ਇਹ ਹੈ ਕਿ ਅਧਿਆਪਕ ਨੂੰ ਜੋ ਸਿਖਾਉਣਾ ਹੁੰਦਾ ਹੈ, ਉਹ ਬਹੁਤ ਔਖਾ ਹੁੰਦਾ ਹੈ। ਇੱਥੇ ਦੋ ਸਬੰਧਿਤ ਚੁਣੌਤੀਆਂ ਪੜ੍ਹਾਉਣਾ ਔਖਾ ਬਣਾਉਂਦੀਆਂ ਹਨ। ਪਹਿਲੀ, ਉਹ ਭਾਸ਼ਾ ਜੋ ਬੱਚੇ ਘਰ ਅਤੇ ਆਪਣੇ ਆਂਢ-ਗੁਆਂਢ ਵਿੱਚ ਬੋਲਦੇ ਹਨ, ਪਰ ਉਸ ਭਾਸ਼ਾ ਨੂੰ ਅਕਸਰ ਸਿੱਖਿਆ ਦੁਆਰਾ ਵੱਖ ਕੀਤਾ ਜਾਂਦਾ ਹੈ। ਦੂਜੀ ਚੁਣੌਤੀ ਪਾਠ ਪੁਸਤਕਾਂ ਹਨ, ਜੋ ਅਕਸਰ ਘੱਟ ਸ਼ਕਤੀਆਂ ਹੁੰਦੀਆਂ ਹਨ।

ਇਕ ਹੋਰ ਕਾਰਨ, ਸ਼ਾਇਦ, ਅਧਿਆਪਕਾਂ ਦੀ ਪੜ੍ਹਾਉਣ ਦੀ ਯੋਗਤਾ ਦੀ ਘਾਟ ਹੈ। ਇੱਕ ਅਧਿਆਪਕ ਦੀ ਯੋਗਤਾ ਦੇ ਕਈ ਮਾਪ ਹਨ। ਦੋ ਮਹੱਤਵਪੂਰਨ ਗੱਲਾਂ 'ਤੇ ਗੌਰ ਕਰੋ, ਕਿਸੇ ਵੀ ਵਿਸ਼ੇ ਨੂੰ ਕਿਵੇਂ ਪੜ੍ਹਾਉਣਾ ਹੈ, ਇਸਦੀ ਆਪਣੀ ਸਿੱਖਿਆ ਸ਼ਾਸਤਰੀ ਸਮਰੱਥਾ ਹੈ; ਦੂਜੇ ਪਾਸੇ, ਪੜ੍ਹਾਈ ਨੂੰ ਯਕੀਨੀ ਬਣਾਉਣ ਲਈ ਬੱਚਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਦੀ ਸਮਰੱਥਾ ਹੈ। ਅਧਿਆਪਕਾਂ ਦੀਆਂ ਦੋਵੇਂ ਯੋਗਤਾਵਾਂ ਗੁੰਝਲਦਾਰ ਅਤੇ ਚੁਣੌਤੀਪੂਰਨ ਹਨ। ਇੱਕ ਪ੍ਰਭਾਵਸ਼ਾਲੀ ਅਧਿਆਪਕ ਬਣਨ ਲਈ ਦ੍ਰਿੜਤਾ ਅਤੇ ਤਿਆਰੀ ਦੀ ਲੋੜ ਹੁੰਦੀ ਹੈ। ਰੋਜ਼ਾਨਾ ਅਭਿਆਸ ਵਿੱਚ ਸਿੱਖੀਆਂ ਗਈਆਂ ਚੀਜ਼ਾਂ ਨੂੰ ਉਪਯੋਗੀ ਬਣਾਉਣ ਲਈ ਇੱਕ ਅਨੁਕੂਲ ਮਾਹੌਲ ਵੀ ਹੋਣਾ ਚਾਹੀਦਾ ਹੈ।

ਤੀਜਾ ਕਾਰਨ, ਹੋ ਸਕਦਾ ਹੈ ਕਿ ਸਾਡੇ ਅਧਿਆਪਕਾਂ ਦਾ ਰਵੱਈਆ ਮਾੜਾ ਹੋਵੇ, ਪਰ ਇਹ ਸਾਫ਼-ਸਾਫ਼ ਝੂਠ ਹੈ। ਦੇਸ਼ ਵਿੱਚ ਕਰੀਬ ਇੱਕ ਕਰੋੜ ਅਧਿਆਪਕ ਹਨ, ਇਹ ਬਹੁਤ ਵੱਡੀ ਗਿਣਤੀ ਹੈ। ਉਨ੍ਹਾਂ ਦਾ ਰਵੱਈਆ ਸਾਡੇ ਦੇਸ਼ ਦੇ ਆਮ ਲੋਕਾਂ ਵਰਗਾ ਹੀ ਹੋਵੇਗਾ। ਹਾਲਾਂਕਿ, ਅਸਲ ਵਿੱਚ, ਕੁਝ ਅਧਿਆਪਕ ਬਹੁਤ ਸਕਾਰਾਤਮਕ ਹਨ, ਕੁਝ ਬਹੁਤ ਨਕਾਰਾਤਮਕ ਵੀ ਹਨ, ਪਰ ਜ਼ਿਆਦਾਤਰ ਅਧਿਆਪਕ ਔਸਤ ਹਨ, ਜਿਵੇਂ ਕਿ ਸਾਡੇ ਦੇਸ਼ ਵਿੱਚ ਕਿਸੇ ਵੀ ਸਮੂਹ ਵਿੱਚ ਜ਼ਿਆਦਾਤਰ ਲੋਕ ਔਸਤ ਹਨ।

ਚੌਥਾ, ਸ਼ਾਇਦ ਸਾਡੇ ਅਧਿਆਪਕ ਪੜ੍ਹਾਉਣ ਲਈ ਕਾਫ਼ੀ ਪ੍ਰੇਰਿਤ ਨਹੀਂ ਹਨ। ਪ੍ਰੇਰਣਾ ਲਈ



ਬਹੁਤ ਸਾਰੇ ਗੁੰਝਲਦਾਰ ਕਾਰਕ ਜ਼ਿੰਮੇਵਾਰ ਹਨ। ਸਕੂਲ ਦਾ ਭੌਤਿਕ ਵਾਤਾਵਰਣ ਵੀ ਸ਼ਾਮਲ ਹੈ; ਮਿਸਾਲ ਵਜੋਂ ਸਕੂਲਾਂ ਵਿੱਚ ਪਖਾਨਿਆਂ ਦੀ ਘਾਟ ਵੀ ਦੇਖਣ ਨੂੰ ਮਿਲਦੀ ਹੈ। ਇੱਕ ਅਹਿਮ ਗੱਲ ਇਹ ਵੀ ਹੈ ਕਿ ਸਮਾਜ ਅਧਿਆਪਕਾਂ ਪ੍ਰਤੀ ਕਿਹੋ ਜਿਹਾ ਵਿਹਾਰ ਕਰਦਾ ਹੈ ਜਾਂ ਉਨ੍ਹਾਂ ਨੂੰ ਕਿਹੋ ਜਿਹਾ ਮਾਹੌਲ ਪ੍ਰਦਾਨ ਕਰਦਾ ਹੈ? ਸਾਡੇ ਅਧਿਆਪਕਾਂ ਦਾ ਵਿਵਹਾਰ ਸਕੂਲ ਦੇ ਸੱਭਿਆਚਾਰ ਅਤੇ ਸਮੁੱਚੀ ਸਿੱਖਿਆ ਪ੍ਰਣਾਲੀ ਵਿੱਚ ਡੂੰਘਾ ਹੈ, ਜੋ ਇਹ ਨਿਰਧਾਰਤ ਕਰਦਾ ਹੈ ਕਿ ਅਧਿਆਪਕ ਕਿੰਨੇ ਸਹਿਯੋਗੀ, ਸ਼ਕਤੀਕਰਨ ਅਤੇ ਕੀਮਤੀ ਹਨ। ਇਹ ਵੀ ਇੱਕ ਹਕੀਕਤ ਹੈ ਕਿ ਉਹ ਸ਼ਕਤੀਹੀਣ ਹੋਣ ਦੇ ਬਾਵਜੂਦ ਸਿੱਖਿਆ ਦੇ ਕੇਂਦਰ ਵਿੱਚ ਹਨ। ਦੁੱਖ ਦੀ ਗੱਲ ਹੈ ਕਿ ਸਿੱਖਿਆ ਦੀਆਂ ਸਾਰੀਆਂ ਬੁਰਾਈਆਂ ਲਈ ਅਧਿਆਪਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਪੰਜਵਾਂ ਕਾਰਨ, ਸ਼ਾਇਦ, ਇਹ ਹੈ ਕਿ ਅਧਿਆਪਕਾਂ ਕੋਲ ਲੋੜੀਂਦੇ ਸਾਧਨ ਨਹੀਂ ਹਨ। ਇਹ ਸੱਚ ਹੈ. ਨਾ ਸਿਰਫ਼ ਉਹਨਾਂ ਕੋਲ ਸਾਧਨਾਂ ਦੀ ਘਾਟ ਹੈ, ਸਗੋਂ ਉਹਨਾਂ ਕੋਲ ਮੌਜੂਦ ਬਹੁਤ ਸਾਰੇ ਸਰੋਤ ਮਾੜੀ ਗੁਣਵੱਤਾ ਦੇ ਹਨ। ਪਾਠ ਪੁਸਤਕਾਂ ਤੋਂ ਲੈ ਕੇ ਬੁਨਿਆਦੀ ਢਾਂਚੇ ਤੱਕ ਕਮੀਆਂ ਦੀ ਸੂਚੀ ਲੰਬੀ ਹੈ। ਛੇਵਾਂ ਕਾਰਨ, ਸ਼ਾਇਦ, ਇਹ ਹੈ ਕਿ ਅਧਿਆਪਕਾਂ 'ਤੇ ਬੋਝ ਹੈ। ਇਹ ਕਈ ਤਰੀਕਿਆਂ ਨਾਲ ਸੱਚ ਹੈ। ਜ਼ਿਆਦਾਤਰ ਅਧਿਆਪਕਾਂ ਨੂੰ ਉਨ੍ਹਾਂ ਬੱਚਿਆਂ ਦੀ ਭੀੜ ਨੂੰ ਸੰਭਾਲਣਾ ਪੈਂਦਾ ਹੈ ਜੋ ਵੱਖ-ਵੱਖ ਪੱਧਰਾਂ ਜਾਂ ਯੋਗਤਾਵਾਂ ਦੇ ਹੁੰਦੇ ਹਨ। ਅਧਿਆਪਕਾਂ 'ਤੇ ਸਮੇਂ-ਸਮੇਂ 'ਤੇ ਥੋਪੇ ਜਾਣ ਵਾਲੇ ਪ੍ਰਸ਼ਾਸਨਿਕ ਕੰਮਾਂ ਕਾਰਨ ਅਧਿਆਪਨ ਦਾ ਮੁੱਖ ਕੰਮ ਵੀ ਪ੍ਰਭਾਵਿਤ ਹੁੰਦਾ ਹੈ। ਸੰਖੇਪ ਇਹ ਹੈ ਕਿ ਇੱਕ ਅਧਿਆਪਕ ਦੀ ਭੂਮਿਕਾ ਪਹਿਲਾਂ ਹੀ ਅਸਧਾਰਨ ਤੌਰ 'ਤੇ ਗੁੰਝਲਦਾਰ ਅਤੇ ਚੁਣੌਤੀਪੂਰਨ ਹੈ, ਅਤੇ ਅਸੀਂ ਉਨ੍ਹਾਂ ਨੂੰ ਇਸ ਦੇ ਸਿਖਰ 'ਤੇ ਪ੍ਰਬੰਧਕੀ ਕੰਮ ਦੇ ਕੇ ਉਨ੍ਹਾਂ 'ਤੇ ਬੋਝ ਪਾਉਂਦੇ ਹਾਂ।

ਇਹਨਾਂ ਛੇ ਕਾਰਨਾਂ ਵਿਚਕਾਰ ਇੱਕ ਗੁੰਝਲਦਾਰ ਪਰਸਪਰ ਪ੍ਰਭਾਵ ਵੀ ਹੈ। ਉਦਾਹਰਨ ਲਈ, ਇੱਕ ਅਧਿਆਪਕ ਦੀ ਮਾੜੀ ਤਿਆਰੀ ਉਸਦੀ ਘੱਟ ਸਮਰੱਥਾ ਵਿੱਚ ਯੋਗਦਾਨ ਪਾਉਂਦੀ ਹੈ। ਅਧਿਆਪਕ ਤੋਂ ਸਿੱਖਿਆ ਦਾ ਇਕਲੌਤਾ ਏਜੰਟ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਕਿਉਂਕਿ ਬੱਚੇ ਨੂੰ ਘਰੋਂ ਮਦਦ ਨਹੀਂ ਮਿਲ ਸਕਦੀ। ਅਜਿਹੀ ਸਥਿਤੀ ਵਿੱਚ ਜਦੋਂ ਅਧਿਆਪਕ ਰੋਜ਼ਾਨਾ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਖੜ੍ਹੇ ਹੁੰਦੇ ਹਨ, ਤਾਂ ਉਹ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਉਣ ਵਿੱਚ ਅਸਮਰੱਥਾ ਕਾਰਨ ਕੁਰਾਹੇ ਪੈ ਜਾਂਦੇ ਹਨ। ਇੱਥੋਂ ਤੱਕ ਕਿ ਜਦੋਂ ਸਮੱਸਿਆ ਦੀਆਂ ਜੜ੍ਹਾਂ ਪ੍ਰਣਾਲੀਗਤ ਅਤੇ ਸਮਾਜਿਕ ਕਾਰਨਾਂ ਵਿੱਚ ਪਾਈਆਂ ਜਾਂਦੀਆਂ ਹਨ, ਤਾਂ ਇਹ ਜ਼ਿਆਦਾਤਰ ਅਧਿਆਪਕ ਹੀ ਦੋਸ਼ੀ ਹੈ।

ਸਾਡੇ ਅਧਿਆਪਕ ਸਿਰਫ਼ ਔਸਤ ਭਾਰਤੀ ਹਨ। ਇਹ ਸਾਡੇ ਆਲੇ ਦੁਆਲੇ ਦੇ ਲੋਕਾਂ ਦਾ ਇੱਕ ਉਪ ਸਮੂਹ ਹੈ ਜੋ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਹਨ। ਸਾਡੇ ਦੇਸ਼ ਵਿੱਚ ਸਿੱਖਿਆ ਦੇ ਸੰਕਟ ਦਾ ਕਾਰਨ ਅਧਿਆਪਕ ਨਹੀਂ ਹਨ। ਸਾਨੂੰ ਉਨ੍ਹਾਂ ਪ੍ਰਣਾਲੀਗਤ ਅਤੇ ਸਮਾਜਿਕ ਸਮੱਸਿਆਵਾਂ ਦੀ ਵੀ ਜਾਂਚ ਕਰਨੀ ਚਾਹੀਦੀ ਹੈ ਜੋ ਅਸਲ ਵਿੱਚ ਇਸ ਸੰਕਟ ਲਈ ਜ਼ਿੰਮੇਵਾਰ ਹਨ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਕੋਈ ਜਿੱਤੇ ਕੋਈ ਹਾਰੇ

*ਕੋਈ ਜਿੱਤੇ ਕੋਈ ਹਾਰੇ।*
*ਅਸਾਡੇ ਹੱਕ ਨਾ ਮਾਰੇ।*

*ਚੜ੍ਹੇ ਬਸ ਹੁਣ ਨਵਾਂ ਸੂਰਜ*
*ਕਰੋ ਇਹ ਕਾਮਨਾ ਸਾਰੇ।*

*ਮੇਰਾ ਪੰਜਾਬ ਫ਼ਿਰ ਹੱਸੇ*
*ਕਰੋ ਅਰਦਾਸ ਇਹ ਪਿਆਰੇ।*

*ਖੁਸ਼ੀ ਵਿਚ ਵਹਿਣ ਹੁਣ ਹੰਝੂ*
*ਇਹ ਮਿੱਠੇ ਹੋਣ ਨਾ ਖਾਰੇ।*

*ਇਹ ਅੰਬਰ ਵੀ ਅਸਾਡਾ ਹੈ*
*ਅਸਾਂ ਦੇ ਹੀ ਨੇ ਇਹ ਤਾਰੇ।*

*ਜੇ ਕੋਈ ਸਾੜ ਪਾ ਤੁਰਿਆ*
*ਕਲੇਜਾ ਵਕ਼ਤ ਹੁਣ ਠਾਰੇ।*

*ਇਸਾਈ ਸਿੱਖ ਇਹ ਮੁਸਲਿਮ*
*ਤੇ ਹਿੰਦੂ ਨੇ ਭਰਾ ਚਾਰੇ।*

*ਇਹ ਖੁੰਢੇ ਕਰ ਦਿਓ ਰਲਕੇ*
*ਜੋ ਨਫ਼ਰਤ ਦੇ ਬਣੇ ਆਰੇ।*

*-ਹਰਦੀਪ ਬਿਰਦੀ*
*9041600900*

# ਫਿਲਮੀ ਦੁਨੀਆ

## ਭੂਮੀ ਪੇਡਨੇਕਰ ਦੀ ਫਿਲਮ 'ਭਕਸ਼ਕ' ਦੀ ਸ਼ੂਟਿੰਗ ਮੁਕੰਮਲ



'ਬਧਾਈ ਦੋ' ਦੀ ਅਭਿਨੇਤਰੀ ਭੂਮੀ ਪੇਡਨੇਕਰ ਦੀ ਨਵੀਂ ਆ ਰਹੀ ਫਿਲਮ 'ਭਕਸ਼ਕ' ਦੀ ਸ਼ੂਟਿੰਗ ਪੂਰੀ ਹੋ ਗਈ ਹੈ। ਇਹ ਜਾਣਕਾਰੀ ਫਿਲਮ ਦੇ ਨਿਰਮਾਤਾਵਾਂ ਨੇ ਸਾਂਝੀ ਕੀਤੀ ਹੈ। ਬਿਹਾਰ ਦੇ ਪਿਛੋਕੜ ਉੱਤੇ ਆਧਾਰਤ ਇਹ ਫਿਲਮ ਔਰਤਾਂ ਦੇ ਖਿਲਾਫ ਹੁੰਦੇ ਜੁਰਮਾਂ ਦੀ ਸੱਚੀ ਕਹਾਣੀ ਬਿਆਨਦੀ ਹੈ। ਇਸ ਵਿੱਚ ਇੱਕ ਅੱਤ ਘਿਨਾਉਣੇ ਜੁਰਮ ਦਾ ਪਰਦਾ ਫਾਸ਼ ਕਰਨ ਲਈ ਇੱਕ ਔਰਤ ਵੱਲੋਂ ਕੀਤੀ ਜੀਅ-ਤੋੜ ਮਿਹਨਤ ਦਿਖਾਈ ਗਈ ਹੈ। ਇਸ ਫਿਲਮ ਦਾ ਨਿਰੇਦਸ਼ਨ 'ਬੌਸ : ਡੈੱਡ ਔਰ ਅਲਾਵੀ' ਦੇ ਡਾਇਰੈਕਟਰ ਪੁਲਕਿਤ ਨੇ ਕੀਤਾ ਹੈ। ਫਿਲਮ ਦੀ ਕਹਾਣੀ ਪੁਲਕਿਤ ਤੇ ਜਯੋਤਿਸਨਾ ਨਾਥ ਨੇ ਮਿਲ ਕੇ ਲਿਖੀ ਤੇ ਨਿਰਮਾਣ ਸ਼ਾਹਰੁਖ ਖਾਨ ਦੇ ਪ੍ਰੋਡਕਸ਼ਨ ਬੈਨਰ ਰੈੱਡ ਚਿੱਲੀ ਇੰਟਰਟੇਨਮੈਂਟ ਹੇਠ ਕੀਤਾ ਗਿਆ ਹੈ। ਪ੍ਰੋਡਕਸ਼ਨ ਹਾਊਸ ਨੇ ਸ਼ੂਟਿੰਗ ਦੀ ਜਾਣਕਾਰੀ ਆਪਣੇ ਟਵਿੱਟਰ ਅਕਾਊਂਟ ਰਾਹੀਂ ਸਾਂਝੀ ਕੀਤੀ ਹੈ। ਇਸ ਸੰਦੇਸ਼ ਵਿੱਚ ਲਿਖਿਆ ਹੈ, ''ਟੀਮ 'ਭਕਸ਼ਕ' ਵੱਲੋਂ ਕੰਮ ਖਤਮ। 39 ਦਿਨਾਂ ਦਾ ਸ਼ਡਿਊਲ। ਤੁਹਾਡੇ ਤੱਕ ਲਿਆ ਰਹੇ ਹਾਂ, ਔਰਤਾਂ ਖਿਲਾਫ ਹੁੰਦੇ ਅਤਿ ਘਿਨਾਉਣੇ ਜੁਰਮ ਅਤੇ ਉਸ ਖਿਲਾਫ ਇਨਸਾਫ ਪ੍ਰਾਪਤੀ ਲਈ ਲੜੀ ਗਈ ਲੜਾਈ ਦੀ ਕਹਾਣੀ।''

## ਮੈਨੂੰ ਐਕਸ਼ਨ ਫਿਲਮਾਂ ਕਰਨਾ ਪਸੰਦ ਹਨ : ਹੁਮਾ ਕੁਰੈਸ਼ੀ



ਹਿੰਦੀ ਸਿਨੇਮਾ ਵਿੱਚ ਇਨ੍ਹੀਂ ਦਿਨੀਂ ਕਈ ਅਭਿਨੇਤਰੀਆਂ ਐਕਸ਼ਨ ਵਿੱਚ ਹੱਥ ਅਜਮਾ ਰਹੀਆਂ ਹਨ। 'ਗੈਂਗਸ ਆਫ ਵਾਸੇਪੁਰ 2', 'ਬਦਲਾਪੁਰ' ਅਤੇ 'ਜੌਲੀ ਐੱਲ ਐੱਲ ਬੀ 2' ਫਿਲਮਾਂ ਦੀ ਅਭਿਨੇਤਰੀ ਹੁਮਾ ਕੁਰੈਸ਼ੀ ਵੀ 25 ਫਰਵਰੀ ਨੂੰ ਰਿਲੀਜ਼ ਹੋ ਰੀਹ ਤਮਿਲ ਫਿਲਮ 'ਵਲਿਮੈ' ਵਿੱਚ ਐਕਸ਼ਨ ਅਵਤਾਰ ਵਿੱਚ ਨਜ਼ਰ ਆਏਗੀ। ਇਸ ਫਿਲਮ ਨੂੰ ਹਿੰਦੀ ਵਿੱਚ ਵੀ ਡਬ ਕਰ ਕੇ ਰਿਲੀਜ ਕੀਤਾ ਜਾਏਗਾ।

ਤਮਿਲ ਅਭਿਨੇਤਾ ਅਜੀਤ ਕੁਮਾਰ ਦੀ ਇਸ ਫਿਲਮ ਵਿੱਚ ਹੁਮਾ ਪੁਲਸ ਅਧਿਕਾਰੀ ਦਾ ਕਿਰਦਾਰ ਨਿਭਾ ਰਹੀ ਹੈ। ਇਸ ਫਿਲਮ ਬਾਰੇ ਹੁਮਾ ਨੇ ਦੱਸਿਆ, ''ਮੈਨੂੰ ਐਕਸ਼ਨ ਕਰਨਾ ਬਹੁਤ ਪਸੰਦ ਹੈ। ਮੈਂ ਚਾਹੁੰਦੀ ਹਾਂ ਕਿ ਲੜਕੀਆਂ ਲਈ ਉਹ ਫਿਲਮਾਂ ਜ਼ਿਆਦਾ ਬਣਨੀਆਂ ਚਾਹੀਦੀਆਂ ਹਨ, ਜਿੱਥੇ ਉਨ੍ਹਾਂ ਖੂਬ ਸਾਰਾ ਐਕਸ਼ਨ ਕਰਨ ਦਾ ਮੌਕਾ ਮਿਲੇ। ਐਕਸ਼ਨ ਕਰਨਾ ਹੋਵੇ ਜਾਂ ਬਾਈਕ ਜਾਂ ਕਾਰ ਨਾਲ ਪਿੱਛਾ ਕਰਨ ਵਾਲੇ ਸੀਨ ਹੋਣ, ਲੜਕੀਆਂ ਕਿਸੇ ਵੀ ਮਾਮਲੇ ਵਿੱਚ ਲੜਕਿਆਂ ਤੋਂ ਘੱਟ ਨਹੀਂ ਹਨ। ਅਸੀਂ ਵੀ ਐਕਸ਼ਨ ਕਰਨ ਵਿੱਚ ਓਨਾ ਹੀ ਮਜ਼ਾ ਆਉਂਦਾ ਹੈ, ਜਿੰਨਾ ਲੜਕਿਆਂ ਨੂੰ ਆਉਂਦਾ ਹੈ।''

## 'ਘੂਮਰ' ਵਿੱਚ ਕ੍ਰਿਕਟ ਕੋਚ ਦੀ ਭੂਮਿਕਾ ਵਿੱਚ ਆਉਣਗੇ ਅਭਿਸ਼ੇਕ ਬੱਚਨ



ਅਭਿਸ਼ੇਕ ਬੱਚਨ ਹਾਲ ਹੀ ਵਿੱਚ ਇੱਕ ਸਪੋਰਟਸ ਡਰਾਮਾ 'ਘੂਮਰ' ਦਾ ਹਿੱਸਾ ਬਣੇ ਹਨ। ਉਹ ਆਰ ਬਾਲਕੀ ਦੀ ਅਗਲੀ ਫਿਲਮ ਵਿੱਚ ਕ੍ਰਿਕਟ ਕੋਚ ਦੇ ਰੋਲ ਵਿੱਚ ਨਜ਼ਰ ਆਉਣਗੇ। ਉਨ੍ਹਾਂ ਨਾਲ ਸਿਆਮੀ ਖੇਰ ਵੀ ਨਜ਼ਰ ਆਏਗੀ। ਇਸ ਦੇ ਪਹਿਲਾਂ ਅਭਿਸ਼ੇਕ ਅਤੇ ਸਿਆਮੀ 'ਬ੍ਰੀਦ' ਦੇ ਦੂਸਰੇ ਪਾਰਟ ਵਿੱਚ ਕੰਮ ਕਰ ਚੁੱਕੇ ਹਨ।

ਬਾਲਕੀ ਦੀ ਫਿਲਮ ਵਿੱਚ ਉਹ ਸਿਆਮੀ ਦੇ ਕਰੈਕਟਰ ਦੇ ਕੋਚ ਹਨ। ਅਸਲ ਜ਼ਿੰਦਗੀ ਵਿੱਚ ਦੋਵੇਂ ਐਕਸਪਰਟ ਸਪੋਰਟਸ ਲਵਰ ਹਨ। ਸਿਆਮੀ ਨੇ ਮਹਾਰਾਸ਼ਟਰ ਲਈ ਸਕੂਲ ਲੈਵਲ ਉੱਤੇ ਕ੍ਰਿਕਟ ਵੀ ਖੇਡੀ ਹੈ। ਉਸ ਨੇ ਨੈਸ਼ਨਲ ਟੀਮ ਵਿੱਚ ਵੀ ਆਪਣੀ ਜਗ੍ਹਾ ਬਣਾਈ, ਪਰ ਉਸ ਨੇ ਬੈਡਮਿੰਟਨ ਸਟੇਟ ਚੈਂਪੀਅਨਸ਼ਿਪ ਵਿੱਚ ਅੱਗੇ ਜਾਣਾ ਸਹੀ ਸਮਝਿਆ। ਓਧਰ ਅਭਿਸ਼ੇਕ ਦੀ ਗੱਲ ਕਰੀਏ ਤਾਂ ਉਹ ਫੁੱਟਬਾਲ ਪ੍ਰੇਮੀ ਹਨ। ਫਿਲਮ ਵਿੱਚ ਇਨ੍ਹੀਂ ਦੋਵਾਂ ਦੇ ਇਲਾਵਾ ਸ਼ਬਾਨਾ ਆਜ਼ਮੀ ਵੀ ਦਿਖਾਈ ਦੇਵੇਗੀ। ਇਸ ਵਿੱਚ ਉਹ ਵੀ ਇੱਕ ਅਹਿਮ ਕਿਰਦਾਰ ਨਿਭਾਉਂਦੀ ਨਜ਼ਰ ਏਗੀ।

## ਲੋਕਾਂ ਨੂੰ ਸਰਪ੍ਰਾਈਜ਼ ਦੇਣਾ ਚੰਗਾ ਲੱਗਦਾ ਹੈ : ਯਾਮੀ



ਅਚਾਨਕ ਵਿਆਹ ਦੇ ਬਾਅਦ ਯਾਮੀ ਗੌਤਮ ਦੇ ਰੁਝੇਵਿਆਂ ਦਾ ਆਲਮ ਹਰ ਕਿਸੇ ਨੂੰ ਹੈਰਾਨ ਕਰਨ ਵਾਲਾ ਹੈ ਜਿਸ ਤਰ੍ਹਾਂ ਉਹ ਇਨ੍ਹੀਂ ਦਿਨੀਂ ਇੱਕ ਦੇ ਬਾਅਦ ਇੱਕ ਫਿਲਮਾਂ ਸਾਈਨ ਕਰੀ ਜਾਂਦੀ ਹੈ, ਉਹ ਇਕਦਮ ਹੈਰਾਨੀ ਵਾਲਾ ਹੈ। ਇਸ ਸਾਲ ਰਿਲੀਜ਼ ਹੋਈ 'ਭੂਤ ਪੁਲਸ' ਵਿੱਚ ਉਹ ਆਖਰੀ ਵਾਰ ਨਜ਼ਰ ਆਈ ਸੀ। ਉਸ ਦੇ ਬਾਅਦ ਉਸ ਨੇ ਪੰਜਾਬੀ ਫਿਲਮ 'ਸ਼ਾਵਾ ਨੀ ਗਿਰਧਾਰੀ ਲਾਲ' ਵਿੱਚ ਇੱਕ ਛੋਟਾ ਸਪੈਸ਼ਲ ਅਪੀਅਰੈਂਸ ਕੀਤਾ ਸੀ। ਯਾਮੀ ਗੌਤਮ 'ਦਸਵੀਂ', 'ਅ ਥਰਸਡੇ' ਅਤੇ 'ਲਾਸਟ' ਫਿਲਮਾਂ ਦੀ ਸ਼ੂਟਿੰਗ ਪੂਰੀ ਕਰ ਚੁੱਕੀ ਹੈ ਅਤੇ 'ਓ ਮਾਇ ਗੌਡ 2' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਯਾਮੀ ਗੌਤਮ ਦਾ ਐਕਟਿੰਗ ਨਾਲ ਕੋਈ ਵਾਸਤਾ ਨਹੀਂ ਅਤੇ ਉਹ ਸਿਰਫ ਆਪਣੀ 'ਫੇਅਰ ਐਂਡ ਲਵਲੀ' ਵਾਲੀ ਖੂਬਸੂਰਤੀ ਦਾ ਖਾ ਰਹੀ ਹੈ, ਪਰ 'ਕਾਬਿਲ' ਦੇ ਬਾਅਦ ਯਾਮੀ ਗੌਤਮ ਨੇ ਖੂਬਸੂਰਤੀ ਦੇ ਨਾਲ ਆਪਣੇ ਕੰਮ ਅਤੇ ਐਕਟਿੰਗ ਦੇ ਜ਼ੋਰ ਉੱਤੇ ਅਲੱਗ ਥਾਂ ਬਣਾਈ ਹੈ। ਪਹਿਲਾਂ 'ਉੜੀ-ਦ ਸਰਜੀਕਲ ਸਟਰਾਈਕ' ਦੇ ਡਾਇਰੈਕਟਰ ਆਦਿੱਤਯ ਧਰ ਨਾਲ ਵਿਆਹ ਅਤੇ ਉਸ ਦੇ ਬਾਅਦ ਕੰਮ ਬਾਰੇ ਯਾਮੀ ਗੌਤਮ ਚਰਚਾ ਵਿੱਚ ਹੈ। ਇਸ ਫਿਲਮ ਲਈ ਉਸ ਨੂੰ ਦਰਸ਼ਕਾਂ ਤੇ ਕ੍ਰਿਟਿਕਸ ਦੋਵਾਂ ਦਾ ਵਧੀਆ ਰਿਸਪਾਂਸ ਮਿਲਿਆ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਅੰਸ਼ :

* ਅਜਿਹਾ ਬਹੁਤ ਘੱਟ ਹੋਇਆ ਹੈ ਕਿ ਵਿਆਹ ਦੇ ਬਾਅਦ ਕਿਸੇ ਬਾਲੀਵੁੱਡ ਅਭਿਨੇਤਰੀ ਦਾ ਕਰੀਅਰ ਇਸ ਤਰ੍ਹਾਂ ਬੂਸਟ ਹੋਇਆ ਹੈ। ਇਹ ਸਭ ਕੁਝ ਕਿਸ ਤਰ੍ਹਾਂ ਲੱਗਦਾ ਹੈ?

– ਮੈਂ ਅੱਜ ਕਰੀਅਰ ਦੇ ਉਸ ਫੇਜ਼ ਵਿੱਚ ਹਾਂ, ਜਿਸ ਦਾ ਮੈਂ ਸਾਲਾਂ ਤੋਂ ਇੰਤਜ਼ਾਰ ਕਰ ਰਹੀ ਸੀ। ਇੱਕ ਲੰਬੇ ਇੰਤਜ਼ਾਰ ਦੇ ਬਾਅਦ ਮੈਨੂੰ ਪ੍ਰੋਫੈਸ਼ਨਲੀ ਕੁਝ ਮਜ਼ੇਦਾਰ ਅਤੇ ਵਧੀਆ ਆਫਰ ਮਿਲਣੇ ਸ਼ੁਰੂ ਹੋਏ ਹਨ। ਮੈਂ ਖੁਦ ਨੂੰ ਖੁਸ਼ਨਸੀਬ ਮੰਨਦੀ ਹਾਂ ਕਿ ਮੈਂ ਇਸ ਇੰਡਸਟਰੀ ਵਿੱਚ ਅਜਿਹੇ ਦੌਰ ਵਿੱਚ ਹਾਂ, ਜਿਸ ਵਿੱਚ ਦਰਸ਼ਕਾਂ ਨੂੰ ਇਸ ਗੱਲ ਤੋਂ ਕੁਝ ਲੈਣਾ-ਦੇਣਾ ਨਹੀਂ ਕਿ ਤੁਸੀਂ ਵਿਆਹੇ ਹੋ ਜਾਂ ਨਹੀਂ। ਉਨ੍ਹਾਂ ਨੂੰ ਸਿਰਫ ਤੁਹਾਡੇ ਕੰਮ ਨਾਲ ਮਤਲਬ ਹੁੰਦਾ ਹੈ।

* ਤੁਹਾਡੀਆਂ ਤਿੰਨ-ਤਿੰਨ ਫਿਲਮਾਂ ਇਕੱਠੇ ਰਿਲੀਜ਼ ਉੱਤੇ ਹਨ। ਉਨ੍ਹਾਂ ਦੀ ਸਕਸੈੱਸ ਨੂੰ ਲੈ ਕੇ ਕਿੰਨੇ ਕਾਨਫੀਡੈਂਟ ਹੋ?

-ਕਾਨਫੀਡੈਂਟ ਕਾਫੀ ਹਾਂ, ਪ੍ਰੰਤੂ ਨਾਲ ਥੋੜ੍ਹੀ ਨਰਵਸ ਵੀ ਹਾਂ ਤੇ ਮੈਨੂੰ ਲੱਗਦਾ ਹੈ ਕਿ ਇਹ ਨਵਰਸਨੈਸ ਉਸ ਸਮੇਂ ਜ਼ਿਆਦਾ ਵਧ ਜਾਂਦੀ ਹੈ, ਜਦ ਤੁਸੀਂ ਇੱਕ ਬਿਹਤਰੀਨ ਸਕ੍ਰਿਪਟ ਦਾ ਹਿੱਸਾ ਹੁੰਦੇ ਹੋ। ਜਦ ਤੁਹਾਡੇ ਦਿਲੋ ਦਿਮਾਗ ਵਿੱਚ ਐਕਟਿੰਗ ਲਈ ਪਿਆਰ ਅਤੇ ਜਨੂਨ ਕੁਝ ਜ਼ਿਆਦਾ ਹੁੰਦਾ ਹੈ, ਉਸ ਸਮੇਂ ਇਸ ਤਰ੍ਹਾਂ ਦੀ ਨਰਵਸਨੈੱਸ ਹੋਣੀ ਕੁਦਰਤੀ ਹੈ।

* ਤੁਸੀਂ ਹਮੇਸ਼ਾ ਅਲੱਗ ਤਰ੍ਹਾਂ ਦੀ ਸਕ੍ਰਿਪਟ ਨੂੰ ਪ੍ਰਮੁੱਖਤਾ ਦਿੱਤੀ। ਇਹ ਸਭ ਕੁਝ, ਕਿਸ ਤਰ੍ਹਾਂ ਮੁਮਕਿਨ ਹੋ ਸਕਿਆ?

– ਮੈਂ 'ਵਿੱਕੀ ਡੋਨਰ' ਨਾਲ ਆਪਣੀ ਸ਼ੁਰੂਆਤ ਕਰਨ ਦੇ ਨਾਲ ਹੀ ਕਲੀਅਰ ਕਰ ਦਿੱਤਾ ਸੀ ਕਿ ਮੈਂ ਕਿੱਦਾਂ ਦੀਆਂ ਫਿਲਮਾਂ ਕਰਨਾ ਚਾਹੁੰਦੀ ਹਾਂ। ਸ਼ਾਇਦ ਇਸ ਮੈਸੇਜ ਕਾਰਨ ਮੈਨੂੰ 'ਬਦਲਾਪੁਰ', 'ਕਾਬਿਲ', 'ਉੜੀ : ਦ ਸਰਜੀਕਲ ਸਟਰਾਈਕ' ਅਤੇ 'ਬਾਲਾ' ਵਰਗੀਆਂ ਫਿਲਮਾਂ ਮਿਲੀਆਂ ਅਤੇ ਇਨ੍ਹਾਂ ਫਿਲਮਾਂ ਨੇ ਮੈਨੂੰ ਓਥੇ ਪਹੁੰਚਾਇਆ ਜਿੱਥੇ ਮੈਂ ਖੜ੍ਹੀ ਹਾਂ।

* ਅਜਿਹੀ ਫਿਲਮ ਦਾ ਇੰਤਜ਼ਾਰ ਕਦੋਂ ਤੋਂ ਸੀ, ਜਿਸ ਦਾ ਪੂਰਾ ਭਾਰ ਤੁਹਾਡੇ ਮੋਢਿਆਂ ਉੱਤੇ ਹੋਵੇ?

-ਇੰਤਜ਼ਾਰ ਸੀ ਵੀ ਅਤੇ ਨਹੀਂ ਵੀ। ਆਫਰ ਕਾਫੀ ਪਹਿਲਾਂ ਤੋਂ ਮਿਲੇ ਸੀ, ਪਰ ਮੈਨੂੰ ਲੱਗਾ ਕਿ ਜਾਂ ਉਹ ਸਹੀ ਆਫਰ ਨਹੀਂ ਸਨ ਜਾਂ ਸਹੀ ਮਕਸਦ ਨਾਲ ਨਹੀਂ ਬਣਾਏ ਜਾ ਰਹੇ ਸਨ। ਜਦ ਤੱਕ ਸਹੀ ਟੀਮ, ਕਹਾਣੀ, ਕਿਰਦਾਰ ਨਹੀਂ ਮਿਲਦਾ ਤਦ ਤੱਕ ਮੈਨੂੰ ਕੋਈ ਜਲਦੀ ਨਹੀਂ ਸੀ। ਸਾਲ 2020 ਵਿੱਚ ਲਾਕਡਾਊਨ ਦੌਰਾਨ ਇਹ ਸਕ੍ਰਿਪਟ ਮੇਰੇਕੋਲ ਆਈ। ਇਹ ਫਿਲਮ ਸਾਇਕੋਲਾਜੀਕਲ ਥ੍ਰਿਲਰ ਤੋਂ ਕਿਤੇ ਜ਼ਿਆਦਾ ਹੈ।

* ਤਾਂ ਕੀ ਅੱਜ ਤੁਸੀਂ ਸਿਰਫ ਆਪਣੀਆਂ ਸ਼ਰਤਾਂ ਉੱਤੇ ਕੰਮ ਕਰ ਰਹੇ ਹੋ?

– ਮੈਂ ਕੀ, ਇਸ ਇੰਡਸਟਰੀ ਵਿੱਚ ਕੋਈ ਵੀ ਅਜਿਹਾ ਕਲਾਕਾਰ ਨਹੀਂ ਹੈ, ਜੋ ਕੇਵਲ ਆਪਣੀਆਂ ਸ਼ਰਤਾਂ ਉੱਤੇ ਕੰਮ ਕਰ ਸਕੇ। ਤੁਹਾਡੇ ਕਈ ਫੈਸਲੇ ਅਜਿਹੇ ਹੁੰਦੇ ਹਨ, ਜੋ ਤੁਹਾਨੂੰ ਸਿਰਫ ਸਿਚੁਏਸ਼ਨ ਦੇਖ ਕੇ ਲੈਣੇ ਹੁੰਦੇ ਹਨ। ਖੈਰ, ਮੈਂ ਖੁਸ਼ ਹਾਂ ਕਿ ਮੇਰੇ ਕਰੀਅਰ ਵਿੱਚ ਮੈਨੂੰ ਜ਼ਿਆਦਾਤਰ ਸੈਂਸਟਿਵ ਰੋਲ ਨਿਭਾਉਣ ਦੇ ਮੌਕੇ ਮਿਲਦੇ ਰਹੇ। ਅੱਗੇ ਮੇਰੀ ਕੋਸ਼ਿਸ਼ ਇਹੀ ਹੋਵੇਗੀ ਕਿ ਮੈਂ 'ਉੜੀ : ਦ ਸਰਜੀਕਲ ਸਟਰਾਈਕ' ਅਤੇ 'ਬਾਲਾ' ਵਰਗੀਆਂ ਫਿਲਮਾਂ ਕਰਦੀ ਰਹਾਂ।

* 'ਏ ਥਰਸ-ਡੇ' ਪਹਿਲਾਂ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣੀ ਸੀ, ਪਰ ਇਸ ਦੇ ਰਿਲੀਜ਼ ਰਾਈਟਸ ਓ ਟੀ ਟੀ ਦੇ ਲਈ ਡਿਜ਼ਨੀ ਪਲੱਸ ਹੌਟਸਟਾਰ ਨੂੰ ਦਿੱਤੇ ਗਏ ਹਨ?

– ਹਾਲਾਂਕਿ ਹਅੱਜ ਤੱਕ ਇਸ ਦੀ ਆਫੀਸ਼ੀਅਲ ਅਨਾਊਂਸਮੈਂਟ ਨਹੀਂ ਹੋਈ ਹੈ, ਪਰ ਇਹ ਤੈਅ ਹੈ ਕਿ ਮੌਜੂਦਾ ਹਾਲਾਤਾਂ ਵਿੱਚ ਇਸ ਨੂੰ ਓ ਟੀ ਟੀ ਉੱਤੇ ਹੀ ਰਿਲੀਜ਼ ਕੀਤਾ ਜਾਏਗਾ।

* ਕਿਹਾ ਜਾਂਦਾ ਹੈ ਕਿ ਕਰੀਅਰ ਵਿੱਚ ਪਹਿਲੀ ਵਾਰ, ਇਸ ਫਿਲਮ ਵਿੱਚ ਤੁਸੀਂ ਗ੍ਰੇਅ ਸ਼ੇਡ ਕਰੈਕਟਰ ਨਿਭਾਇਆ ਹੈ?

– ਫਿਲਮ ਦੀ ਕਹਾਣੀ ਨੈਨਾ ਜੈਸਵਾਲ ਨਾਂਅ ਦੀ ਅਜਿਹੀ ਪਲੇਅ ਸਕੂਲ ਟੀਚਰ ਦੇ ਬਾਰੇ ਹੈ, ਜੋ 16 ਬੱਚਿਆਂ ਨੂੰ ਬੰਦੀ ਬਣਾ ਲੈਂਦੀ ਹੈ। ਇਸ ਵਿੱਚ ਮੇਰਾ ਕਿਰਦਾਰ ਕੀ ਹੈ, ਇਸ ਬਾਰੇ ਫਿਲਹਾਲ ਕੁਝ ਨਹੀਂ ਦੱਸ ਸਕਦੀ। ਵੈਸੇ ਵੀ ਮੈਨੂੰ ਆਪਣੇ ਕਿਰਦਾਰਾਂ ਦੇ ਜ਼ਰੀਏ ਲੋਕਾਂ ਨੂੰ ਸਰਪ੍ਰਾਈਜ਼ ਕਰਨਾ ਸਭ ਤੋਂ ਵਧੀਆ ਲੱਗਦਾ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE $1,749,900 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE $1,950,000 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

IMMIGRATION SERVICES INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
We specialize in Humanitarian and Compassionate Applications
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

Top 1% Broker

Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON

BRAND NEW HOUSE FOR SALE ON ASSIGNMENT (IN CALEDON)

ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੇਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੇਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON

Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON

Sold, $1,280,000

$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON

24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON

Sold, $ 1,130,000

34 Winterfold Dr

CREDITVIEW & BOVAIRD (MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।

Sold, $ 2.3 M

Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM

JVS TORONTO

# Job Search Workshop for Newcomers



## Looking for information on how to enter your field in Canada?

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

**New registrants must have an assessment prior to the start of the program.**

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada
Financé par : Immigration, Réfugiés et Citoyenneté Canada

United Way Greater Toronto

UJA FEDERATION of Greater Toronto



ASIAN FOOD CENTRE

# Family Day SALE

www.AsianFoodCentre.com

18TH FEB TO 1ST MAR 2022

Fresh Fruits, Vegetables, Indian & Canadian Grocery

- $9.99 EA REG.$12.99 — GOLDEN TEMPLE ATTA (YELLOW BAG)
- $11.99 EA REG.$13.99 — TAJ ATTA
- $15.99 1L REG.$17.99 — BIKANERI ALMOND OIL
- $1.79 1G REG.$2.29 — SAFFRON
- $8.99 8LB REG.$10.99 — ASIAN BASMATI RICE
- $6.99 8LB REG.$11.99 — AFC SILVER RICE
- $8.99 10LB REG.$10.99 — AFC GOLD RICE
- $3.49 2.1L REG.$ 4.49 — FRUITI-O ASST JUICE
- $3.79 LB REG.$4.99 — ASIAN BESAN
- $6.99 8LB REG.$8.99 — TASTY BROWN SUGAR
- $4.99 2.25LB REG.$6.99 — TASTY ASSORTED COOKIES
- $3.49 800G REG.$4.49 — INDIAN ROOHAFZA
- $0.99 +TAX REG.$1.49 — HALDIRAM SOUTH MIXTURE
- $3.99 1000GM REG.$5.99 — PRAN ASSORTED BISCUIT
- $0.99 200G — ASIAN SOYA GRANULES
- $2.49 600GM REG.$3.99 — CAVENDISH PATTIES
- $1.29 400G REG.$1.99 — EMIRATES NEST PASTA
- $6.99 300ML REG.$7.99 — VATIKA CACTUS/ARGAN OIL
- $6.99 1L REG.$7.99 — DABUR MUSTARD OIL
- $7.99 500ML REG.$8.99 — KTC ALMOND OIL
- $4.99 2.5LB REG.$5.99 — BIKANERI COOKIES
- $1.79 EA — THAKAR ASST PARATHA
- $4.49 600GM REG.$5.99 — BIKANO SUJI RUSK
- $1.49 340GM REG.$2.49 — PRAN ASST KETCHUP
- $1.99 400GM REG.$2.49 — ASHOKA FROZEN ASST PRANTHA
- 2 FOR $1 EA REG.$1.49 — BRITTANIA GOODDAY CHUNKIES
- $3.29 560GM REG.$4.49 — BRITANNIA SUJI/MILK RUSK
- $4.99 200ML REG.$5.99 — PATANJALI ASST SHAMPOO
- 3 FOR $1 75GM REG.$0.59EA — YIPPEE MASALA NOODLES
- $3.49 +TAX REG.$4.99 — PALMOLIVE DISHWASHER (828ML)
- $1.49 EA REG.$1.99 — BRITTANIA TIGER GLUCOSE BISCUIT (600GM)
- $0.99 240GM REG.$1.99 — PRAN BISK LEXUS VEGETABLE CRACKER
- $2.29 50GM REG.$ 2.99 — LG HING POWDER
- $2.29 250GM REG.$2.99 — HALDIRAM'S SOAN PAPDI
- $3.99 400G REG.$4.99 — BIKANO DRY PETHA
- $1.79 796ML REG.$2.29 — MR GOUDAS CHICK PEAS
- $0.99 (340G) EA — CIAN FRESH CUT VEGETABLES (CUT OKRA, WHOLE OKRA, SPINACH, GREEN PEAS, CARROT DICE)
- $4.99 800G REG.$5.99 — POPULAR SOYA CHAAP
- $1.99 1L REG.$ 2.99 — DABUR REAL MANGO JUICE
- 2 FOR $1 250ML REG.$1.99 — PRAN MANGO JUICE
- $1.99 1L REG.$2.99 — FROOTI MANGO DRINK
- $1.79 375GM REG.$2.99 — PRAN ASST JAM/JELLY
- $1.79 300ML REG.$ 3.29 — PRAN ASST CHUTNEY
- $1.29 250G REG.$1.79 — PRAN FLATTENED RICE (POHA)
- 2 FOR $1 97G-120GM REG.$1.99 — BRITANNIA CREAM TREAT
- $0.69 75GM REG.$0.99 — BRITANNIA GOODDAY COOKIES
- $1.49 260G REG.$2.49 — PRAN BISK CLUB MARIE BISCUIT



VARIETIES OF SWEETS AVAILABLE

| ETOBICOKE | MISSISSAUGA | BRAMPTON | BRAMPTON | BRAMPTON |
|---|---|---|---|---|
| 10 Westmore Dr. 416-740-3262 MEAT SHOP AVAILABLE | 1075 Ceremonial Dr. 905-502-1600 MEAT SHOP AVAILABLE | 621 Wanless Dr. 905-495-3336 MEAT SHOP AVAILABLE | 2120 N Park Dr. 905-793-1338 MEAT SHOP AVAILABLE | 80 Pertosa Dr. 905-460-0009 |

| BRAMPTON | BRAMPTON | BRAMPTON | TOLL FREE |
|---|---|---|---|
| 40 Airport RD & Lacoste Blvd. 905-794-8109 MEAT SHOP AVAILABLE | 10510 Torbram Rd. 905-790-0030 | 10 Pannahill Dr. 905-913-8017 MEAT SHOP AVAILABLE | 1-800-708-9232 |

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media